38ਵਾਂ ਵਰ੍ਹਾ

TARKSHEEL SOCIETY PUNJAB (REGD.)
BE RATIONALIST

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਮਾਰਚ-ਅਪ੍ਰੈਲ 2024

...ਕੀ ਆਤਮ ਨਿਰਭਰਤਾ ਵੱਲ ਵਧੇਗਾ ਭਾਰਤ? (36)

ਅੰਤਰ ਝਾਤ:



ਵਿਗਿਆਨ ਦੇ ਸਮਿਆਂ 'ਚ... (2)



ਸਵਿੱਤਰੀ ਬਾਈ ਫੂਲੇ (31)

30



ਜੇ ਤੁਸੀਂ ਚਾਹੁੰਦੇ ਹੋ 'ਬੱਚਿਆਂ' ਦਾ 'ਅਧਿਆਪਕ' ਬਨਣਾ (11)



ਹਿੰਮਤ ਦਾ ਦੂਜਾ ਨਾਂ - ਵਿਲਮਾ ਰੁਡੋਲਫ (13)

ਅਵਾਮ ਦੀ ਤਾਕਤ ਸਾਹਮਣੇ ਕੋਈ ਸ਼ੈਅ ਨਹੀਂ ਖਲੋ ਸਕਦੀ–ਫ਼ਖ਼ਰ ਜ਼ਮਾਨ

ਤੂਫ਼ਾਨਾਂ ਨੇ ਕਦੇ ਮਾਤ ਨਹੀਂ ਖਾਧੀ

ਹਵਾ ਦੇ ਰੁਖ਼ ਬਦਲਣ 'ਤੇ
ਬੜੇ ਨੱਚੇ, ਬੜੇ ਟੱਪੇ
ਜਿਨ੍ਹਾਂ ਦੇ ਸ਼ਾਮਿਆਨੇ ਡੋਲ ਚੁੱਕੇ ਸਨ
ਉਨ੍ਹਾਂ ਐਲਾਨ ਕਰ ਦਿੱਤਾ
ਕਿ ਰੁਖ਼ ਹੁਣ ਸ਼ਾਂਤ ਹੋ ਗਏ ਹਨ
ਕਿ ਹੁਣ ਤੂਫ਼ਾਨ ਦਾ ਦਮ ਟੁੱਟ ਚੁੱਕਿਆ ਹੈ –

ਜਿਵੇਂ ਕਿ ਜਾਣਦੇ ਨਾ ਹੋਣ
ਐਲਾਨਾਂ ਦਾ ਤੂਫ਼ਾਨਾਂ ਉੱਤੇ ਕੋਈ ਅਸਰ ਨਹੀਂ ਹੁੰਦਾ
ਜਿਵੇਂ ਕਿ ਜਾਣਦੇ ਨਾ ਹੋਣ
ਤੂਫ਼ਾਨਾਂ ਦੀ ਵਜ੍ਹਾ ਰੁੱਖ ਹੀ ਨਹੀਂ ਹੁੰਦੇ
ਸਗੋਂ ਉਹ ਹੁੱਟ ਹੁੰਦਾ ਹੈ
ਜਿਹੜਾ ਧਰਤੀ ਦਾ ਮੁੱਖੜਾ ਰੋਲ ਦਿੰਦਾ ਹੈ

ਜਿਵੇਂ ਕਿ ਜਾਣਦੇ ਨਾ ਹੋਣ
ਉਹ ਹੁੰਮਸ ਬਹੁਤ ਗਹਿਰਾ ਸੀ
ਜਿੱਥੋਂ ਤੂਫ਼ਾਨ ਜੰਮਿਆ ਸੀ
ਸੁਣੋਂ ਓ ਭਰਮ ਦੇ ਪੁੱਤੋ
ਹਵਾ ਨੇ ਦਿਸ਼ਾ ਬਦਲੀ ਹੈ
ਹਵਾ ਬੰਦ ਨਹੀਂ ਹੋ ਸਕਦੀ

ਜਦੋਂ ਤੱਕ ਧਰਤ ਦਾ ਮੁਖੜਾ
ਟਹਿਕ ਗੁਲਜ਼ਾਰ ਨਹੀਂ ਹੁੰਦਾ
ਤੁਹਾਡੇ ਸ਼ਾਮਿਆਨੇ ਅੱਜ ਵੀ ਡਿੱਗੇ
ਭਲਕ ਵੀ ਡਿੱਗੇ
ਹਵਾ ਏਸੇ ਦਿਸ਼ੇ 'ਤੇ ਫੇਰ ਵਗਣੀ ਹੈ
ਤੂਫ਼ਾਨਾਂ ਨੇ ਕਦੀ ਵੀ ਮਾਤ ਨਹੀਂ ਖਾਧੀ



ਪਾਸ਼



ਪਿੰਡ ਸੰਘੇ ਖਾਲਸਾ (ਜਲੰਧਰ) ਦਾ ਇੰਗਲੈਂਡ ਵਸਦਾ ਪੁੱਤਰ ਨਿਰਮਲ ਸਿੰਘ ਸੰਘਾ। ਆਪਣੇ ਪਿੰਡ ਦੀ ਮਿੱਟੀ ਨਾਲ ਜੁੜਿਆ। ਵਾਤਾਵਰਣ ਪ੍ਰੇਮੀ, ਖੇਡ ਪ੍ਰਮੋਟਰ, ਲੇਖਕਾਂ, ਤਰਕਸ਼ੀਲਾਂ ਤੇ ਦੇਸ਼ ਭਗਤਾਂ ਦਾ ਕਦਰਦਾਨ, ਉੱਘਾ ਸਮਾਜ ਸੇਵੀ, ਆਪਣੇ ਪਿੰਡ ਤੇ ਸਮਾਜ ਨੂੰ ਬੁਲੰਦੀ 'ਤੇ ਲਿਜਾਣਾ ਲੋਚਦਾ। ਤਰਕਸ਼ੀਲ ਚੇਤਨਾ ਦਾ ਹਾਮੀ। ਆਪਣੇ ਇਸ ਸੰਗੀ ਸਨੇਹੀ, ਕਰਮਯੋਗੀ ਦੇ ਸਦਾ ਲਈ ਤੁਰ ਜਾਣ 'ਤੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਸਾਥੀ ਨਿਰਮਲ ਸਿੰਘ ਸੰਘਾ ਦੀ ਜੀਵਨ ਘਾਲਣਾ ਨੂੰ ਸਲਾਮ ਕਰਦੇ ਹਾਂ। ...ਅਦਾਰਾ

" ਸਿਰਫ਼ ਆਪਣੇ ਪਰਿਵਾਰ ਲਈ ਜੀਣਾ ਘ੍ਰਿਣਤ ਨਿੱਜਵਾਦ ਹੈ, ਅਤੇ ਸਿਰਫ਼ ਖ਼ੁਦ ਲਈ ਜੀਣਾ ਨਿਰਲੱਜਤਾ।"
- ਨਿਕੋਲਾਈ ਉਸਤ੍ਰੋਵਸਕੀ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ, ਪਾਲ ਬਾਗਪੁਰ
ਰਾਜਪਾਲ ਸਿੰਘ, ਜਸਵੰਤ ਮੋਹਾਲੀ
ਸੁਖਦੇਵ ਧੂਰੀ, ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ, ਵਿਸ਼ਵ ਕਾਂਤ
ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਰਾਜ ਪਾਲ ਸਿੰਘ

ਵਿਦੇਸ਼ੀ ਪ੍ਰਤੀਨਿਧ
ਅਵਤਾਰ ਬਾਈ ਕੈਨੇਡਾ
ਪ੍ਰਧਾਨ TRSC (+1-672-558-5757)
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ, ਬਲਦੇਵ ਰਹਿਪਾ ਟਰਾਂਟੋ

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।


ਤਰਤੀਬ

ਸੰਪਾਦਕੀ

ਰਾਜਸਥਾਨ ਵਿੱਚ ਬੂੰਦੀ ਵਿਖੇ ਇੱਕ ਢੋਂਗੀ ਸਾਧ ਵੱਲੋਂ 'ਦੇਵਤੇ' ਨੂੰ ਖੁਸ਼ ਕਰਨ ਦੇ ਨਾਮ 'ਤੇ ਚਾਰ ਦਲਿਤ ਔਰਤਾਂ ਨੂੰ ਪੈਸੇ ਦੁੱਗਣੇ ਕਰਨ, ਅਤੇ ਇੱਕ-ਪੁੱਤਰ-ਹੀਣ ਨੂੰ ਪੁੱਤਰ ਹੋਣ ਦਾ 'ਆਸ਼ੀਰਵਾਦ' ਦੇਣ ਦੀ ਆੜ ਵਿੱਚ ਗੁੰਮਰਾਹ ਕਰਕੇ ਉਹਨਾਂ ਨਾਲ ਬਲਾਤਕਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਗੰਗਾ ਨਦੀ ਦੇ ਠਰੇ ਹੋਏ ਪਾਣੀ ਵਿੱਚ ਇੱਕ ਤਾਂਤ੍ਰਿਕ ਵੱਲੋ ਦੱਸੇ 'ਉਪਾਅ' ਅਧੀਨ ਆਪਣੇ 7 ਸਾਲਾਂ ਬੱਚੇ ਨੂੰ ਬਲੱਡ ਕੈਂਸਰ ਦੀ ਬੀਮਾਰੀ ਤੋਂ ਬਚਾਉਣ ਲਈ ਨਹਾਉਣ ਹਿੱਤ ਵਾਰ-ਵਾਰ ਫੜ੍ਹ ਕੇ ਡੁਬਕੀਆਂ ਲਗਵਾਉਂਦੀ ਹੋਈ ਇੱਕ ਮਾਂ ਦੀ ਤਸਵੀਰ ਸਭ ਨੇ ਟੀ.ਵੀ. ਦੇ ਵੱਖ-ਵੱਖ ਚੈਨਲਾਂ 'ਤੇ ਵੇਖੀ ਹੋਵੇਗੀ, ਜਿਸ ਦਾ ਸਿੱਟਾ ਇੱਕ ਮਾਂ ਦੇ ਪਿਆਰੇ ਬੱਚੇ ਦੀ ਮੌਤ ਵਿੱਚ ਨਿਕਲਦਾ ਹੈ। ਪੰਜਾਬ ਦੇ ਸ਼ਹਿਰ ਸਮਾਣਾ ਲਾਗਲੇ ਪਿੰਡ ਕਲਵਾਣੂੰ ਨੇੜੇ ਭਾਖੜਾ ਨਹਿਰ 'ਚ ਧਾਰਮਿਕ ਭਾਵਨਾ ਅਧੀਨ ਨਾਰੀਅਲ 'ਚੜਾਉਣ' ਵੇਲੇ ਇੱਕ ਔਰਤ ਆਪਣੇ ਡੇਢ ਸਾਲਾਂ ਬੱਚੇ ਸਮੇਤ ਪੈਰ ਤਿਲਕਣ ਕਾਰਣ ਨਹਿਰ ਵਿੱਚ ਡੁੱਬ ਕੇ ਮੌਤ ਦਾ ਸ਼ਿਕਾਰ ਹੋ ਗਈ ਹੈ। ਵਸ਼ੀਕਰਨ ਦੇ ਢੌਂਗ ਰਾਹੀਂ ਜੋਤਿਸ਼ੀ ਸੁਨੀਲ ਕੁਮਾਰ ਵੱਲੋਂ ਪਠਾਨਕੋਟ ਦੇ ਮੁਹੱਲਾ ਸ਼ਾਸਤਰੀ ਨਗਰ ਵਿੱਚ ਰਹਿੰਦੀ ਇੱਕ ਔਰਤ ਸਰਿਤਾ ਅਤੇ ਉਸ ਦੀ ਬੇਟੀ ਤੋਂ ਉਹਨਾਂ ਦੀ ਮਨੋਂ-ਇੱਛਾ ਨੂੰ ਪੂਰਾ ਕਰਨ ਲਈ 'ਹਵਨ ਸਮੱਗਰੀ' ਮੰਗਵਾ ਕੇ ਧੂਣੀ ਦੀ ਅੱਗ ਰਾਹੀਂ ਉਹਨਾਂ ਨੂੰ ਬੇਹੋਸ਼ ਕਰਕੇ ਕਤਲ ਕਰ ਦਿੱਤਾ ਗਿਆ। ਮਕਸਦ ਉਹਨਾਂ ਨੂੰ ਮਾਰਣ ਉਪਰੰਤ ਉਹਨਾਂ ਦੇ ਗਹਿਣੇ ਅਤੇ ਨਕਦੀ ਲੁੱਟ ਕੇ ਫਰਾਰ ਹੋਣਾ ਸੀ ਜਿਸ ਵਿੱਚ ਉਹ ਸਫ਼ਲ ਵੀ ਰਿਹਾ, ਇਹ ਵੱਖਰੀ ਗੱਲ ਹੈ ਕਿ 18 ਸਾਲ ਪਹਿਲਾਂ ਵਾਪਰੀ ਇਸ ਘਟਨਾ ਵਿੱਚ ਉਹ ਹੁਣ ਪੁਲਿਸ ਦੇ ਅੜਿੱਕੇ ਆ ਗਿਆ। ਇਹ ਕੁੱਝ ਚੋਣਵੀਆਂ ਘਟਨਾਵਾਂ ਜਿੰਨ੍ਹਾਂ ਦਾ ਵਿਸਥਾਰਤ ਵਰਨਣ ਮੈਗਜ਼ੀਨ ਦੇ ਇਸੇ ਅੰਕ ਦੇ ਵੱਖ ਵੱਖ ਲੇਖਾਂ ਵਿੱਚ ਹੈ, 'ਵਿਸ਼ਵ ਗੁਰੂ' ਭਾਰਤ ਵਿੱਚ ਹੀ ਵਾਪਰੀਆਂ ਹਨ। ਕਿਸ ਕਦਰ ਇਸ ਲੋਕ ਵਿਰੋਧੀ ਪ੍ਰਬੰਧ ਨੇ ਅੱਜ ਵੀ ਲੋਕਾਂ ਦੀ ਚੇਤਨਾ ਨੂੰ ਵਿਕਸਤ ਨਹੀਂ ਹੋਣ ਦਿੱਤਾ, ਇਹ ਅਸੀਂ ਇਹਨਾਂ ਦਰਦਨਾਕ ਘਟਨਾਵਾਂ, ਤੋਂ ਜਾਣ ਸਕਦੇ ਹਾਂ। ਸਿਰਫ਼ ਤੇ ਸਿਰਫ਼ ਤਕਨੀਕ, ਸੁਖ ਸਹੂਲਤਾਂ ਦਾ ਵਿਕਸਤ ਹੋ ਜਾਣਾ ਵਿਗਿਆਨਕ ਵਿਕਾਸ ਨਹੀਂ ਹੁੰਦਾ। ਕਿਸੇ ਦੇਸ਼ ਦੇ ਵਿਗਿਆਨਕ ਵਿਕਾਸ ਦਾ ਅਸਲੀ ਮਾਪਦੰਡ ਇਹ ਹੈ ਕਿ ਉੱਥੋਂ ਦੇ ਨਾਗਰਿਕਾਂ ਦਾ ਸੋਚਣ ਢੰਗ ਕਿੰਨਾ ਕੁ ਵਿਗਿਆਨਕ ਹੋਇਆ ਹੈ। ਅੱਜ ਵੀ ਜੇ ਲੋਕ ਅੰਧਵਿਸ਼ਵਾਸਾਂ, ਧਾਰਮਿਕ ਢੌਂਗਾਂ, ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਕੇ ਮਰ ਰਹੇ ਹਨ, ਲੁੱਟੇ ਜਾ ਰਹੇ ਹਨ ਤਾਂ ਇਸ ਦੇ ਜ਼ਿੰਮੇਵਾਰ ਉਹ ਨਹੀਂ ਹਨ, ਸਗੋਂ ਇੱਥੋਂ ਦਾ ਪ੍ਰਬੰਧ/ਸਰਕਾਰਾਂ ਹਨ ਜਿਹਨਾਂ ਨੇ ਉਹਨਾਂ ਦੀ ਸੋਚਣੀ ਨੂੰ ਆਪਣੇ ਰਾਜਸੀ ਹਿਤਾਂ ਨੂੰ ਸਾਧਣ ਵਾਸਤੇ ਵਿਗਿਆਨਕ ਹੋਣ ਹੀ ਨਹੀਂ ਦਿੱਤਾ। ਸਰਕਾਰਾਂ ਵੱਲੋਂ ਧਾਰਮਿਕ ਯਾਤਰਾਵਾਂ ਦੇ ਆਯੋਜਨ, ਧਾਰਮਿਕ ਆਯੋਜਨਾਂ ਦੀ ਸਰਪ੍ਰਸਤੀ ਆਦਿ ਲਈ ਸਰਕਾਰੀ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਤਾਂ ਜੋ ਲੋਕ ਆਪਣੀ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਦੇ ਅਸਲੀ ਕਾਰਣਾਂ ਨੂੰ ਨਾ ਸਮਝ ਸਕਣ। ਹਾਕਮ ਭਲੀ ਭਾਂਤ ਜਾਣਦੇ ਹਨ ਕਿ ਲੋਕਾਂ ਦੀ ਅਗਿਆਨਤਾ ਵਿੱਚ ਹੀ ਉਹਨਾਂ ਦੀ ਉਮਰ ਲੰਬੀ ਹੈ। ਇਸੇ ਲਈ ਉਹ ਜੇ ਕੋਈ ਸੁਚੇਤ ਨਾਗਰਿਕ, ਸੰਸਥਾ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਅਧੀਨ ਆਪਣੇ ਤੌਰ 'ਤੇ ਲੋਕਾਂ ਦੀ ਸੋਚ ਵਿਗਿਆਨਕ ਬਨਾਉਣ ਦਾ ਤਹੱਈਆ ਕਰਦੀ ਹੈ ਤਾਂ ਉਸ 'ਤੇ ਧਾਰਾ 295 ਏ ਠੋਕਦੇ ਹਨ। ਵਿਗਿਆਨਕ ਸੋਚ ਦਾ ਪ੍ਰਚਾਰ-ਪ੍ਰਸਾਰ ਇੰਨ੍ਹਾਂ ਹਾਕਮਾਂ ਨੂੰ ਕਿਸੇ ਤਰ੍ਹਾਂ ਵੀ ਵਾਰਾ ਨਹੀਂ ਖਾਂਦਾ, ਪਰ ਆਓ ਆਪਾਂ ਧਾਰਮਿਕ 'ਲਬਾਦੇ' ਹੇਠ ਛੁਪੇ ਇਹਨਾਂ ਲੋਕ ਵਿਰੋਧੀ ਲੁਟੇਰੇ ਹਾਕਮਾਂ ਦੇ ਅਸਲੀ ਚਿਹਰਿਆਂ ਨੂੰ ਬੇਪਰਦ ਕਰਦੇ ਹੋਏ ਕਿਸੇ ਵੀ ਤਰ੍ਹਾਂ ਦੀਆਂ ਧਾਰਾਵਾਂ ਲਾਏ ਜਾਣ ਦਾ ਡਰ ਲਾਹੁੰਦੇ ਹੋਏ, ਵਿਗਿਆਨਕ ਲੋਕ ਲਹਿਰ ਦੀ ਉਸਾਰੀ ਕਰੀਏ। ਇਹ ਸਿਖਿਅਤ ਜਨਤਾ ਇਹਨਾਂ ਧਾਰਾਵਾਂ ਨੂੰ ਵੀ ਹਰ ਹਾਲਤ ਰੱਦ ਕਰਵਾ ਦੇਵੇਗੀ। ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ।

ਸਮਾਜਿਕ ਵਰਤਾਰਾ

ਵਿਗਿਆਨ ਦੇ ਸਮਿਆਂ 'ਚ ਅੰਨ੍ਹੀ ਸ਼ਰਧਾ ਦਾ ਭਰਮ ਜਾਲ



ਗੁਰਬਿੰਦਰ ਸਿੰਘ ਮਾਣਕ

ਇਹ ਬਹੁਤ ਹੀ ਦੁਖਦਾਈ ਵਰਤਾਰਾ ਹੈ ਕਿ ਅਜੋਕੇ ਵਿਗਿਆਨ ਤੇ ਤਕਨਾਲੋਜੀ ਦੇ ਹੈਰਾਨਕੁੰਨ ਵਿਕਾਸ ਦੇ ਬਾਵਜੂਦ ਭਾਰਤੀ ਲੋਕਾਂ ਦੀ ਵੱਡੀ ਗਿਣਤੀ ਅੱਜ ਵੀ ਗ਼ੈਰ-ਵਿਗਿਆਨਕ ਤੇ ਤਰਕਹੀਣ ਸੋਚਾਂ ਦੇ ਰਾਹ ਪਈ ਹੋਈ ਹੈ। ਅਖਾਉਤੀ ਬਾਬਿਆਂ, ਤਾਂਤਰਿਕਾਂ ਤੇ ਲੋਕਾਂ ਦੀ ਸੋਚ ਨੂੰ ਖੁੰਡਾ ਕਰਨ ਵਾਲੇ ਡੇਰਿਆਂ ਨੇ ਪੂਰੇ ਸਮਾਜ ਵਿੱਚ ਆਪਣਾ ਭਰਮਜਾਲ ਵਿਛਾਇਆ ਹੋਇਆ ਹੈ। ਸ਼ਰਧਾਵਾਨਾਂ ਦੀਆਂ ਭੀੜਾਂ ਦਾ ਕੋਈ ਪਾਰਾਵਾਰ ਨਹੀਂ। ਕੁੱਝ ਸਾਲਾਂ ਵਿਚ ਹੀ ਸ਼ਰਧਾਲੂਆਂ ਦੀ ਅੰਨ੍ਹੀ ਲੁੱਟ ਨਾਲ ਡੇਰਿਆਂ ਦਾ 'ਕਾਰੋਬਾਰ' ਏਨਾ ਫੈਲ ਜਾਂਦਾ ਕਿ ਬੰਦਾ ਹੈਰਾਨ ਹੋਏ ਬਿਨ੍ਹਾਂ ਨਹੀਂ ਰਹਿ ਸਕਦਾ। ਇਹ ਹੋਰ ਵੀ ਹੈਰਾਨ ਕਰਨ ਵਾਲੀ ਸਥਿਤੀ ਹੈ ਕਿ ਆਪਣੇ ਕਾਲੇ ਕਾਰਨਾਮਿਆਂ ਦੀ ਬਦੌਲਤ ਅਪਰਾਧੀ ਬਣੇ ਬਹੁਤੇ ਸਾਧ ਹੁਣ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹਨ, ਪਰ ਸ਼ਰਧਾਵਾਨਾਂ ਦੀਆਂ ਅੱਖਾਂ 'ਤੇ ਅਜੇ ਵੀ ਭਰਮ ਦੀ ਪੱਟੀ ਬੱਝੀ ਹੋਈ ਹੈ।

ਅਖਾਉਤੀ ਬਾਬਿਆਂ ਵੱਲੋਂ ਫੈਲਾਏ 'ਮਾਇਆ ਜਾਲ' ਤੇ ਸ਼ਰਧਾਵਾਨਾਂ ਨਾਲ ਧ੍ਰੋਹ ਕਮਾਉਣ ਵਾਲਿਆਂ ਵਿੱਚ ਅਨੇਕਾਂ ਸਾਧ ਸ਼ਾਮਲ ਹਨ। ਸਿਰਸੇ ਵਾਲੇ ਰਾਮ ਰਹੀਮ ਦਾ ਮਾਮਲਾ ਤਾਂ ਅਜੇ ਬਹੁਤਾ ਪੁਰਾਣਾ ਨਹੀਂ ਹੋਇਆ। ਆਸਾ ਰਾਮ ਤੇ ਉਸ ਦੇ ਪੁੱਤਰ ਨਰਾਇਣ ਸਵਾਮੀ ਵੀ ਕਾਲੇ ਧੰਦਿਆਂ ਦਾ ਪਰਦਾਫਾਸ਼ ਹੋਣ ਤੋਂ ਬਾਅਦ ਸਲਾਖਾਂ ਪਿੱਛੇ ਬੰਦ ਹਨ।

ਸ਼ਰਧਾਲੂਆਂ ਦੀ ਅੰਨ੍ਹੀ ਲੁੱਟ ਕਰਕੇ ਉਸਾਰੇ ਇਹ ਮਹਿਲ-ਨੁਮਾ ਡੇਰੇ ਇਨ੍ਹਾਂ ਅਖਾਉਤੀ ਬਾਬਿਆਂ ਦੀ ਨਿੱਜੀ 'ਸਲਤਨਤ' ਦੇ ਸਮਾਨ ਕਹੇ ਜਾ ਸਕਦੇ ਹਨ। ਵੱਡੇ-ਵੱਡੇ ਸਿਆਸੀ ਨੇਤਾ ਅਜਿਹੇ ਬਾਬਿਆਂ ਦੇ ਪੈਰਾਂ 'ਤੇ ਸਿਰ ਰੱਖ ਕੇ ਮੱਥੇ ਰਗੜਦੇ ਦੇਖੇ ਜਾ ਸਕਦੇ ਹਨ। ਜਿਵੇਂ ਸਿਰਸਾ ਕਾਂਡ ਨੇ ਡੇਰੇ ਦੀ ਅੰਦਰਲੀ ਗਲਾਜ਼ਤ ਨੂੰ ਨੰਗਾ ਕੀਤਾ। ਲੋਕ ਦੰਦਾਂ ਹੇਠ ਜੀਭ ਦੇਣ ਲਈ ਮਜਬੂਰ ਹੋ ਗਏ ਸਨ। ਇਨ੍ਹਾਂ ਦੇ ਕਾਲੇ ਕਾਰਨਾਮਿਆਂ ਦੀਆਂ ਪਰਤਾਂ ਖੁੱਲ੍ਹਣ ਨਾਲ ਹਰ ਸੰਵੇਦਨਸ਼ੀਲ ਵਿਅਕਤੀ ਦਾ ਮਨ ਨਫ਼ਰਤ, ਗੁੱਸੇ ਤੇ ਦਰਦ ਨਾਲ ਤੜਪ ਉੱਠਿਆ ਸੀ। ਲੋਕ ਇਸ ਗੱਲੋਂ ਅਚੰਭਿਤ ਸਨ ਕਿ ਡੇਰਾ ਮੁਖੀ ਧਾਰਮਿਕ ਲਬਾਦੇ ਹੇਠ ਅਜਿਹੇ ਨਜਾਇਜ਼ ਤੇ ਅਨੈਤਿਕ ਕੰਮ ਕਿਵੇਂ ਬੇਰੋਕ ਟੋਕ ਕਰਦੇ ਰਹੇ। ਸਿਆਸੀ ਨੇਤਾਵਾਂ ਤੇ ਪੁਲਸ ਪ੍ਰਸ਼ਾਸਨ ਦੀ ਪੁਸ਼ਤਪਨਾਹੀ ਵੀ ਉਸ ਨੂੰ ਪੂਰੀ ਤਰ੍ਹਾਂ ਹਾਸਲ ਰਹੀ। ਇਸ ਤਰ੍ਹਾਂ ਹੀ ਆਸਾ ਰਾਮ ਨੇ ਸ਼ਰਧਾਲੂਆਂ ਨੂੰ ਦੋਹੀਂ ਹੱਥੀਂ ਲੁੱਟ ਕੇ 400 ਆਸ਼ਰਮਾਂ ਵਾਲਾ ਅਜਿਹਾ 'ਸਾਮਰਾਜ' ਸਿਰਜਿਆ, ਜਿੱਥੇ ਉਹ ਮਨ-ਆਈਆਂ ਕਰਦਾ ਰਿਹਾ। ਦਸ ਹਜ਼ਾਰ ਕਰੋੜ ਦੀ ਜਾਇਦਾਦ ਦੇ ਮਾਲਕ ਇਸ ਅਖਾਉਤੀ ਸਾਧ ਦੇ ਕਾਲੇ ਕਾਰਨਾਮਿਆਂ ਦਾ ਸੱਚ ਵੀ ਹੁਣ ਉਜਾਗਰ ਹੋ ਚੁੱਕਾ ਹੈ। ਇਹ ਪਿਉ-ਪੁੱਤ ਵੀ ਜਬਰ ਜਨਾਹ ਦੇ ਦੋਸ਼ੀ ਪਾਏ ਗਏ ਹਨ।

ਸੰਵਿਧਾਨ ਅਨੁਸਾਰ ਦੇਸ਼ ਦੇ ਹਰ ਨਾਗਰਿਕ ਨੂੰ ਕਿਸੇ ਵੀ ਧਰਮ ਨੂੰ ਮੰਨਣ ਜਾਂ ਧਾਰਮਿਕ ਰਹੁ-ਰੀਤਾਂ ਨਿਭਾਉਣ ਦੀ ਆਜ਼ਾਦੀ ਹੈ। ਭਾਰਤ ਕਈ ਧਰਮਾਂ, ਅਨੇਕਾਂ ਵਿਸ਼ਵਾਸਾਂ, ਅਨੇਕਾਂ ਸੱਭਿਆਚਾਰਕ ਰੀਤਾਂ, ਵੱਖੋ-ਵੱਖਰੀਆਂ ਪੂਜਾ ਵਿਧੀਆਂ, ਅਨੇਕਾਂ ਬੋਲੀਆਂ, ਖਾਣ-ਪੀਣ ਦੇ ਵਖਰੇਵਿਆਂ ਅਤੇ ਅਨੇਕਾਂ ਹੋਰ ਵਿਲੱਖਣਤਾਵਾਂ ਦੇ ਰੰਗ ਵਿਚ ਰੰਗਿਆ ਦੇਸ਼ ਹੈ। ਸੰਸਾਰ ਦੇ ਮੁੱਖ ਧਰਮ ਹਿੰਦੂ, ਮੁਸਲਿਮ, ਈਸਾਈ, ਸਿੱਖ, ਜੈਨੀ ਤੇ ਪਾਰਸੀ ਧਰਮਾਂ ਨੂੰ ਮੰਨਣ ਵਾਲਿਆਂ ਦੀ ਬਹੁਤ ਵੱਡੀ ਗਿਣਤੀ ਭਾਰਤ ਵਿੱਚ ਵਸੀ ਹੋਈ ਹੈ। ਇਸ ਤੋਂ ਬਿਨ੍ਹਾਂ ਇਸ ਦੇਸ਼ ਵਿੱਚ ਦੇਵੀ ਦੇਵਤਿਆਂ ਦੀ ਗਿਣਤੀ ਵੀ ਕਰੋੜਾਂ ਵਿੱਚ ਹੈ। ਕਰੋੜਾਂ ਲੋਕ ਅੱਜ ਵੀ ਅਗਿਆਨਤਾ ਦੇ ਗੂੜ੍ਹੇ ਹਨ੍ਹੇਰੇ ਵਿੱਚ ਵਿਚਰਦੇ ਦੇਖੇ ਜਾ ਸਕਦੇ ਹਨ। ਪਿੰਡਾਂ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਖੁੱਲ੍ਹੇ ਬਾਬਿਆਂ ਦੇ ਡੇਰਿਆਂ, ਤਾਂਤਰਿਕਾਂ ਦੇ ਅੱਡਿਆਂ ਅਤੇ ਬੇਨਾਮ ਤੇ ਅਗਿਆਤ ਕਬਰਾਂ 'ਤੇ ਜੁੜਦੀਆਂ ਸ਼ਰਧਾਲੂਆਂ ਦੀਆਂ ਭੀੜਾਂ ਤੋਂ ਇਹ ਸਪੱਸ਼ਟ ਹੈ ਕਿ ਕਰੋੜਾਂ ਲੋਕ ਜੀਵਨ ਦੀਆਂ ਦੁਸ਼ਵਾਰੀਆਂ ਵਿੱਚ ਉਲਝੇ, ਗ਼ਰੀਬੀ ਤੇ ਅਨਪੜ੍ਹਤਾ ਨਾਲ ਝੰਬੇ, ਮਾਨਸਿਕ ਤੌਰ 'ਤੇ ਕੁੱਝ ਮੌਲਿਕ ਸੋਚਣ ਤੋਂ ਅਸਮਰੱਥ, ਪਿਛਲੱਗਤਾ ਦੇ ਸ਼ਿਕਾਰ ਹੋਏ ਕਿਸੇ 'ਚਮਤਕਾਰ' ਦੀ ਆਸ ਵਿਚ ਭਟਕਣਾ ਦਾ ਸ਼ਿਕਾਰ ਹਨ।

ਡੇਰਿਆਂ ਵਾਲੇ ਆਪਣੇ 'ਕਾਰੋਬਾਰ' ਨੂੰ ਵੱਡੇ ਪੱਧਰ 'ਤੇ ਸਥਾਪਤ ਕਰਨ ਲਈ ਅਤੇ ਭੋਲੇ-ਭਾਲੇ ਸ਼ਰਧਾਲੂਆਂ ਦੀਆਂ ਭੀੜਾਂ ਆਪਣੇ ਡੇਰੇ ਨਾਲ ਜੋੜ ਕੇ ਸ਼ਰਧਾਲੂਆਂ ਵਿੱਚੋਂ ਹੀ ਕਈਆਂ ਨੂੰ ਡੇਰੇ ਦੇ ਪ੍ਰਚਾਰ ਦਾ ਜ਼ਿੰਮਾ ਸੌਂਪ ਦਿੰਦੇ ਹਨ। ਇਹ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਸ ਡੇਰੇ ਦਾ 'ਬਾਬਾ' ਬਹੁਤ ਹੀ ਕਰਨੀ ਵਾਲਾ ਤੇ ਰਿੱਧੀਆਂ-ਸਿੱਧੀਆਂ ਦਾ ਮਾਲਕ ਹੈ। ਬਾਬੇ ਦੇ 'ਚਮਤਕਾਰਾਂ' ਦੇ ਝੂਠੇ ਕਿੱਸੇ ਲੋਕਾਂ ਨੂੰ ਸੁਣਾਏ ਜਾਂਦੇ ਹਨ। ਹੌਲੀ-ਹੌਲੀ ਦੁੱਖਾਂ,

ਕਸ਼ਟਾਂ ਵਿੱਚ ਗ੍ਰਸੇ ਲੋਕਾਂ ਦੀਆਂ ਭੀੜਾਂ ਜੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਭੀੜਾਂ ਜੁੜਨਗੀਆਂ ਤਾਂ ਸ਼ਰਧਾਵਾਨ ਆਪਣੇ ਮਨ ਵਿੱਚ ਕਿਸੇ ਆਸ ਦੀ ਚਿਣਗ ਲਈ ਆਪਣੇ ਵਿੱਤੋਂ ਬਾਹਰੇ ਹੋ ਕੇ ਵੀ ਮਾਇਆ ਨਾਲ ਮੱਥੇ ਟੇਕਣਗੇ। ਸ਼ਰਧਾਲੂ ਔਖੇ ਹੋ ਕੇ ਵੀ ਕਿਸੇ ਪ੍ਰਾਪਤੀ ਦੀ ਆਸ ਵਿੱਚ ਆਪਣੀਆਂ 'ਸੁੱਖਾਂ' ਲਾਹੁੰਦੇ ਹਨ। ਬਹੁਤੇ ਡੇਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਤੇ ਹੋਰ ਸੁਖ-ਸਹੂਲਤਾਂ ਸ਼ਰਧਾਲੂਆਂ ਦੇ ਪੈਸੇ ਨਾਲ ਹੀ ਸੰਭਵ ਹੋ ਸਕੀਆਂ ਹਨ। ਜਿਸ ਤਰ੍ਹਾਂ ਇੱਕ ਡੇਰੇ ਦੀ ਜ਼ਮੀਨ ਜਾਇਦਾਦ, ਸਕੂਲ, ਕਾਲਜ, ਫੈਕਟਰੀਆਂ ਅਤਿ ਮਹਿੰਗੀਆਂ ਗੱਡੀਆਂ ਦਾ ਕਾਫ਼ਲਾ, ਪੰਜ-ਤਾਰਾ ਹੋਟਲਾਂ ਵਾਲੇ ਐਸ਼-ਪ੍ਰਸਤੀ ਦੇ ਸਾਧਨਾਂ ਨਾਲ ਲੈਸ ਸੁਖ-ਸਹੂਲਤਾਂ, ਮਹਿੰਗੇ ਜਿੰਮ, ਪਿਕਨਿਕ ਸਪਾਟ ਅਤੇ ਹੋਰ ਅਨੇਕਾਂ ਪਰਤਾਂ ਜਿਉਂ-ਜਿਉਂ ਖੁੱਲ੍ਹੀਆਂ, ਉਸ ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਗਈ ਕਿ ਡੇਰੇ ਦੇ ਸੰਚਾਲਕਾਂ ਨੇ ਸ਼ਰਧਾਲੂਆਂ ਦੀ ਰੱਜ ਕੇ ਲੁੱਟ ਕੀਤੀ ਹੈ।

ਅਜਿਹੇ ਬਾਬਿਆਂ ਤੇ ਡੇਰਿਆਂ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਇਹ ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ ਦਾ ਲਾਹਾ ਲੈ ਕੇ ਉਨ੍ਹਾਂ ਨੂੰ ਅਗਿਆਨਤਾ ਦੇ ਰਾਹ ਪਾ ਕੇ ਉਨ੍ਹਾਂ ਦੀ ਸੋਚ ਨੂੰ ਖੁੰਢਾ ਕਰ ਰਹੇ ਹਨ। ਲੋਕਾਂ ਦੀਆਂ ਅੱਖਾਂ ਵਿੱਚ 'ਚਮਤਕਾਰਾਂ' ਦੇ ਸੁਪਨੇ ਸਜਾ ਕੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਕੀਤਾ ਜਾ ਰਿਹਾ ਸੀ। ਇਨ੍ਹਾਂ ਡੇਰਿਆਂ ਵਿੱਚ ਜਿਸ ਤਰ੍ਹਾਂ ਦੀ ਗ਼ੈਰ-ਵਿਗਿਆਨਕਤਾ ਫੈਲਾਈ ਜਾ ਰਹੀ ਸੀ, ਉਹ ਵੀ ਹੈਰਾਨ ਕਰਨ ਵਾਲੀ ਸੀ। ਇਹ ਬਹੁਤ ਹੀ ਹੈਰਾਨ ਕਰਨ ਵਾਲਾ ਤੇ ਦੁਖਦਾਈ ਪੱਖ ਹੈ ਕਿ ਮਾਪੇ ਅੰਨ੍ਹੀ ਸ਼ਰਧਾ ਦੀ ਬਦੌਲਤ ਆਪਣੀਆਂ ਜਵਾਨ ਧੀਆਂ ਕਿਵੇਂ ਡੇਰੇ ਦੇ ਸਪੁਰਦ ਕਰ ਦਿੰਦੇ ਸਨ। ਆਪੇ ਬਣੇ ਬਾਬਿਆਂ ਦੇ ਬਹੁਤੇ ਡੇਰਿਆਂ ਵਿੱਚ ਕੁੜੀਆਂ/ਔਰਤਾਂ ਨੂੰ ਧਰਮ ਦੀ ਆੜ ਵਿੱਚ ਵਰਗਲਾ ਕੇ ਅਨੈਤਿਕ ਕੰਮਾਂ ਲਈ ਵਰਤਿਆ ਜਾਂਦਾ ਹੈ। ਪਰਦਿਆਂ ਪਿੱਛੇ ਕਾਲੇ-ਕਾਰਨਾਮਿਆਂ ਦਾ ਸੱਚ, ਕਿਸੇ ਨਾ ਕਿਸੇ ਦਿਨ ਆਖਰ ਪ੍ਰਗਟ ਹੋ ਹੀ ਜਾਂਦਾ ਹੈ।

ਅਸਲ ਵਿੱਚ ਅੰਨ੍ਹੀ ਸ਼ਰਧਾ ਮਨੁੱਖ ਦੀ ਸੋਚਣ, ਵਿਚਾਰਨ ਤੇ ਸਹੀ-ਗ਼ਲਤ ਫ਼ੈਸਲੇ ਲੈਣ ਦੀ ਸ਼ਕਤੀ ਨੂੰ ਬਾਂਝ ਕਰ ਦਿੰਦੀ ਹੈ। ਪਿਛਲੇ ਕੁੱਝ ਸਾਲਾਂ ਵਿੱਚ ਜਿਸ ਪ੍ਰਕਾਰ ਪੰਜਾਬ ਵਿੱਚ ਡੇਰਿਆਂ ਦਾ ਪਾਸਾਰਾ ਹੋਇਆ ਹੈ, ਉਸ ਤੋਂ ਇਹ ਅਨੁਮਾਨ ਲਾਉਣਾ ਔਖਾ ਨਹੀਂ ਕਿ ਪੰਜਾਬ ਦੇ ਬਹੁਤੇ ਲੋਕ ਵਹਿਮਾਂ-ਭਰਮਾਂ, ਗ਼ੈਰ-ਵਿਗਿਆਨਕ ਸੋਚਣੀ ਦੇ ਸ਼ਿਕਾਰ ਹਨ। ਦੰਭੀ ਬਾਬਿਆਂ ਦੇ ਅਖਾਉਤੀ ਭਰਮਜਾਲ ਵਿੱਚ ਫਸ ਕੇ ਲੋਕ ਆਪਣੀ ਸੁੱਧ-ਬੁੱਧ ਹੀ ਗਵਾਈ ਜਾ ਰਹੇ ਹਨ। ਜਬਰ ਜਨਾਹ ਤੇ ਕਤਲ ਦੇ ਇਲਜ਼ਾਮ ਵਿੱਚ ਸਜ਼ਾ-ਜ਼ਾਫ਼ਤਾ ਅਪਰਾਧੀ ਨੂੰ ਵਾਰ-ਵਾਰ ਪੈਰੋਲ ਦੇ ਕੇ ਹਰਿਆਣਾ ਸਰਕਾਰ ਸਪੱਸ਼ਟ ਰੂਪ ਵਿੱਚ ਆਪਣੇ ਸਿਆਸੀ ਹਿੱਤ ਪਾਲ ਰਹੀ ਹੈ। ਘਿਨਾਉਣੇ ਜ਼ੁਰਮਾਂ ਵਿੱਚ ਕੈਦ ਭੁਗਤ ਰਹੇ ਮੁਜ਼ਰਮ ਬਾਰੇ ਇਹ ਕਹਿਣਾ ਕਿ ਉਹ ਕਿਹੜਾ 'ਹਾਰਡ ਕੋਰ' ਅਪਰਾਧੀ ਹੈ, ਕਾਨੂੰਨ ਦਾ ਮਜ਼ਾਕ ਉਡਾਉਣ ਬਰਾਬਰ ਹੈ।

ਇਹ ਗੱਲ ਮੰਨੀ ਜਾ ਸਕਦੀ ਹੈ ਕਿ ਅਨਪੜ੍ਹ ਲੋਕ ਚਮਤਕਾਰੀ ਮਾਇਆ ਜਾਲ ਵਿੱਚ ਛੇਤੀ ਫਸ ਜਾਂਦੇ ਹਨ, ਪਰ ਅਨੇਕਾਂ ਪੜ੍ਹੇ-ਲਿਖੇ ਲੋਕਾਂ ਦਾ ਤਰਕਹੀਣਤਾ ਦੇ ਰਾਹ ਤੁਰ ਪੈਣਾ ਬਹੁਤ ਦੁਖਦਾਈ ਹੈ। ਇਨ੍ਹਾਂ ਡੇਰਿਆਂ ਵਿੱਚ ਵੱਡੀ ਗਿਣਤੀ ਸ਼ਰਧਾਲੂ ਅਨਪੜ੍ਹਤਾ ਦੇ ਹਨੇਰੇ ਵਿੱਚ ਵਿਚਰਦੇ ਹੋ ਸਕਦੇ ਹਨ, ਪਰ ਇਹ ਗੱਲ ਵੀ ਤਾਂ ਹੈਰਾਨ ਕਰਨ ਵਾਲੀ ਹੈ ਕਿ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਵੀ ਇਨ੍ਹਾਂ ਡੇਰਿਆਂ ਦਾ ਹਿੱਸਾ ਹੋਣਗੇ, ਉਹ ਵੀ ਡੇਰੇ ਵਿਚ ਵਾਪਰ ਰਹੀਆਂ ਅਨੈਤਿਕ ਤੇ ਗ਼ੈਰ-ਵਿਗਿਆਨਕ ਗਤੀਵਿਧੀਆਂ ਦੇ ਖ਼ਿਲਾਫ਼ ਕਿਉਂ ਨਹੀਂ ਬੋਲੇ ? ਇਸ ਤਰ੍ਹਾਂ ਦੀ ਅੰਨ੍ਹੀ ਸ਼ਰਧਾ ਨੇ ਹੀ ਡੇਰਿਆਂ ਨੂੰ ਆਪਹੁਦਰੀਆਂ ਕਰਨ ਦੇ ਰਾਹ ਤੋਰ ਦਿੱਤਾ ਹੈ। ਪ੍ਰਸ਼ਾਸਨਿਕ ਤੇ ਸਿਆਸੀ ਤੌਰ 'ਤੇ ਵੀ ਬਹੁਤੇ ਡੇਰਿਆਂ ਨੂੰ ਪੁਸ਼ਤਪਨਾਹੀ ਹਾਸਲ ਹੈ।

ਹਰ ਪਾਰਟੀ ਦੇ ਸਿਆਸੀ ਨੇਤਾਵਾਂ ਦੀ ਇਨ੍ਹਾਂ ਡੇਰਿਆਂ ਨਾਲ ਨੇੜਤਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਹਰ ਚੋਣ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ਡੇਰਿਆਂ ਨਾਲ ਜੁੜੇ ਸ਼ਰਧਾਲੂਆਂ ਦੀਆਂ ਵੋਟਾਂ ਆਪਣੇ ਪੱਖ ਵਿੱਚ ਕਰਨ ਲਈ ਇਨ੍ਹਾਂ ਅਖਾਉਤੀ ਬਾਬਿਆਂ ਦੇ ਪੈਰੀਂ ਢਹਿੰਦੇ ਦੇਖੇ ਜਾ ਸਕਦੇ ਹਨ। ਇਹ ਵਰਤਾਰਾ ਵੀ ਹੈਰਾਨ ਕਰਨ ਵਾਲਾ ਹੈ ਕਿ ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿੱਚੋਂ ਕਿਸੇ ਨੂੰ ਵੀ ਡੇਰਿਆਂ ਦੇ ਪ੍ਰਮੁੱਖ ਬਾਬਿਆਂ ਦੇ ਚਿਹਰੇ ਦੇ ਹਾਵ-ਭਾਵ, ਸਰੀਰਕ ਮੁਦਰਾਵਾਂ, ਐਸ਼-ਪ੍ਰਸਤੀ ਵਾਲੀ ਜੀਵਨ-ਸ਼ੈਲੀ ਅਤੇ ਬੋਲਚਾਲ ਤੋਂ ਕਦੇ ਇਹ ਸ਼ੱਕ ਨਹੀਂ ਪੈਦਾ ਹੋਇਆ ਕਿ ਇਨ੍ਹਾਂ ਬਾਬਿਆਂ ਦੇ ਚਿਹਰੇ ਤੇ 'ਨਕਾਬ' ਚੜ੍ਹਿਆ ਹੋਇਆ ਹੈ। ਸ਼ਰਧਾਵਾਨਾਂ ਨੂੰ ਆਰਥਿਕ ਰੂਪ ਵਿੱਚ ਵੀ ਬਹੁਤ ਸ਼ਾਤਰਾਨਾ ਢੰਗ ਨਾਲ ਲੁੱਟਿਆ ਜਾਂਦਾ ਹੈ ਤੇ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ।

ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਕੁੱਝ ਅਖਾਉਤੀ ਬਾਬੇ ਕਾਨੂੰਨ ਦੇ ਲੰਮੇ ਹੱਥਾਂ ਤੋਂ ਨਹੀਂ ਬਚ ਸਕੇ ਤੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਆਪਣੇ ਜੁਰਮਾਂ ਦੀ ਸਜ਼ਾ ਭੁਗਤ ਰਹੇ ਹਨ, ਪਰ ਅੱਜ ਵੀ ਅਜਿਹੇ ਡੇਰਿਆਂ 'ਤੇ ਭੀੜਾਂ ਦਾ ਕੋਈ

ਬਾਕੀ ਪੰਨਾ 4 'ਤੇ

ਅਸੀਂ ਨਾ ਸ਼ੁਕਰੇ ਕਿਉਂ ਹਾਂ ?



ਹਰਚਰਨ ਸਿੰਘ ਪ੍ਰਹਾਰ

ਲੱਖਾਂ ਸਾਲਾਂ ਦੇ ਜੰਗਲੀ ਜੀਵਨ ਤੋਂ ਇੰਟਰਨੈਟ ਯੁੱਗ ਤੱਕ ਪਹੁੰਚੇ ਮਨੁੱਖ ਨੇ ਕੁਦਰਤ ਦੇ ਭੇਦਾਂ ਨੂੰ ਜਾਣ ਕੇ ਜੀਵਨ ਦੇ ਹਰ ਖੇਤਰ ਵਿੱਚ ਅਨੇਕਾਂ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਪੈਦਾ ਕੀਤੀਆਂ ਹਨ। ਅੱਜ ਹਰ ਕੋਈ ਇਨ੍ਹਾਂ ਸਹੂਲਤਾਂ ਨੂੰ ਮਾਨਣ ਲਈ ਤਤਪਰ ਹੈ। ਜਿਹੜੇ ਦੇਸ਼ ਜਾਂ ਸਮਾਜ, ਇਨ੍ਹਾਂ ਸੁੱਖ ਸਹੂਲਤਾਂ ਤੋਂ ਵਾਂਝੇ ਹਨ, ਉੱਥੇ ਦੇ ਲੋਕ ਉਨ੍ਹਾਂ ਦੇਸ਼ਾਂ ਵੱਲ ਮਾਈਗਰੇਟ ਹੁੰਦੇ ਹਨ, ਜਿੱਥੇ ਇਹ ਸਭ ਸੁੱਖ ਸਹੂਲਤਾਂ ਉਪਲਬਧ ਹਨ।

ਜਿਸ ਤਰ੍ਹਾਂ ਆਪਣਾ ਦੇਸ਼ ਛੱਡ ਕੇ ਇੱਥੇ ਆਏ ਹਾਂ ਤਾਂ ਕਿ ਵਧੀਆ ਸੁੱਖ-ਸਹੂਲਤਾਂ ਭਰਿਆ ਜੀਵਨ ਜੀਅ ਸਕੀਏ। ਅਕਸਰ ਲੋਕਾਂ ਦਾ ਵਿਵਹਾਰ ਦੇਖ ਕੇ ਹੈਰਾਨੀ ਹੁੰਦੀ ਹੈ, ਜਦੋਂ ਉਹ ਇਨ੍ਹਾਂ ਸੁੱਖ ਸਹੂਲਤਾਂ ਨੂੰ ਪੈਦਾ ਕਰਨ ਵਾਲਿਆਂ ਪ੍ਰਤੀ ਕਦੀ ਧੰਨਵਾਦ ਪ੍ਰਗਟ ਨਹੀਂ ਕਰਦੇ ?

ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਨੂੰ ਕੋਈ ਸਰੀਰਕ ਮੁਸੀਬਤ ਪੈਂਦੀ ਹੈ ਤਾਂ ਅਸੀਂ 911 ਨੰਬਰ ਡਾਇਲ ਕਰਦੇ ਹਾਂ, ਹਸਪਤਾਲਾਂ ਵਿੱਚ ਡਾਕਟਰਾਂ ਵੱਲੋਂ ਸਾਇੰਸਦਾਨਾਂ ਦੀਆਂ ਮਸ਼ੀਨਾਂ ਨਾਲ ਮਰੀਜ ਨੂੰ ਮੌਤ ਦੇ ਮੂੰਹ 'ਚੋਂ ਬਚਾ ਲਿਆ ਜਾਂਦਾ ਹੈ। ਡਾਕਟਰ, ਨਰਸਾਂ ਦਿਨ ਰਾਤ ਇੱਕ ਕਰਕੇ ਮਰੀਜਾਂ ਦੀ ਸੇਵਾ ਕਰਦੇ ਹਨ। ਜਦੋਂ ਮਰੀਜ ਠੀਕ ਹੋ ਕੇ ਘਰ ਆ ਜਾਂਦਾ ਹੈ ਤਾਂ ਸ਼ਾਇਦ ਹੀ ਕੋਈ ਹੋਵੇਗਾ, ਜੋ ਕਿਸੇ ਡਾਕਟਰ ਜਾਂ ਨਰਸ ਨੂੰ ਵਿਸ਼ੇਸ਼ ਧੰਨਵਾਦ ਕਰਨ ਗਿਆ ਹੋਵੇ, ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਨ ਗਿਆ ਹੋਵੇ, ਕਦੇ ਕਿਸੇ ਨੂੰ ਧੰਨਵਾਦ ਦਾ ਕਾਰਡ ਦਿੱਤਾ ਹੋਵੇ, ਪਰ ਹਸਪਤਾਲ ਤੋਂ ਰਸਤੇ ਵਿੱਚ ਪੈਂਦੇ ਧਰਮ ਅਸਥਾਨ 'ਤੇ ਸ਼ੁਕਰਾਨੇ ਦਾ ਮੱਥਾ ਟੇਕਣ ਜਰੂਰ ਜਾਂਦਾ ਹੈ। ਹਸਪਤਾਲ ਨੂੰ ਦਾਨ ਕਰਨ ਦੀ ਥਾਂ, ਧਾਰਮਿਕ ਸਥਾਨ ਵਿੱਚ ਪਾਠ ਰਖਾ ਲਿਆ ਜਾਂਦਾ ਹੈ।

ਅਸੀਂ ਧਰਮ ਅਸਥਾਨਾਂ ਵਿੱਚ ਅਕਸਰ ਅਜਿਹਾ ਪ੍ਰਚਾਰ ਸੁਣਦੇ ਹਾਂ ਕਿ ਰੱਬ ਸਾਡਾ ਸਭ ਦਾ ਰਖਵਾਲਾ ਹੈ। ਪਰ ਜਦੋਂ ਸਾਨੂੰ ਕੋਈ ਮੁਸੀਬਤ ਪੈਂਦੀ ਹੈ, ਸਾਡੇ 'ਤੇ ਕੋਈ ਹਮਲਾ ਕਰ ਦੇਵੇ, ਸਾਨੂੰ ਕੋਈ ਲੁੱਟਣ ਆ ਜਾਵੇ, ਸਾਨੂੰ ਕੋਈ ਧਮਕੀ ਦੇਵੇ ਤਾਂ ਅਸੀ ਕਦੇ ਕਿਸੇ ਮੰਦਰ, ਗੁਰਦੁਆਰੇ, ਚਰਚ, ਮਸੀਤ ਦੇ ਪੁਜਾਰੀ ਨੂੰ ਰੱਖਿਆ ਲਈ ਫ਼ੋਨ ਨਹੀ ਕਰਦੇ, ਸਗੋਂ ਹਮੇਸ਼ਾ 911'ਤੇ ਕਾਲ ਕਰਦੇ ਹਾਂ ਕਿਉਂਕਿ ਸਾਨੂੰ ਪੁਲਿਸ, ਫਾਇਰ ਬ੍ਰਿਗੇਡ ਜਾਂ ਐਂਬੂਲੈਂਸ 'ਤੇ ਵੱਧ ਭਰੋਸਾ ਹੈ। ਪਰ ਜਦੋਂ ਸਾਡਾ ਕੰਮ ਹੋ ਜਾਂਦਾ ਹੈ ਤਾਂ ਧੰਨਵਾਦ ਧਾਰਮਿਕ ਸਥਾਨ 'ਤੇ ਕਰਨ ਜਾਂਦੇ ਹਾਂ, ਅਸੀਂ ਅਕਿਰਤਘਣ ਕਿਉਂ ਹਾਂ ? ਜੇ ਸਾਨੂੰ ਰੱਬ ਜਾਂ ਆਪਣੇ ਧਰਮ 'ਤੇ ਭਰੋਸਾ ਸੀ ਤਾਂ ਫਿਰ 911 ਤੋਂ ਪਹਿਲਾਂ ਉੱਥੋਂ ਸਹਾਇਤਾ ਕਿਉਂ ਨਹੀਂ ਲੈਂਦੇ ? ਅਸੀ ਇਸ ਬਾਰੇ ਕਦੋਂ ਸੋਚਾਂਗੇ ?

ਇਸੇ ਤਰ੍ਹਾਂ ਮਨੁੱਖ ਵਧੀਆ ਕਾਰ ਲੈ ਕੇ ਮੱਥਾ ਧਾਰਮਿਕ ਸਥਾਨ 'ਤੇ ਟੇਕਣ ਜਾਂਦਾ ਹੈ, ਪਰ ਉਸਦੇ ਮਨ ਵਿੱਚ ਉਨ੍ਹਾਂ ਇੰਜੀਨੀਅਰਾਂ ਜਾਂ ਕਾਮਿਆਂ, ਜਿਨ੍ਹਾਂ ਨੇ ਮਿਹਨਤਾਂ ਕਰਕੇ ਇਹ ਗੱਡੀਆਂ ਬਣਾਈਆਂ, ਬਾਰੇ ਕਦੀ ਸ਼ਰਧਾ, ਪਿਆਰ, ਸਤਿਕਾਰ ਨਹੀਂ ਪੈਦਾ ਹੁੰਦਾ।

ਧਾਰਮਿਕ ਸਥਾਨਾਂ ਵਿੱਚ ਅਨੇਕਾਂ ਤਰ੍ਹਾਂ ਦੇ ਸਮਾਗਮ, ਬਰਸੀਆਂ ਆਦਿ ਮਨਾਈਆਂ ਜਾਂਦੀਆਂ ਹਨ, ਪਰ ਮਨੁੱਖਤਾ ਲਈ ਅਨੇਕਾਂ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਪੈਦਾ ਕਰਨ ਵਾਲੇ ਵਿਗਿਆਨੀਆਂ ਦਾ ਕਦੇ ਜ਼ਿਕਰ ਨਹੀਂ ਸੁਣਿਆ।

ਅਸੀਂ ਇਨੇ ਨਾ ਸ਼ੁਕਰੇ ਕਿਉਂ ਹਾਂ ? ਉਹ ਲੋਕ ਜੋ ਸਮਾਜ ਲਈ, ਮਨੁੱਖਤਾ ਲਈ, ਚੰਗਾ ਕਰ ਰਹੇ ਹਨ, ਸਮਾਜ ਨੂੰ ਦੇਣ ਦੇ ਰਹੇ ਹਨ, ਉਨ੍ਹਾਂ ਦਾ ਸਹਿਯੋਗ ਕਿਉਂ ਨਹੀਂ ਕਰਦੇ ? ਉਨ੍ਹਾਂ ਨੂੰ ਯੋਗ ਮਾਨ ਸਨਮਾਨ ਕਿਉਂ ਨਹੀਂ ਦਿੰਦੇ ?

ਆਓ ! ਇਸ ਬਾਰੇ ਵੀ ਸੋਚੀਏ ! ਪਾਖੰਡੀ ਸਾਧਾਂ ਦੀਆਂ ਬਰਸੀਆਂ ਦੀ ਥਾਂ ਸਾਇੰਸਦਾਨਾਂ, ਸਮਾਜ ਸੇਵਕਾਂ, ਟੀਚਰਾਂ, ਇਨਕਲਾਬੀ ਲੋਕਾਂ ਦੇ ਦਿਨ ਵੀ ਮਨਾਈਏ। ਉਨ੍ਹਾਂ ਦੀਆਂ ਘਾਲਣਾਵਾਂ ਨੂੰ ਵੀ ਯਾਦ ਕਰੀਏ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦੀਆਂ ਕਿਤਾਬਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਈਏ।

(ਫੇਸਬੁੱਕ ਪੋਸਟ)

ਪੰਨਾ 3 ਦਾ ਬਾਕੀ

ਪਾਰਾਵਾਰ ਨਹੀਂ ਹੈ। ਸ਼ਰਧਾਲੂਆਂ ਨੂੰ ਵੀ ਬਹੁਤ ਗੰਭੀਰਤਾ ਨਾਲ ਤੇ ਸੁਚੇਤ ਹੋ ਕੇ ਆਪਣੀ 'ਸ਼ਰਧਾ' ਦਾ ਪ੍ਰਗਟਾਵਾ ਕਰਨ ਦੀ ਲੋੜ ਹੈ। ਅੰਨ੍ਹੇ ਵਿਸ਼ਵਾਸ ਨੇ ਇਨ੍ਹਾਂ ਨੂੰ 'ਚਮਤਕਾਰੀ ਦੇਵ-ਪੁਰਸ਼' ਮੰਨਣ ਦਾ ਭਰਮ ਪਾਲਿਆ ਹੋਇਆ ਹੈ। ਜੇ ਲੋਕ ਅਜੇ ਵੀ ਨਾ ਸਮਝੇ ਤਾਂ ਸੁਭਾਵਿਕ ਹੈ ਕਿ ਇਹ ਵਰਤਾਰਾ ਇੰਝ ਹੀ ਜਾਰੀ ਰਹੇਗਾ। ਕਿਸੇ ਸਰਕਾਰ ਨੇ ਇਨ੍ਹਾਂ ਡੇਰਿਆਂ ਨੂੰ ਬੰਦ ਨਹੀਂ ਕਰਨਾ ਤੇ ਵੋਟ ਰਾਜਨੀਤੀ ਦੀ ਖ਼ਾਤਰ ਆਪਣੀ ਸਰਪ੍ਰਸਤੀ ਵੀ ਜਾਰੀ ਰੱਖਣੀ ਹੈ।

98153-56086

ਕੀਨੀਆ ਵਿੱਚ ਤਰਕਸ਼ੀਲਤਾ ਦਾ ਉਭਾਰ



ਜਸਵੰਤ ਮੋਹਾਲੀ

ਕੀਨੀਆ, ਸੋਮਾਲੀਆ ਅਤੇ ਯੋਗਾਂਡਾ ਦੇ ਵਿਚਕਾਰ ਸਥਿਤ ਹੈ। ਇਸ ਦੀ ਕੁੱਲ ਆਬਾਦੀ ਤਕਰੀਬਨ ਸਾਢੇ ਪੰਜ ਕ੍ਰੋੜ ਹੈ। 85% ਆਬਾਦੀ ਇਸਾਈ ਹੈ ਅਤੇ 11% ਮੁਸਲਿਮ। 2019 ਦੀ ਜਨਗਨਣਾ ਮੁਤਾਬਕ ਤਕਰੀਬਨ 1.5% ਯਾਨੀ ਸਾਢੇ ਸੱਤ ਲੱਖ ਨਾਗਰਿਕ ਨਾਸਤਿਕ ਹਨ। ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਇਹ ਗਿਣਤੀ ਅਸਲ ਵਿੱਚ ਦੁੱਗਣੀ ਹੋਵੇਗੀ ਕਿਉਂਕਿ ਬਹੁਤ ਸਾਰੇ ਲੋਕ ਖੁੱਲ੍ਹੇ ਤੌਰ ’ਤੇ ਆਪਣੇ ਆਪ ਨੂੰ ਨਾਸਤਿਕ ਐਲਾਨ ਨਹੀਂ ਕਰਦੇ। 2010 ਵਿੱਚ ਕੀਨੀਆ ਨੇ ਜੋ ਸੰਵਿਧਾਨ ਅਪਣਾਇਆ ਉਸ ਮੁਤਾਬਕ ਕੀਨੀਆਂ ਇੱਕ ਧਰਮ ਨਿਰਪੱਖ ਦੇਸ਼ ਹੈ ਤੇ ਉਸਦਾ ਕੋਈ ਵੀ ਰਾਜਕੀ ਧਰਮ ਨਹੀਂ ਹੈ। ਸੰਵਿਧਾਨ ਵਿੱਚ ਮੀਡੀਆ ਦੀ ਆਜ਼ਾਦੀ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਧਰਮ ਦੀ ਆਜ਼ਾਦੀ ਦਰਜ ਹੈ। ਬਹੁਤੇ ਸਕੂਲਾਂ ਵਿੱਚ ਧਾਰਮਿਕ ਸਿੱਖਿਆ ਦੀਆਂ ਕਲਾਸਾਂ ਲੱਗਦੀਆਂ ਹਨ ਜੋ ਸਰਕਾਰੀ ਅਧਿਆਪਕਾਂ ਦੁਆਰਾ ਲਈਆਂ ਜਾਂਦੀਆਂ ਹਨ। ਧਾਰਮਿਕ ਕਲਾਸਾਂ ਕੌਮੀ ਸਿਲੇਬਸ ਦਾ ਹਿੱਸਾ ਹਨ ਤੇ ਕੋਈ ਵਿਦਿਆਰਥੀ ਉਸ ਤੋਂ ਇਨਕਾਰ ਨਹੀਂ ਕਰ ਸਕਦਾ। ਮਨੁੱਖੀ ਅਧਿਕਾਰ ਕਾਰਕੁਨ ਇੱਕ ਵਕੀਲ ਦਾ ਕਹਿਣਾ ਹੈ ਕਿ ਕੀਨੀਆ ਵਿੱਚ ਜਿਵੇਂ ਜਿਵੇਂ ਗਰੀਬੀ, ਅਸੁਰੱਖਿਆ ਤੇ ਬੇਰੁਜ਼ਗਾਰੀ ਵੀ ਵਧ ਰਹੀ ਹੈ ਉਸ ਦੇ ਨਾਲ ਨਾਲ ਲੋਕਾਂ ਦਾ ਧਰਮ ਨਾਲ ਜੁੜਾਅ ਵੀ ਵਧਦਾ ਜਾਂਦਾ ਹੈ। ਕੀਨੀਆ ਦੇ ਰੇਡੀਓ ਤੇ ਟੀ.ਵੀ. ਉੱਪਰ ਗਰੀਬੀ, ਬੇਰੁਜ਼ਗਾਰੀ ਤੇ ਸਮਾਜਕ ਮਸਲਿਆਂ ਦੇ ਮੁਕਾਬਲੇ ਧਾਰਮਿਕ ਪ੍ਰੋਗਰਾਮ ਜਿਆਦਾ ਪੇਸ਼ ਕੀਤੇ ਜਾਂਦੇ ਹਨ।

ਜਿਸ ਤਰ੍ਹਾਂ ਕਰੋਨਾ ਸਮੇਂ ਆਪਣੇ ਦੇਸ਼ ਵਿੱਚ ਮੋਮਬੱਤੀਆਂ ਜਗਾਉਣ ਤੇ ਥਾਲੀਆਂ ਖੜਕਾਉਣ ਲਈ ਸਰਕਾਰੀ ਆਦੇਸ਼ ਜਾਰੀ ਕੀਤੇ ਗਏ, ਉਸੇ ਤਰ੍ਹਾਂ ਕੀਨੀਆ ਵਿੱਚ ਰਾਸ਼ਟਰਪਤੀ ਨੇ ਧਾਰਮਿਕ ਆਗੂਆਂ ਨੂੰ ਇੱਕ ਦਿਨ ਕੌਮੀ ਪੱਧਰ ’ਤੇ ਪ੍ਰਾਰਥਨਾ ਕਰਨ ਲਈ ਕਿਹਾ। ਲੋਕਾਂ ਦੇ ਇਕੱਠੇ ਹੋਣ ’ਤੇ ਸਰਕਾਰ ਵੱਲੋਂ ਲਾਈ ਗਈ ਪਾਬੰਦੀ ਦੇ ਬਾਵਜੂਦ ਵੀ ਧਾਰਮਿਕ ਆਗੂਆਂ ਨੇ ਲੋਕਾਂ ਲਈ ਧਾਰਮਿਕ ਸਥਾਨ ਖੁੱਲੇ ਰੱਖੇ ।

2013 ਵਿੱਚ ਇੱਕ ਗੈਰ-ਧਾਰਮਿਕ ਸੰਸਥਾ ਬਣਾਉਣ ਲਈ ਤਰਕਸ਼ੀਲ਼ ਵਿਚਾਰਾਂ ਵਾਲੇ ਲੋਕ ਕਦੇ ਸੋਸ਼ਲ ਮੀਡੀਆ ਦੇ ਜਰੀਏ ਅਤੇ ਕਦੇ ਨੈਰੋਬੀ ਦੇ ਵੱਖ-ਵੱਖ ਹੋਟਲਾਂ ਵਿੱਚ ਇਕੱਠੇ ਹੁੰਦੇ। 2015 ਵਿੱਚ ਸੰਸਥਾ ਦੀ ਰਜਿਸਟਰੇਸ਼ਨ ਲਈ ਅਰਜੀ ਦਾਇਰ ਕੀਤੀ ਗਈ ਜੋ ਕੀਨੀਆ ਦੇ ਡਿਪਟੀ ਰਜਿਸਟਰਾਰ ਨੇ ਇਸ ਅਧਾਰ ’ਤੇ ਰੱਦ ਕਰ ਦਿੱਤੀ ਕਿ ਅਜਿਹਾ ਕਰਨ ਨਾਲ ਸਮਾਜ ਵਿੱਚ ਸ਼ਾਂਤੀ ਤੇ ਸਦਭਾਵ ਨੂੰ ਖਤਰਾ ਪੈਦਾ ਹੁੰਦਾ ਹੈ। “ਅਥੀਸਟ ਇਨ ਕੀਨੀਆ” ਨੂੰ ਰਜਿਸਟਰੇਸ਼ਨ ਵਾਸਤੇ ਰੋਸ ਪ੍ਰਦਰਸ਼ਨ ਕਰਨੇ ਪਏ। ਪੈਰਵੀ ਜਾਰੀ ਰੱਖਣ ’ਤੇ ਫਰਵਰੀ 2016 ਵਿੱਚ ਕੀਨੀਆ ਸਰਕਾਰ ਨੇ ਸੰਸਥਾ ਨੂੰ ਸਰਟੀਫਿਕੇਟ ਜਾਰੀ ਕਰ ਦਿੱਤਾ। ਅਥੀਸਟ ਇਨ ਕੀਨੀਆ ਸੁਸਾਇਟੀ (ਅਖਸ਼) ਕੀਨੀਆ ਦੀ ਪਹਿਲੀ ਗੈਰ ਧਾਰਮਿਕ ਸੰਸਥਾ ਹੈ ਜੋ ਫਰਵਰੀ 2016 ਵਿੱਚ ਨੈਰੋਬੀ ਵਿੱਚ ਰਜਿਸਟਰ ਹੋਈ । ਹੈਰੀਸਨ ਮਮੀਆ ਇਸ ਦਾ ਸੰਸਥਾਪਕ ਪ੍ਰਧਾਨ ਹੈ।

ਸੰਸਥਾ ਦਾ ਮਕਸਦ - ਇਸ ਪੂਰੇ ਬ੍ਰਹਿਮੰਡ ਦੀ ਅਤੇ ਇਸ ਵਿੱਚ ਜ਼ਿੰਦਗੀ ਦੀ ਹੋਂਦ ਦੀ ਤਰਕਪੂਰਨ ਅਤੇ ਵਿਗਿਆਨਕ ਵਿਆਖਿਆ ਨੂੰ ਉਤਸ਼ਾਹਤ ਕਰਨਾ। ਪ੍ਰਚਲਤ ਧਾਰਨਾਵਾਂ ਅਤੇ ਕਰਮਕਾਂਡਾਂ ਪ੍ਰਤੀ ਸੰਕਾ ਨੂੰ ਉਤਸ਼ਾਹਿਤ ਕਰਨਾ। ਕੀਨੀਆ ਦੇ ਸਮਾਜ ਵਿੱਚ ਨਾਸਤਿਕਾਂ ਦੀ ਹੋਂਦ ਨੂੰ ਸਵੀਕਾਰਨਯੋਗ ਬਣਾਉਣ ਲਈ ਵਿਚਾਰ ਚਰਚਾਵਾਂ ਕਰਨਾ। ਸਮਾਜਿਕ ਮਸਲਿਆਂ ਦੀ ਤਰਕਪੂਰਨ ਵਿਆਖਿਆ ਕਰਦਿਆਂ ਇਸ ਨੂੰ ਸਮਾਜ ਦੇ ਵੱਡੇ ਹਿੱਸੇ ਤੱਕ ਲੈ ਜਾਣਾ।

ਨਾਸਤਿਕ ਜਥੇਬੰਦੀ ਦੀ ਰਜਿਸਟਰੇਸ਼ਨ ਦੀ ਖ਼ਬਰ ਦੇ ਮਿਲਦਿਆਂ ਹੀ ਕਈ ਇਸਾਈ ਗਰੁੱਪਾਂ ਨੇ ਰਜਿਸਟਰੇਸ਼ਨ ਰੱਦ ਕਰਨ ਦੀ ਮੰਗ ਕਰ ਦਿੱਤੀ। ਇਸਾਈ ਪਾਦਰੀਆਂ ਦੀ ਬਿਸ਼ਪ ਸਟੀਫਨ ਦੀਚੂ ਨੇ ਇਸ ਰਜਿਸਟਰੇਸ਼ਨ ਨੂੰ ਗੈਰ ਸੰਵਿਧਾਨਕ ਦੱਸਿਆ ਕਿਉਂਕਿ ਸਰਬ ਸਕਤੀਮਾਨ ਰੱਬ ਦੀ ਹੋਂਦ ਕੀਨੀਆ ਦੇ ਸੰਵਿਧਾਨ ਵਿੱਚ ਦਰਜ ਹੈ ਜਦ ਕਿ ਸੰਸਥਾ ਦੇ ਮੈਂਬਰ ਨਾਸਤਿਕ ਹਨ। ਕੀਨੀਆ ਵਿੱਚ ਤੁਸੀਂ ਸਰਕਾਰ ਦਾ ਧਰਮ ਤੋਂ ਤਲਾਕ ਨਹੀਂ ਕਰਾ ਸਕਦੇ। ਵਿਦੇਸ਼ ਮੰਤਰੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਨਾਸਤਿਕਾਂ ਦੀ ਜਥੇਬੰਦੀ ਦੀ ਰਜਿਸਟਰੇਸ਼ਨ ਨਾਲ ਸਰਕਾਰ ਨੇ ਵੀ ਰੱਬ ਦੇ ਨਾ ਹੋਣ ’ਤੇ ਮੋਹਰ ਲਾ ਦਿੱਤੀ ਹੈ। 2018 ਵਿੱਚ ਹਾਈ ਕੋਰਟ ਦੇ ਦਖਲ ਨਾਲ ਸੰਸਥਾ ਦੀ ਮਾਨਤਾ ਦੁਬਾਰਾ ਬਹਾਲ ਕੀਤੀ ਗਈ ਪਰ ਹੁਣ 2023 ਵਿੱਚ ਵੀ ਇਸਾਈ ਬਿਸ਼ਪ ਇਸ ਮਾਨਤਾ ਨੂੰ ਰੱਦ ਕਰਾਉਣ ਲਈ ਫਿਰ ਇਸ ਕੇਸ ਨੂੰ ਕੋਰਟ ਵਿੱਚ ਲੈ ਗਈ ਹੈ।

'ਰੱਬ ਤੋਂ ਡਰਨ ਵਾਲੇ ਸਮਾਜ' ਕੀਨੀਆ ਵਿੱਚ ਨਾਸਤਿਕਾਂ ਦੀ ਜਥੇਬੰਦੀ ਆਪਣੀ ਕਾਨੂੰਨੀ ਮਾਨਤਾ ਬਹਾਲ ਕਰਾਉਣ ਦੀ ਲੜਾਈ ਲੜ ਰਹੀ ਹੈ। ਕੋਰਟ ਦਾ ਇਹ ਫੈਸਲਾ ਸਵਾਗਤਯੋਗ ਹੈ ਜਿਸ ਵਿੱਚ ਲਿਖਿਆ ਹੈ ਕਿ ਜਦੋਂ ਅਸੀਂ ਕਹਿੰਦੇ ਹਾਂ ਕਿ ਕਿਸੇ ਵੀ ਧਰਮ ਨੂੰ ਮੰਨਣ ਜਾਂ ਪੂਜਾ ਕਰਨ ਦੀ ਆਜ਼ਾਦੀ ਹੈ, ਉਸ ਵਿੱਚ ਪੂਜਾ ਨਾ ਕਰਨ ਜਾਂ ਕਿਸੇ ਵੀ ਧਰਮ ਨੂੰ ਨਾ ਮੰਨਣ ਦੀ ਆਜ਼ਾਦੀ ਵੀ ਸ਼ਾਮਿਲ ਹੈ। ਧਰਮ ਨਿਰਪੱਖਤਾ ਨੂੰ ਪਰਨਾਏ ਰਾਜ ਦੀ ਇਹ ਖਾਸੀਅਤ ਹੋਣੀ ਚਾਹੀਦੀ ਹੈ ਕਿ ਉਹ ਨਾਸਤਿਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰੇ ਅਤੇ ਉਨ੍ਹਾਂ ਦੇ ਜਥੇਬੰਦ ਹੋਣ ਅਤੇ ਆਪਣੀ ਗੱਲ ਕਹਿਣ ਦੇ ਅਧਿਕਾਰ ਦੀ ਖੁੱਲ ਦੇਵੇ।

ਅਥੀਸਟ ਇਨ ਕੀਨੀਆ ਸੋਸਾਇਟੀ (ਅਖਸ਼) ਦੇ ਪ੍ਰਧਾਨ ਹੈਰੀਸਨ ਮਮੀਆ ਨੇ ਯੂਨੀਵਰਸਿਟੀ ਆਫ ਨੈਰੋਬੀ ਵਿੱਚ "ਕੀ ਪਰਮਾਤਮਾ ਦੀ ਹੋਂਦ ਹੈ?" ਵਿਸ਼ੇ 'ਤੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਉਹ ਕੀਨੀਆ ਦੇ ਪ੍ਰਿੰਟ ਮੀਡੀਆ ਅਤੇ ਵੈਬਸਾਈਟਸ ਦੇ ਉੱਪਰ ਨਾਸਤਿਕਤਾ, ਧਰਮ ਅਤੇ ਧਰਮ ਨਿਰਪੱਖਤਾ ਬਾਰੇ ਆਰਟੀਕਲ ਲਿਖਦੇ ਰਹਿੰਦੇ ਹਨ। ਉਹਨਾਂ ਦਾ ਜਨਮ ਨੈਰੋਬੀ ਵਿੱਚ 1978 ਵਿੱਚ ਹੋਇਆ । 2003 ਵਿੱਚ ਉਹਨਾਂ ਨੇ ਕੰਪਿਊਟਰ ਸਾਇੰਸ ਵਿੱਚ ਡਿਗਰੀ ਹਾਸਿਲ ਕੀਤੀ। ਅੱਜ ਕੱਲ੍ਹ ਉਹ ਕੀਨੀਆ ਦੇ ਸੈਂਟਰਲ ਬੈਂਕ ਵਿੱਚ ਕਾਰਪੋਰੇਟ ਮੈਨੇਜਰ ਦੇ ਤੌਰ 'ਤੇ ਕੰਮ ਕਰ ਰਹੇ ਹਨ। ਉਹ ਕੀਨੀਆ ਦੀਆਂ ਦੂਜੀਆਂ ਸੈਕੂਲਰ ਸੰਸਥਾਵਾਂ ਨਾਲ ਮਿਲ ਕੇ ਕੀਨੀਆ ਵਿੱਚੋਂ ਧਰਮ ਤੇ ਰਾਜ ਨੂੰ ਅਲੱਗ-ਅਲੱਗ ਰੱਖਣ ਲਈ ਦਬਾਅ ਬਣਾ ਰਹੇ ਹਨ। ਉਨ੍ਹਾਂ ਦੇ ਪਬਲਿਕ ਸਕੂਲਾਂ ਵਿੱਚ ਧਾਰਮਿਕ ਸਿੱਖਿਆ ਦੇਣ ਵਿਰੁੱਧ ਅਤੇ ਧਾਰਮਿਕ ਆਗੂਆਂ ਦੁਆਰਾ ਦਿਖਾਏ ਜਾਂਦੇ ਚਮਤਕਾਰਾਂ ਨੂੰ ਚੁਣੌਤੀ ਦੇਣ ਵਰਗੇ ਵਿਸ਼ਿਆਂ 'ਤੇ ਲਿਖੇ ਲੇਖਾਂ ਨੇ ਸਮਾਜ ਵਿੱਚ ਵਿਵਾਦ ਛੇੜ ਰੱਖਿਆ ਹੈ। ਉਹ ਰਿਚਰਡ ਡੌਕਿੰਨਜ ਅਤੇ ਕ੍ਰਿਸਟੋਫਰ ਹਿਚਨਜ ਵਰਗੇ ਵਿਸ਼ਵ ਪੱਧਰੀ ਨਾਸਤਿਕਾਂ ਤੋਂ ਪ੍ਰਭਾਵਿਤ ਹੈ।

ਕੀਨੀਆ ਦੇ ਸਕੂਲਾਂ ਵਿੱਚ ਅਤੇ ਕੰਮ ਵਾਲੀਆਂ ਥਾਵਾਂ 'ਤੇ ਇਸਾਈ ਵਿਸ਼ਵਾਸ ਦਾ ਪ੍ਰਚਾਰ ਅਤੇ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਜੇ ਕੋਈ ਇਸ ਦੇਸ਼ ਦੇ ਸੱਭਿਆਚਾਰ ਨੂੰ ਨੇੜਿਓਂ ਵੇਖੇ ਤਾਂ ਉਸ ਨੂੰ ਲੱਗ ਸਕਦਾ ਹੈ ਕਿ ਇੱਥੇ ਧਰਮ ਨਿਰਪੱਖਤਾ ਦੀ ਕੋਈ ਜਗ੍ਹਾ ਨਹੀਂ ਹੈ। ਅਜਿਹੀ ਥਾਂ ਉੱਪਰ ਸੈਕੂਲਰ ਅਤੇ ਮਾਨਵਤਾਵਾਦੀ ਕਦਰਾਂ ਕੀਮਤਾਂ ਦਾ ਮੀਡੀਆ, ਅਖਬਾਰਾਂ ਅਤੇ ਰੇਡੀਓ ਪ੍ਰੋਗਰਾਮਾਂ ਰਾਹੀਂ ਪ੍ਰਚਾਰ ਕਰਨਾ ਅਤੇ ਧਾਰਮਿਕ ਵਿਸ਼ਵਾਸ਼ਾਂ ਨੂੰ ਚੁਣੌਤੀ ਦੇਣਾ ਸੋਚਣ ਤੋਂ ਵੀ ਪਰ੍ਹੇ ਜਾਪਦਾ ਹੈ। ਕੀਨੀਆ ਵਿੱਚ ਬਹੁਤ ਸਾਰੇ ਕੰਮ ਨਾਸਤਿਕ ਗਰੁੱਪਾਂ ਨੇ ਅਜਿਹੇ ਕੀਤੇ ਹਨ ਜੋ ਪਹਿਲੀ ਵਾਰੀ ਹੋ ਰਹੇ ਹਨ ਜਿਵੇਂ ਨਾਸਤਕ ਕਾਨਫਰੰਸ ਕਰਾਉਣਾ, ਇਸਾਈ ਮਤ ਨੂੰ ਦਲੀਲਾਂ ਨਾਲ ਚੁਣੌਤੀ ਦੇਣਾ। ਸਭ ਤੋਂ ਵੱਡੀ ਚੁਣੌਤੀ ਸਮਾਜ ਵਿੱਚ ਆਪਣੀ ਤਰਕਸ਼ੀਲ ਹੋਂਦ ਬਣਾਕੇ ਰੱਖਣਾ ਹੈ।

ਇਹ ਵੀ ਜਾਨਣਾ ਦਿਲਚਸਪ ਹੋਵੇਗਾ ਕਿ ਅਟਾਰਨੀ ਜਨਰਲ ਨੇ ਚਰਚਾਂ ਦੀ ਹੱਦੋਂ ਵੱਧ ਕੱਟੜਤਾ ਅਤੇ ਪਾਦਰੀਆਂ ਦੀਆਂ ਧਰਮ ਦੀ ਥਾਂ ਵਪਾਰਕ ਰੁਚੀਆਂ ਨੂੰ ਦੇਖਦਿਆਂ ਹੋਇਆਂ ਚਰਚਾਂ ਦੀ ਰਜਿਸਟਰੇਸ਼ਨ 'ਤੇ ਪਾਬੰਦੀ ਲਾ ਦਿੱਤੀ ਸੀ।ਪਰ ਪਿਛਲੇ ਸਾਲ ਚੁਣਿਆ ਗਿਆ ਕੀਨੀਆ ਦਾ ਰਾਸ਼ਟਰਪਤੀ ਐਵਲੈਂਜੀਕਲ ਇਸਾਈ ਹੈ। ਉਹ ਚਰਚ ਦੀ ਰਾਖੀ ਲਈ ਵਚਨਬੱਧ ਹੈ। ਉਸ ਨੇ ਪਾਦਰੀਆਂ ਲਈ ਤਨਖਾਹ ਅਤੇ ਚਰਚ ਦੀ ਇਮਾਰਤ ਲਈ ਗਰਾਂਟ ਜਾਰੀ ਕਰਨ ਦਾ ਐਲਾਨ ਕੀਤਾ ਹੈ ਅਤੇ ਨਵੇਂ ਚਰਚਾਂ ਦੀ ਰਜਿਸਟਰੇਸ਼ਨ ਤੋਂ ਪਾਬੰਦੀ ਹਟਾ ਲਈ ਹੈ। ਦੂਜੇ ਪਾਸੇ ਏ. ਕੇ. ਐਸ. ਦੇ ਮੈਂਬਰ ਵੀ ਸੰਵਿਧਾਨ ਦੇ ਸੈਕੂਲਰ ਖਾਸੇ ਦੀ ਰਾਖੀ ਲਈ ਵਚਨਬੱਧ ਹਨ। ਉਹ ਰਾਸ਼ਟਰਪਤੀ, ਕਿਸੇ ਮੰਤਰੀ, ਅਧਿਕਾਰੀ ਜਾਂ ਜੱਜ ਦੁਆਰਾ ਕਿਸੇ ਵੀ ਵਿਸ਼ੇਸ਼ ਧਰਮ ਵੱਲ ਝੁਕਾਅ ਰੱਖਦਿਆ ਕੀਤੀ ਸ਼ਮੂਲੀਅਤ, ਮੇਜ਼ਬਾਨੀ ਜਾਂ ਰਸਮਾਂ ਦਾ ਵਿਰੋਧ ਕਰਨ ਦਾ ਮੌਕਾ ਨਹੀਂ ਜਾਣ ਦਿੰਦੇ।

ਜਿਵੇਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਸਾਧੂਆਂ ਤੋਂ ਕਰਾਇਆ, ਉਸੇ ਤਰ੍ਹਾਂ ਕੀਨੀਆ ਦੇ ਨਵੇਂ ਚੁਣੇ ਰਾਸ਼ਟਰਪਤੀ ਨੇ ਰਾਸ਼ਟਰਪਤੀ ਨਿਵਾਸ ਵਿੱਚ ਧਾਰਮਿਕ ਆਗੂਆਂ ਨੂੰ ਬੁਲਾ ਕੇ ਮੇਜਬਾਨੀ ਕੀਤੀ। ਇਸਦਾ ਵਿਰੋਧ ਏ. ਕੇ. ਐਸ. ਆਗੂਆਂ ਵੱਲੋਂ ਤੁਰੰਤ ਕੀਤਾ ਗਿਆ। ਉਹਨਾਂ ਕਿਹਾ ਕਿ ਰਾਸ਼ਟਰਪਤੀ ਨਿਵਾਸ ਨੂੰ ਕਿਸੇ ਵੀ ਧਰਮ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ। ਇਹ ਕੀਨੀਆਂ ਦੇ ਸੰਵਿਧਾਨ ਦਾ ਮਜ਼ਾਕ ਉਡਾਉਣ ਦੇ ਬਰਾਬਰ ਹੈ। ਇਸੇ ਤਰ੍ਹਾਂ ਇਸਾਈਆਂ ਦੀ ਪ੍ਰਾਰਥਨਾ ਸਭਾ ਵਿੱਚ ਸ਼ਾਮਿਲ ਹੋਣ 'ਤੇ ਚੀਫ ਜਸਟਿਸ 'ਤੇ ਸੁਆਲ ਚੁੱਕੇ। ਏ. ਕੇ. ਐਸ. ਆਗੂ ਮੌਰਸ ਵੰਜੋਹੀ ਨੇ ਕਿਹਾ ਕਿ ਕੀਨੀਆ ਦੇ ਸੰਵਿਧਾਨਿਕ ਲੋਕਤੰਤਰ ਨੂੰ ਇਸ ਪ੍ਰਤੀ ਸਰਕਾਰੀ ਜਵਾਬਦੇਹੀ ਦੀ ਘਾਟ ਸਭ ਤੋਂ ਵੱਡਾ ਖਤਰਾ ਹੈ। ਚਰਚ ਅਤੇ ਰਾਜਨੀਤਿਕ ਜਮਾਤ ਦਾ ਅਪਵਿੱਤਰ ਗਠਬੰਧਨ ਹੈ। ਚਰਚ ਰਾਜਨੀਤਿਕ ਲੋਕਾਂ ਲਈ ਪਲੇਟਫਾਰਮ ਤਿਆਰ ਕਰਦਾ ਹੈ। ਇਸ ਨਾਲ ਰਾਜਨੀਤਿਕ ਲੋਕਾਂ ਦਾ ਵੋਟਾਂ ਮੰਗਣ ਦਾ ਅੱਧੇ ਨਾਲੋਂ ਵੱਧ ਕੰਮ ਹੋ ਜਾਂਦਾ ਹੈ। ਪਿਛਲੇ ਸਾਲ ਨਵੰਬਰ ਵਿੱਚ ਪੋਪ ਨੇ ਕੀਨੀਆ ਦੀ ਯਾਤਰਾ ਕੀਤੀ। ਇਸ ਦੌਰਾਨ ਪੂਰੇ ਦੇਸ਼ ਵਿੱਚ ਪਬਲਿਕ ਛੁੱਟੀ ਅਤੇ ਪ੍ਰਾਰਥਨਾਵਾਂ ਦਾ ਸਰਕਾਰ ਵੱਲੋਂ

ਐਲਾਨ ਕੀਤਾ ਗਿਆ ਸੀ ਜਿਸ ਦਾ ਕੀਨੀਆ ਦੇ ਨਾਸਤਿਕਾਂ ਵੱਲੋਂ ਵਿਰੋਧ ਕੀਤਾ ਗਿਆ ਸੀ। ਕੀਨੀਆ ਦੀ ਪ੍ਰੈੱਸ ਦੇ ਕੁੱਝ ਹਿੱਸਿਆਂ ਨੇ ਨਾਸਤਿਕਾਂ ਦੇ ਇਸ ਵਿਰੋਧ ਨੂੰ ਪੋਪ ਪ੍ਰਤੀ ਅਪਮਾਨ ਦੀ ਭਾਵਨਾ ਅਤੇ ਲੋਕਾਂ ਦਾ ਧਿਆਨ ਖਿੱਚਣ ਦਾ ਸਟੰਟ ਦੱਸਿਆ। ਨਾਸਤਿਕ ਆਗੂਆਂ ਦੀ ਦਲੀਲ ਇਹ ਸੀ ਕਿ ਸਾਰੇ ਕੀਨੀਆਈ ਲੋਕ ਕੈਥੋਲਿਕਸ ਨਹੀਂ ਹਨ, ਇਸ ਲਈ ਕੈਥੋਲਿਕ ਚਰਚ ਦੇ ਮੁਖੀ ਦੀ ਯਾਤਰਾ ਦੇ ਸਮੇਂ ਉਸਦੇ ਸਤਿਕਾਰ ਵਿੱਚ ਪੂਰੇ ਦੇਸ਼ ਵਿੱਚ ਛੁੱਟੀ ਕਰਨਾ ਅਤੇ ਪ੍ਰਾਰਥਨਾ ਦਿਵਸ ਮਨਾਉਣਾ ਤੇ ਸਾਰੀ ਆਬਾਦੀ ਨੂੰ ਇਹ ਕਰਨ ਲਈ ਮਜਬੂਰ ਕਰਨਾ ਠੀਕ ਨਹੀਂ।

ਨਾਸਤਿਕ ਜਥੇਬੰਦੀ ਨੇ ਸਕੂਲਾਂ ਵਿੱਚ ਬੱਚਿਆਂ ਨੂੰ ਧਰਮ ਦੀ ਪੜ੍ਹਾਈ ਵਿੱਚ ਸਮਾਜਿਕ ਤੇ ਇਤਿਹਾਸਕ ਤੱਥਾਂ ਨੂੰ ਪੜ੍ਹਾਉਣ ਦਾ ਵਿਰੋਧ ਕਦੇ ਨਹੀਂ ਕੀਤਾ, ਸਗੋਂ ਇਸਾਈ ਅਤੇ ਇਸਲਾਮਿਕ ਧਰਮ ਦੀ ਸਿੱਖਿਆ ਦੇ ਨਾਂ ’ਤੇ ਮਿਥਿਹਾਸ ਨੂੰ ਸੱਚ ਤੇ ਤੱਥ ਬਣਾਕੇ ਪੇਸ਼ ਕਰਨਾ ਅਤੇ ਕਰਮਕਾਂਡਾਂ ਨੂੰ ਪ੍ਰਚਾਰਨ ਦਾ ਵਿਰੋਧ ਕੀਤਾ ਹੈ। ਕੀਨੀਆ ਦੇ ਅਲ-ਸ਼ਬਾਬ ਜਿਹਾਦੀ ਗਰੁੱਪਾਂ ਦੇ ਮੈਂਬਰ ਸਕੂਲਾਂ ਵਿੱਚ ਕਰਾਈ ਜਾ ਰਹੀ ਇਸ ਪੜ੍ਹਾਈ ਦਾ ਹੀ ਨਤੀਜਾ ਹਨ। ਇਹ ਗਰੁੱਪ ਕੀਨੀਆ ਦੇ ਨਾਗਰਿਕਾਂ ਦੇ ਕਈ ਵਾਰ ਕਤਲ ਕਰ ਚੁੱਕੇ ਹਨ ਅਤੇ ਦੇਸ਼ ਦੀ ਸੁਰੱਖਿਆ ਅਤੇ ਸਾਂਤੀ ਲਈ ਵੱਡਾ ਖ਼ਤਰਾ ਬਣੇ ਹੋਏ ਹਨ। ਏ. ਕੇ. ਐਸ. ਨੇ ਹਸਪਤਾਲਾਂ ਵਿੱਚ ਰੋਗੀਆਂ ਲਈ ਪ੍ਰਾਰਥਨਾ ਕਰਨ ਦੇ ਰੁਝਾਨ ’ਤੇ ਵੀ ਸਵਾਲ ਉਠਾਏ ਹਨ। ਧਾਰਮਿਕ ਪ੍ਰਾਰਥਨਾਵਾਂ ਦਾ ਰੋਗੀ ਦੇ ਇਲਾਜ ਵਿੱਚ ਕੋਈ ਯੋਗਦਾਨ ਨਹੀਂ ਹੁੰਦਾ ।

2016 ਵਿੱਚ ਅਥੀਸਟ ਇਨ ਕੀਨੀਆ ਨੇ ਰੈਵੇਨਿਊ ਅਥਾਰਟੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਚਰਚ ਨੂੰ ਟੈਕਸਾਂ ਤੋਂ ਛੋਟ ਨਹੀਂ ਹੋਣੀ ਚਾਹੀਦੀ। ਇਹ ਦੇਖਣ ਵਿੱਚ ਆਇਆ ਹੈ ਕਿ ਵੋਟਾਂ ਦੇ ਨੇੜੇ ਆਉਂਦਿਆਂ ਹੀ ਰਾਜਨੀਤਿਕ ਲੋਕ ਚਰਚ ਅਤੇ ਪ੍ਰਭੂ ਦੀ (ਦੁਰ) ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਨ। ਸੰਸਥਾ ਨੇ ਰਾਜਨੀਤਿਕ ਪਾਰਟੀਆਂ ’ਤੇ ਇਹ ਦਬਾਅ ਬਣਾਇਆ ਕਿ ਉਹ ਆਪਣੇ ਐਲਾਨਨਾਮੇ ’ਤੇ ਦਸਤਖਤ ਕਰਨ ਕਿ ਉਹ ਘੱਟ-ਗਿਣਤੀ ਧਰਮ ਜਾਂ ਗੈਰ ਧਾਰਮਿਕ ਲੋਕਾਂ ਨਾਲ ਵਿਤਕਰਾ ਨਹੀਂ ਕਰਨਗੇ। ਕੀਨੀਆ ਵਿੱਚ ਨਾਸਤਿਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਲੋਰੀਨ ਮੈਸੀਨੋ ਦੇ ਅਨੁਸਾਰ “ਇਸ ਦਾ ਕਾਰਨ ਨਵੀਂ ਪੀੜ੍ਹੀ ਪ੍ਰਚਲਤ ਧਾਰਮਿਕ ਮਾਨਤਾਵਾਂ ਦੇ ਵਿਗਿਆਨਕ ਬਦਲ ਨੂੰ ਵਧੇਰੇ ਸਵੀਕਾਰ ਕਰ ਰਹੀ ਹੈ। ਇਸ ਦਾ ਦੂਜਾ ਕਾਰਨ ਧਾਰਮਿਕ ਆਗੂਆਂ ਦਾ ਭ੍ਰਿਸ਼ਟ ਹੋਣਾ ਤੇ ਉਹਨਾਂ ਦੀ ਅੱਯਾਸ਼ੀ ਵਿੱਚ ਲਗਾਤਾਰ ਵਾਧਾ ਹੋਣਾ ਹੈ ਜਿਸ ਕਾਰਨ ਲੋਕਾਂ ਦਾ ਉਹਨਾਂ ਵਿੱਚੋਂ ਵਿਸ਼ਵਾਸ਼ ਉੱਠ ਰਿਹਾ ਹੈ ਅਤੇ ਉਹ ਇੱਕ ਬਦਲ ਦੇ ਤੌਰ ’ਤੇ ਨਾਸਤਿਕਤਾ ਨੂੰ ਅਪਣਾ ਰਹੇ ਹਨ। ਇਸ ਦਾ ਇੱਕ ਹੋਰ ਕਾਰਨ ਨਾਸਤਿਕ ਜਥੇਬੰਦੀ ਦੁਆਰਾ ਕੀਤੀ ਜਾਂਦੀ ਸਮਾਜ ਸੇਵਾ ਵੀ ਹੈ ਜਿਸ ਵਿੱਚ ਖਾਸ ਤੌਰ ’ਤੇ ਗਰੀਬ ਵਿਦਿਆਰਥੀਆਂ ਦੀ ਸਹਾਇਤਾ ਕਰਨਾ ਹੈ। ਸਮਾਜ ਸੇਵਾ ਕਾਰਨ ਸਾਡਾ ਮਾਨਵਤਾਵਾਦੀ ਹੋਣ ਦਾ ਸੰਕਲਪ ਲੋਕਾਂ ਵਿੱਚ ਪ੍ਰਵਾਨ ਹੋਇਆ ਹੈ।”


“ਜਦੋਂ ਅਸੀਂ ਇੱਕ ਗਰੀਬ ਵਿਦਿਆਰਥੀ ਦੀ ਫੀਸ ਦੇਣ ਵਿੱਚ ਸਹਾਇਤਾ ਕੀਤੀ ਤਾਂ ਪੁਜਾਰੀ ਵਰਗ ਨੇ ਉਸ ਵਿਦਿਆਰਥੀ ਦੀ ਮਾਂ ਨੂੰ ਉਕਸਾਇਆ ਕਿ ਉਹ ਸਾਡੇ ਪੈਸੇ ਨੂੰ ਸਵੀਕਾਰ ਨਾ ਕਰੇ ਕਿਉਂਕਿ ਸ਼ੈਤਾਨ ਵੱਲੋਂ ਆਇਆ ਪੈਸਾ ਹੈ। ਕੁਝ ਚਰਚ ਨਾਸਤਿਕ ਵਿਚਾਰਧਾਰਾ ਨੂੰ ਖੁੱਲੇ ਮਨ ਨਾਲ ਵੀ ਲੈਂਦੇ ਹਨ ਅਤੇ ਉਹਨਾਂ ਦਾ ਮੰਨਣਾ ਹੈ ਕਿ ਵੱਖਰੇ-ਵੱਖਰੇ ਵਿਚਾਰ ਰੱਖਣ ਵਾਲੇ, ਜਿੰਨ੍ਹਾਂ ਵਿੱਚ ਨਾਸਤਿਕ ਵੀ ਸ਼ਾਮਿਲ ਹਨ, ਸ਼ੁਰੂ ਤੋਂ ਹੀ ਮੌਜੂਦ ਰਹੇ ਹਨ। ਉਹ ਨਾਸਤਿਕ ਲੋਕਾਂ ਦੀ ਗਰੀਬ ਬੱਚਿਆਂ ਨਾਲ ਹਮਦਰਦੀ ਨੂੰ ਪਰਮਾਤਮਾ ਦੀ ਦੇਣ ਹੀ ਮੰਨਦੇ ਹਨ। ਉਹ ਭਾਵੇਂ ਪਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ ਪਰ ਇਹ ਪਰਮਾਤਮਾ ਦਾ ਤੱਤ ਹੀ ਹੈ ਜੋ ਉਹਨਾਂ ਨੂੰ ਚੰਗੇ ਇਨਸਾਨ ਬਣਾਉਂਦਾ ਹੈ।”

ਤਰਕਸ਼ੀਲ ਮੌਰਸ ਵੰਜੋਹੀ, ਜੋ ਕੱਟੜ ਇਸਾਈ ਪਰਿਵਾਰ ਵਿੱਚ ਪੈਦਾ ਹੋਇਆ, ਵੀ ਆਪਣੇ ਦਾਦਾ ਵਾਂਗ ਪਾਦਰੀ ਬਣਨਾ ਚਾਹੁੰਦਾ ਸੀ। ਉਹ ਕਹਿੰਦਾ ਹੈ ਕਿ ਅਜਿਹਾ ਹੋਣਾ ਸੁਭਾਵਿਕ ਵੀ ਹੈ ਕਿਉਂਕਿ ਧਾਰਮਿਕ ਸਮਾਜ ਵਿੱਚ ਪਾਦਰੀ ਤੇ ਬਿਸ਼ਪ ਹੀ ਤੁਹਾਡੇ ਰੋਲ ਮਾਡਲ ਬਣ ਜਾਂਦੇ ਹਨ। ਉਸ ਦੇ ਵਿਚਾਰਾਂ ਵਿੱਚ ਪਹਿਲੀ ਵਾਰ ਤਬਦੀਲੀ ਉਦੋਂ ਆਈ ਜਦੋਂ ਉਸਨੇ ਟੀ. ਵੀ. ਉੱਪਰ ਨਾਸਤਿਕ ਆਗੂਆਂ ਨੂੰ ਚਰਚਾ ਕਰਦੇ ਹੋਏ ਸੁਣਿਆ।

ਕੀਨੀਆ ਦੇ ਇੱਕ ਨਾਸਤਿਕ ਡੋਰਥੀ ਦਾ ਕਹਿਣਾ ਹੈ ਕਿ “ਮੈਂ 17 ਸਾਲਾਂ ਦਾ ਸੀ ਜਦੋਂ ਮੈਂ ਨਾਸਤਿਕ ਹੋ ਗਿਆ। ਮੈਂ ਆਪਣੇ ਵਿਚਾਰ ਖੁੱਲ ਕੇ ਪ੍ਰਗਟ ਕਰਦਾ ਸਾਂ, ਇਸ ਲਈ ਮੈਨੂੰ ਬਹੁਤ ਸਾਰੇ ਦੋਸਤ ਗਵਾਉਣੇ ਪਏ। ਮੇਰੇ ਪਰਿਵਾਰ ਵਾਲੇ ਵੀ ਮੇਰੀ ਪਰਵਾਹ ਨਹੀਂ ਕਰਦੇ। ਮੇਰੀ ਮਾਂ ਮੈਨੂੰ ਅਜੇ ਵੀ ਜਬਰਦਸਤੀ ਚਰਚ ਵਿੱਚ ਲੈ ਕੇ ਜਾਂਦੀ ਹੈ। ਦਰਅਸਲ ਮੇਰੇ ਗੈਰ ਧਾਰਮਿਕ ਵਿਚਾਰ ਮੇਰੇ ਲਈ ਸਮੱਸਿਆ ਨਹੀਂ ਹਨ, ਸਗੋਂ ਇਹ ਸਮਾਜ ਵਿੱਚ ਫੈਲੀ ਧਾਰਮਿਕ ਅਸਹਿਣਸ਼ੀਲਤਾ ਹੈ ਜੋ ਮੁਸੀਬਤ ਬਣਦੀ ਹੈ।”

ਹਵਾਲੇ: 1. ਫਰੀਡਮ ਆਫ ਥਾਟ ਰਿਪੋਰਟ ਫਰੌਮ ਕੀਨੀਆ
2. ਦ ਗਾਰਡੀਅਨ

ਧਾਰਾ 295



ਅਵਤਾਰ ਗੋਂਦਾਰਾ

ਜਿਵੇਂ ਧਾਰਾ ਸੱਤ ਇਕਵੰਜਾ (107/151 ਕ੍ਰਿਮੀਨਲ ਪ੍ਰੋਸੀਜਰ ਕੋਡ) ਲੋਕ ਮੁਹਾਵਰੇ ਵਾਂਗ, ਜਨ-ਸਾਧਾਰਨ ਦੇ ਮਨਾਂ ਵਿੱਚ ਵਸੀ ਹੋਈ ਹੈ, ਇਸ ਤਰ੍ਹਾਂ ਲਗਦੈ, ਇਹੀ 'ਪ੍ਰਸਿੱਧੀ' ਧਾਰਾ 295 ਨੂੰ ਮਿਲਣ ਜਾ ਰਹੀ ਹੈ। ਪਿੰਡਾਂ ਵਿੱਚ, ਜੇ ਕੋਈ ਝਗੜਾਲੂ ਸੁਭਾਅ ਦਾ ਬੰਦਾ ਹੋਵੇ, ਤਾਂ ਕਹਿ ਦਿੰਦੇ ਆ ਕਿ ਇਹ ਤੁਰੀ ਫਿਰਦੀ ਸੱਤ-ਇਕਵੰਜਾ ਹੈ। ਇਹੀ ਗੱਲ ਧਾਰਾ 295 ਨਾਲ ਹੋਣੀ ਹੈ, ਜੇ ਕੋਈ ਕਿਸੇ ਗੱਲ ਜਾਂ ਟਿੱਪਣੀ ਨਾਲ ਨਾਰਾਜ ਹੋ ਗਿਆ, ਤਾਂ ਕਿਹਾ ਜਾਵੇਗਾ ਕਿ ਇਹ ਤਾਂ 295 ਬਣਿਆ ਬੈਠਾ। ਆਏ ਦਿਨ, ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗਣ ਦੀ ਆੜ ਵਿੱਚ ਵਿਰੋਧੀ ਜਾਂ ਪੜਚੋਲੀਆ ਆਵਾਜਾਂ ਨੂੰ ਦਬਾਉਣ ਲਈ, ਧਾਰਾ 295 ਅਤੇ ਨਾਲ ਦੀਆਂ ਧਾਰਾਵਾਂ ਨੂੰ ਬੇਦਰੇਗ ਵਰਤਿਆ ਜਾ ਰਿਹਾ ਹੈ। ਇੰਨ੍ਹਾਂ ਧਾਰਾਵਾਂ ਬਾਰੇ ਮੋਟੀ ਜਾਣਕਾਰੀ ਹੋਣੀ ਕੁਥਾਂ ਨਹੀਂ ਹੋਵੇਗੀ।

ਭਾਰਤੀ ਦੰਡਾਵਲੀ ਦੇ ਚੈਪਟਰ 15 ਵਿੱਚ ਅੱਧੀ ਦਰਜਨ ਧਾਰਾਵਾਂ ਹਨ ਜੋ ਧਰਮ ਜਾਂ ਧਾਰਮਿਕ ਥਾਵਾਂ ਸੰਬੰਧੀ ਜੁੜੇ ਦੋਸ਼ਾਂ ਨਾਲ ਸੰਬੰਧਿਤ ਹਨ:

1) **295**- ਕਿਸੇ ਵੀ ਵਰਗ ਦੇ ਧਰਮ ਦਾ ਅਪਮਾਨ ਕਰਨ ਦੀ ਨੀਅਤ ਨਾਲ, ਉਨ੍ਹਾਂ ਦੇ ਪੂਜਾ ਸਥਾਨ ਨੂੰ ਨੁਕਸਾਨ ਪਹੁੰਚਾਉਣਾ ਜਾਂ ਖਰਾਬ ਕਰਨਾ। ਇਸ ਵਿੱਚ ਦੋ ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ।

2) 295 ਏ- ਕਿਸੇ ਵੀ ਵਰਗ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ, ਉਨ੍ਹਾਂ ਦੇ ਧਰਮ ਜਾਂ ਧਾਰਮਿਕ ਵਿਸ਼ਵਾਸਾਂ ਦਾ ਜਾਣਬੁੱਝ ਕੇ ਅਤੇ ਬਦਨੀਅਤੀ ਨਾਲ ਲਿਖਕੇ, ਬੋਲਕੇ ਜਾਂ ਇਸ਼ਾਰਤਨ ਕੀਤਾ ਗਿਆ ਅਪਮਾਨ ਇਸ ਅਧੀਨ ਆਉਂਦਾ ਹੈ। ਇਸ ਜ਼ੁਰਮ ਦੀ ਸਜਾ ਜੁਰਮਾਨੇ ਤੋਂ ਬਿਨ੍ਹਾਂ ਤਿੰਨ ਸਾਲ ਦੀ ਕੈਦ ਹੈ।

3) **296**- ਕਿਸੇ ਵੀ ਧਾਰਮਿਕ ਇਕੱਠ ਜਾਂ ਪਾਠ-ਪੂਜਾ ਵਿੱਚ ਜਾਣਬੁੱਝ ਕੇ ਖਲਬਲੀ ਪਾਉਣ ਦੀ ਸਜਾ ਜੁਰਮਾਨੇ ਦੇ ਨਾਲ ਨਾਲ ਇੱਕ ਸਾਲ ਦੀ ਕੈਦ ਹੋ ਸਕਦੀ ਹੈ।

4) **297**- ਜੇ ਕੋਈ ਜਣਾ, ਇਹ ਜਾਣਦਿਆਂ ਹੋਇਆਂ ਕਿ ਕਬਰਾਂ ਜਾਂ ਸ਼ਮਸ਼ਾਨ ਘਾਟ ਵਿੱਚ ਜਾਣਬੁੱਝ ਕੇ ਦਾਖਲ ਹੋਣ ਨਾਲ ਕਿਸੇ ਵਿਆਕਤੀ ਦੀਆਂ ਧਾਰਮਿਕ ਭਾਵਨਾਵਾਂ ਆਹਤ ਹੁੰਦੀਆਂ ਹਨ ਜਾਂ ਉਸ ਦੇ ਧਰਮ ਦੀ ਹੱਤਕ ਹੁੰਦੀ ਹੈ ਤਾਂ ਇਹ ਦਖਲ ਸਜ਼ਾਯੋਗ ਹੈ। ਇਸ ਦੀ ਸਜ਼ਾ ਜੁਰਮਾਨੇ ਤੋਂ ਬਿਨ੍ਹਾਂ ਇੱਕ ਸਾਲ ਦੀ ਕੈਦ ਹੈ।

5) **298**- ਜਾਣਬੁੱਝ ਕੇ ਲਿਖੇ ਜਾਂ ਬੋਲੇ ਕਿਸੇ ਵੀ ਸ਼ਬਦ ਜਾਂ ਇਸ਼ਾਰੇ ਨਾਲ ਜੇ ਕਿਸੇ ਵਿਆਕਤੀ ਦੀਆਂ ਧਾਰਮਿਕ ਭਾਵਨਾਵਾਂ ਆਹਤ ਹੁੰਦੀਆਂ ਹਨ, ਤਾਂ ਇਹ ਕਾਰਜ ਵੀ ਸਜ਼ਾਯੋਗ ਹੈ, ਜਿਸ ਹੇਠ ਜੁਰਮਾਨੇ ਦੇ ਨਾਲ ਨਾਲ ਇੱਕ ਸਾਲ ਦੀ ਕੈਦ ਹੋ ਸਕਦੀ ਹੈ।

ਇਹ ਸਾਰੇ ਜ਼ੁਰਮ ਨਾ ਕਾਬਲੇ ਜਮਾਨਤ ਹਨ, ਜਿੰਨਾਂ ਵਿੱਚ ਪੁਲੀਸ ਸਿੱਧਾ ਦਖਲ ਦੇ ਸਕਦੀ ਹੈ। ਇੰਨ੍ਹਾਂ ਕੇਸਾਂ ਵਿੱਚ ਰਾਜੀਨਾਮਾ ਨਹੀਂ ਹੋ ਸਕਦਾ। ਕਾਬਲੇ ਜਮਾਨਤ ਕੇਸਾਂ ਵਿੱਚ ਪੁਲਿਸ ਕੋਲ ਜਮਾਨਤ ਲੈਣ ਦਾ ਅਧਿਕਾਰ ਹੁੰਦਾ ਹੈ, ਪਰ ਇੰਨ੍ਹਾਂ ਕੇਸਾਂ ਵਿਚ ਜਮਾਨਤ ਦਾ ਅਧਿਕਾਰ ਪੁਲਿਸ ਕੋਲ ਨਹੀਂ। ਇਸ ਲਈ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਉਸ ਨੂੰ ਅਦਾਲਤ ਵਿੱਚ ਪੇਸ਼ ਕਰਦੀ ਹੈ, ਜੋ ਕੇਸ ਦੀ ਗੰਭੀਰਤਾ ਦੇਖਦਿਆਂ, ਪੇਸ਼ ਹੋਣ ਸਾਰ, ਜਾਂ ਕੁੱਝ ਦਿਨ ਜੇਲ੍ਹ ਭੇਜ ਕੇ, ਜਮਾਨਤ ਦੇ ਦਿੰਦੀ ਹੈ।

ਮੁਢਲੀ ਭਾਰਤੀ ਦੰਡਾਵਲੀ ਵਿੱਚ ਕਿਸੇ ਵਰਗ ਵਿਸ਼ੇਸ਼ ਦੀਆਂ 'ਧਾਰਮਿਕ ਭਾਵਨਾਵਾਂ ਨੂੰ ਠੇਸ' ਦਾ ਕੋਈ ਵਿਧਾਨ ਨਹੀਂ ਸੀ। ਆਜਾਦੀ ਤੋਂ ਪਹਿਲਾਂ, ਹੁਣ ਵਾਲੇ ਪਾਕਿਸਤਾਨ ਵਿੱਚ 1927 ਵਿੱਚ ਹਜਰਤ ਮੁਹੰਮਦ ਦੇ ਨਿੱਜੀ ਜੀਵਨ ਅਤੇ ਵਿਆਹਾਂ ਬਾਰੇ ਕਿਤਾਬ ਛਪੀ ਸੀ। ਕਿਸੇ ਸ਼ਿਕਾਇਤ ਦੀ ਬਿਨਾ 'ਤੇ ਪੁਲਿਸ ਨੇ ਪ੍ਰਕਾਸ਼ਕ ਨੂੰ ਹਿਰਾਸਤ ਵਿੱਚ ਲੈ ਕੇ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਦੋ ਸਾਲ ਦੀ ਕਾਰਵਾਈ ਬਾਅਦ, ਅਦਾਲਤ ਨੇ ਪ੍ਰਕਾਸ਼ਕ ਨੂੰ ਇਸ ਬਿਨਾ 'ਤੇ ਬਰੀ ਕਰ ਦਿੱਤਾ ਕਿ ਉਸ ਦੇ ਦੋਸ਼ ਬਾਰੇ ਕੋਈ ਕਾਨੂੰਨ ਨਹੀਂ ਹੈ। ਪ੍ਰਕਾਸਕ ਬਰੀ ਤਾਂ ਹੋ ਗਿਆ, ਪਰ ਅਦਾਲਤ ਦੇ ਅਹਾਤੇ ਵਿੱਚ ਹੀ ਇਲਮਉਦੀਨ ਨਾਂ ਦੇ ਬੰਦੇ ਨੇ ਉਸ ਦੀ ਹੱਤਿਆ ਕਰ ਦਿੱਤੀ। ਸਿੱਟੇ ਵਜੋਂ ਬਰਤਾਨੀਆ ਦੀ ਪਾਰਲੀਮੈਂਟ ਨੇ ਵਿਅਕਤੀ ਦੇ ਨਾਲ, ਵਰਗ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਈ 295 ਏ ਧਾਰਾ ਨੂੰ ਵੀ ਸ਼ਾਮਿਲ ਕਰ ਲਿਆ।

ਦੋਸ਼ਾਂ ਦੇ ਮੁੱਖ ਤੱਤ: ਇਸ ਚੈਪਟਰ ਦੇ ਸਾਰੇ ਦੋਸ਼ਾਂ ਦੀ ਗਿਰੀ ਇਹ ਹੈ ਕਿ, ਦੋਸ਼ੀ ਨੂੰ ਸਜ਼ਾ ਤਾਂ ਮਿਲੂ, ਜੇ ਉਸ ਨੇ ਇਹ ਜ਼ੁਰਮ, **ਜਾਣਬੁੱਝ ਕੇ ਅਤੇ ਬਦਨੀਅਤੀ** ਨਾਲ ਕੀਤਾ ਹੋਵੇ। ਇਹੀ ਕਸੌਟੀ ਧਾਰਾ 295, 295 ਏ ਉਪਰ ਲਾਗੂ ਹੁੰਦੀ ਹੈ। ਭਾਰਤੀ ਸੁਪਰੀਮ ਕੋਰਟ ਨੇ ਆਪਣੇ ਕਈ ਫੈਸਲਿਆਂ ਵਿੱਚ ਕਿਹਾ ਹੈ ਕਿ ਕਿਸੇ ਧਰਮ ਜਾਂ ਧਾਰਮਿਕ ਵਿਸ਼ਵਾਸ਼ਾਂ ਬਾਰੇ

ਅਣਜਾਣਪੁਣੇ, ਬੇਧਿਆਨੀ, ਜਾਂ ਅਕਾਦਮਿਕ ਖੇਤਰ ਵਿੱਚ ਕੀਤੀ ਅਲੋਚਨਾ ਜਾਂ ਟਿੱਪਣੀ ਨਾਲ ਦੋਸ਼ ਨਹੀਂ ਬਣਦਾ, ਜਿੰਨਾਂ ਚਿਰ ਇਹ ਸਿੱਧ ਨਾ ਹੋਵੇ ਕਿ ਇਹ ਸਿਰਫ਼ ਤੇ ਸਿਰਫ਼ ਜਾਣਬੁੱਝ ਕੇ ਜਾਂ ਬਦਨੀਅਤੀ ਨਾਲ ਕੀਤੀਆਂ ਗਈਆਂ ਸਨ। ਅਮੀਸ਼ ਦੇਵਗਨ ਬਨਾਮ ਯੂਨੀਅਨ ਆਫ ਇੰਡੀਆ (2020) ਕੇਸ ਵਿੱਚ, ਭਾਰਤੀ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਧਰਮ ਸੰਬੰਧੀ ਕੋਈ ਵੀ ਤਿੱਖੀ ਤੋਂ ਤਿੱਖੀ ਟਿੱਪਣੀ ਗੁਨਾਹ ਨਹੀਂ ਬਣਦੀ, ਜਿੰਨਾਂ ਚਿਰ ਇਹ ਸਿੱਧ ਨਾ ਕੀਤਾ ਜਾਵੇ ਕਿ ਇਹ ਜਾਣਬੁੱਝ ਕੇ ਜਾਂ ਬਦਨੀਅਤੀ ਨਾਲ ਕੀਤੀ ਗਈ ਸੀ। ਜਿਵੇਂ ਕਿਸੇ ਸਰਜਨ ਦੁਆਰਾ ਕੀਤੀ ਚਾਕੂ ਦੀ ਵਰਤੋਂ ਨੂੰ ਕਿਸੇ ਲੁਟੇਰੇ ਦੁਆਰਾ ਕੀਤੀ ਚਾਕੂ ਦੀ ਵਰਤੋਂ ਨਾਲ ਤੁਲਨਾਇਆ ਨਹੀਂ ਜਾ ਸਕਦਾ। ਇਸ ਲਈ ਧਾਰਮਿਕ ਭਾਵਨਾਵਾਂ ਨੂੰ ਠੇਸ ਦੀ ਆੜ ਵਿੱਚ ਧਰਮ ਜਾਂ ਧਾਰਮਿਕ ਵਿਸ਼ਵਾਸ਼ਾਂ ਦੀ ਸਾਰਥਿਕ ਜਾਂ ਉਸਾਰੂ ਅਲੋਚਨਾ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਵੱਡੀਆਂ ਅਦਾਲਤਾਂ ਦੇ ਇਹ ਫੈਸਲੇ ਥਾਣੇ ਜਾਂ ਸਮਾਜ ਵਿੱਚ ਕੰਮ ਨਹੀਂ ਆਉਂਦੇ। ਜਦੋਂ ਵੀ ਕੋਈ ਸ਼ਿਕਾਇਤ ਆਉਂਦੀ ਹੈ, ਅਮਨ ਕਾਨੂੰਨ ਭੰਗ ਹੋਣ ਦੇ ਬਹਾਨੇ, ਪੁਲਿਸ ਕੇਸ ਦਰਜ ਕਰਕੇ, ਆਪਣੇ ਗਲੋਂ ਗਲਾਵਾਂ ਲਾਹ ਦਿੰਦੀ ਹੈ, ਜਿਸ ਲਈ ਬਰੀ ਹੋਣ ਤੱਕ, ਦੋਸ਼ੀ ਨੂੰ ਕਈ ਸਾਲ ਅਦਾਲਤਾਂ ਦੇ ਚੱਕਰ ਲਾਉਣੇ ਪੈਂਦੇ ਹਨ, ਜਿਸ ਨਾਲ ਸਮਾਂ ਅਤੇ ਸਰਮਾਇਆ ਬਰਬਾਦ ਹੁੰਦਾ ਹੈ। ਕਿਸੇ ਸਮਾਜਸੇਵੀ ਖਿਲਾਫ਼ ਅਜਿਹੇ ਬਹੁਤੇ ਕੇਸ, ਉਸ ਦੀਆਂ ਅਗਾਂਹਵਧੂ ਸਰਮਗਰਮੀਆਂ ਵਿੱਚ ਵਿਘਨ ਪਾਉਣ ਲਈ ਹੀ ਕੀਤੇ ਜਾਂਦੇ ਹਨ।

ਧਾਰਾਵਾਂ ਦਾ ਕੱਜ: ਇਹ ਧਾਰਾਵਾਂ, ਸੰਵਿਧਾਨ ਦੁਆਰਾ ਦਿੱਤੇ 'ਪ੍ਰਗਟਾਅ ਦੀ ਆਜ਼ਾਦੀ' ਦੇ ਬੁਨਿਆਦੀ ਹੱਕ ਅਤੇ ਆਰਟੀਕਲ 51 ਏ ਅਧੀਨ ਸੌਂਪੀ 'ਸ਼ਹਿਰੀ ਜ਼ਿੰਮੇਵਾਰੀ' ਦੇ ਵੀ ਖਿਲਾਫ਼ ਹਨ। ਜੇ ਕੋਈ ਸ਼ਹਿਰੀ ਵਿਗਿਆਨਕ ਨਜ਼ਰੀਏ ਦੇ ਪ੍ਰਚਾਰ ਲਈ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਂਦਾ ਹੈ ਤਾਂ ਉਸ ਦਾ ਧਾਰਮਿਕ ਵਿਸ਼ਵਾਸ਼ਾਂ ਨਾਲ ਟਕਰਾ ਆਉਣਾ ਸੁਭਾਵਿਕ ਹੈ। ਇਹਨਾਂ ਧਾਰਾਵਾਂ ਦਾ ਕੱਜ ਇਹ ਵੀ ਹੈ ਕਿ ਇਹ ਧਾਰਮਿਕ ਭਾਵਨਾਵਾਂ ਨੂੰ ਠੇਸ ਦੀ ਗੱਲ ਤਾਂ ਕਰਦੀਆਂ ਹਨ, ਪਰ ਗੈਰਧਾਰਮਿਕ ਜਾਂ ਨਾਸਤਿਕਾਂ ਦੇ ਵਿਸ਼ਵਾਸ਼ਾਂ ਜਾਂ ਭਾਵਨਾਵਾਂ ਬਾਰੇ ਚੁੱਪ ਹਨ। ਜਿਸ ਤੋਂ ਪ੍ਰਭਾਵ ਇਹ ਬਣ ਗਿਆ ਕਿ ਭਾਵਨਾਵਾਂ ਸਿਰਫ਼ ਧਾਰਮਿਕ ਜਾਂ ਦੈਵੀ ਹੁੰਦੀਆਂ ਹਨ, ਹੋਰ ਨਹੀਂ। ਜਦੋਂ ਕਿ ਇੰਨਾਂ ਦਾ ਕਿਸੇ ਵਿਅਕਤੀ ਦੇ ਧਾਰਮਿਕ ਜਾਂ ਅਧਾਰਮਿਕ ਹੋਣ ਨਾਲ ਕੋਈ ਤੁਅੱਲਕ ਨਹੀਂ, ਇਹ ਮਨੁੱਖੀ ਹੁੰਦੀਆਂ ਹਨ। ਕਿਸੇ ਵੀ ਧਰਮ ਦੇ ਪ੍ਰਭਾਵ ਹੇਠ ਆਉਣ ਤੋਂ ਪਹਿਲਾਂ ਹਰ ਬੱਚਾ ਸੱਚੀਆਂ ਸੁੱਚੀਆਂ ਭਾਵਨਾਵਾਂ ਨਾਲ ਭਰਿਆ ਹੁੰਦਾ ਹੈ। ਇਨਕਲਾਬੀ ਪਦਾਰਥਵਾਦੀ ਨਜ਼ਰੀਏ ਵਾਲੇ ਸ਼ਹੀਦ ਭਗਤ ਸਿੰਘ, 'ਰੱਬ' ਤੋਂ ਮੁਨਕਰ ਬੁੱਧ ਅਤੇ ਮਹਾਂਵੀਰ, ਆਮ ਧਾਰਮਿਕ ਵਿਅਕਤੀਆਂ ਨਾਲੋਂ ਵੱਧ ਭਾਵਨਾਤਮਕ ਸਨ।

ਸੰਵਿਧਾਨਕ ਅਪਮਾਨ: ਸਾਰੀਆਂ ਆਜ਼ਾਦੀਆਂ ਦੀ ਸਿਰਮੌਰ 'ਪ੍ਰਗਟਾਵੇ ਦੀ ਆਜ਼ਾਦੀ' ਦੇ ਇਸ ਦੌਰ ਵਿੱਚ, ਭਾਰਤ ਵਰਗੇ, ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਜਾਣੇ ਜਾਂਦੇ ਮੁਲਕ ਵਿੱਚ, ਇਸ ਆਜ਼ਾਦੀ ਖਿਲਾਫ਼ ਇਹਨਾਂ ਧਾਰਾਵਾਂ ਦਾ ਹੋਣਾ ਧੱਬਾ ਹੈ। ਅਸਲ ਵਿੱਚ ਇਹ ਭਾਰਤੀ ਸੰਵਿਧਾਨ ਦਾ ਅਪਮਾਨ ਹੈ ਜਿਸ ਦੀ ਭੂਮਿਕਾ ਵਿੱਚ ਧਰਮ ਨਿਰਪੇਖਤਾ ਨੂੰ ਵਡਿਆਇਆ ਗਿਆ ਹੈ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਮੂਲ ਅਧਿਕਾਰਾਂ ਵਿੱਚ ਰੱਖਿਆ ਗਿਆ ਹੈ ਜਿਸ ਵਿੱਚ ਧਰਮ ਨੂੰ ਮੰਨਣ ਵਾਲੇ, ਨਾ ਮੰਨਣ ਵਾਲੇ ਅਤੇ ਨਾਸਤਿਕ ਸ਼ਹਿਰੀਆਂ ਨੂੰ ਬਰਾਬਰ ਦਾ ਹੱਕ ਦਿੱਤਾ ਗਿਆ ਹੈ। ਉਕਤ ਧਾਰਾਵਾਂ ਸੰਵਿਧਾਨਿਕ ਜ਼ਿੰਮੇਵਾਰੀ ਦੇ ਰਾਹ ਵਿੱਚ ਵੀ ਰੋੜਾ ਹਨ, ਜੋ ਆਰਟੀਕਲ 51 ਏ ਤਹਿਤ, ਹਰ ਸ਼ਹਿਰੀ ਨੂੰ ਵਿਗਿਆਨਕ ਨਜ਼ਰੀਏ ਦੇ ਪ੍ਰਚਾਰ ਪ੍ਰਸਾਰ ਲਈ ਆਗਾਹ ਕਰਦੀ ਹੈ। ਕੀ ਕਾਰਣ ਹੈ ਕਿ ਬਸਤੀਵਾਦੀ ਕਾਨੂੰਨ ਦੀਆਂ ਇੰਨਾਂ ਧਾਰਾਵਾਂ ਨੂੰ, ਰੱਦ ਕਰਨ ਦੀ ਥਾਂ, ਇਹਨਾਂ ਦੇ ਦੰਦਾਂ ਨੂੰ ਹੋਰ ਤਿੱਖਾ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਬਹਿਬਲ ਕਲਾਂ ਅਤੇ ਬਰਗਾੜੀ ਵਿੱਚ ਵਾਪਰੀਆਂ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ, ਪੰਜਾਬ ਵਿੱਚ ਕਾਂਗਰਸੀ, ਅਕਾਲੀ ਭਾਜਪਾ ਸਰਕਾਰਾਂ ਵੱਲੋਂ, ਇਹਨਾਂ ਧਾਰਾਵਾਂ 'ਚ 295 ਏ ਏ ਦਾ ਵਾਧਾ ਕਰਕੇ ਸਜ਼ਾਵਾਂ ਨੂੰ ਉਮਰ ਕੈਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਰੁਜ਼ਗਾਰ ਅਤੇ ਜਿਨਸਾਂ ਦੇ ਵੱਧ ਭਾਵਾਂ ਲਈ ਲੜ ਰਹੀਆਂ ਸਭ ਧਿਰਾਂ ਆਦਿ ਨੂੰ ਚਾਹੀਦਾ ਕਿ ਉਹ ਇੰਨਾਂ ਸੁਆਲਾਂ ਵੱਲ ਵੀ ਬਣਦਾ ਧਿਆਨ ਦੇਣ। ਜੇ 'ਪ੍ਰਗਟਾਅ ਦੀ ਆਜ਼ਾਦੀ' ਹੀ ਨਾ ਰਹੀ ਤਾਂ ਸਿਆਸੀ ਅਤੇ ਆਰਥਿਕ ਘੋਲ ਕਿਵੇਂ ਹੋਣਗੇ?

ਸਮੱਸਿਆ: ਧਰਮ ਨਾਲ ਸੰਬੰਧਿਤ ਇਹ ਧਾਰਾਵਾਂ ਬਿਮਾਰੀ ਨਹੀਂ, ਸਗੋਂ ਬੀਮਾਰੀ ਦਾ ਲੱਛਣ ਹਨ। ਸਾਰੇ ਭਾਰਤੀ ਸਮਾਜ ਦਾ, ਧਾਰਮਿਕ, ਇਲਾਕਾਈ ਅਤੇ ਭਾਸ਼ਾਈ ਆਧਾਰ 'ਤੇ ਧਰੁਵੀਕਰਣ ਹੋ ਚੁੱਕਿਆ ਹੈ, ਜਿਸ ਵਿੱਚ ਹਰ ਫ਼ਿਰਕੇ ਨੇ ਆਪੋ ਆਪਣੀ ਗਿਣਤੀ ਅਤੇ ਸ਼ਕਤੀ ਮੁਤਾਬਿਕ ਹਿੱਸਾ ਪਾਇਆ ਹੈ। ਜੇ ਭਾਰੂ ਧਿਰ ਧਰੁਵੀਕਰਣ ਕਰ ਰਹੀ ਹੈ, ਤਾਂ ਦੂਜੀਆਂ ਪੀੜਤ ਧਿਰਾਂ, ਸਿਵਾਏ ਅਲੋਚਨਾ ਕਰਨ ਦੇ, ਇਹ ਧਰੁਵੀਕਰਣ ਨੂੰ ਰੋਕਣ ਲਈ ਕੋਈ ਬੱਝਵਾ ਕਾਰਜ ਕਰ ਨਹੀਂ ਸਕੀਆਂ। ਨਦੀਨ ਉਸੇ ਥਾਂ ਹੀ ਉੱਗਦਾ ਹੈ, ਜਿਸ ਦੀ ਗੋਡੀ ਨਹੀਂ ਹੁੰਦੀ ਜਾਂ ਜਿਸ ਨੂੰ ਅਣਗੌਲਿਆ ਛੱਡ ਦਿੱਤਾ ਜਾਂਦਾ।

ਇਸ ਦਾ ਖਮਿਆਜਾ ਪੱਤਰਕਾਰ, ਲੇਖਕ, ਫਿਲਮਸਾਜ, ਅਗਾਂਹਵਧੂ ਸਮਾਜਸੇਵੀ ਅਤੇ ਸਿਆਸੀ ਵਿਰੋਧੀ ਭੁਗਤ ਰਹੇ ਹਨ। ਮਸਲਾ ਕਾਨੂੰਨਾਂ ਤੱਕ ਸੀਮਿਤ ਨਹੀਂ ਰਿਹਾ। ਅੱਡੋ ਅੱਡ ਫਿਰਕਿਆਂ ਦੇ ਲੱਠਮਾਰ, ਮਰਿਆਦਾ ਵਿੱਚ ਭੰਗਣਾ, ਕਿਸੇ ਖਾਸ ਖੁਰਾਕ, ਪਹਿਰਾਵੇ ਜਾਂ ਧਾਰਮਿਕ ਅਪਮਾਨ ਦੀ ਬਿਨਾ 'ਤੇ ਕਿਸੇ ਦੀ ਕੁੱਟਮਾਰ ਕਰ ਸਕਦੇ ਹਨ, ਕਿਸੇ ਦੀ ਹੱਤਿਆ ਕਰ ਸਕਦੇ ਹਨ, ਅਤੇ ਸੰਬੰਧਿਤ ਫਿਰਕਾ ਉਨਾਂ ਨੂੰ 'ਗਾਜੀ' ਜਾਂ 'ਸ਼ਹੀਦ' ਵਜੋਂ ਵਡਿਆਉਂਦਾ ਹੈ। ਭਾਰਤ ਵਿੱਚ ਗੌਰੀ ਲੰਕੇਸ਼, ਪ੍ਰੋ. ਕਲਬੁਰਗੀ ਅਤੇ ਡਾ. ਦਭੋਲਕਰ ਆਦਿ ਅਤੇ ਪਾਕਿਸਤਾਨ ਵਿੱਚ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਅਤੇ ਸ਼ਾਹਨਵਾਜ ਭੱਟੀ ਅਤੇ ਹੋਰ ਕਈ, ਧਾਰਮਿਕ ਆਪਮਾਨ ਦੀ ਬਲ ਰਹੀ ਇਸ ਅੱਗ ਦੀ ਲਪੇਟ ਵਿੱਚ ਆ ਚੁੱਕੇ ਹਨ। ਇਸ ਖਿਲਾਫ਼ ਦੋ ਹੱਦਾਂ ਉੱਪਰ ਲੜਨਾ ਪੈਣਾ ਹੈ। ਇੱਕ ਪਾਸੇ ਇੰਨਾਂ ਧਾਰਾਵਾਂ ਨੂੰ ਕਾਨੂੰਨ ਵਿੱਚੋਂ ਖਾਰਜ ਕਰਵਾਉਣਾ ਅਤੇ ਦੂਜਾ, ਭਾਈਚਾਰਿਆਂ ਦੀ ਆਪਣੀ ਕੁੜੱਤਣ ਨੂੰ ਘਟਾਉਣ ਲਈ ਬੱਝਵੀਆਂ ਸਮਾਜਿਕ-ਸਭਿਆਚਾਰਕ ਸਰਗਰਮੀਆਂ ਦੇ ਰਾਹ ਪੈਣਾ।

ਸੁਝਾਅ: ਹੁਣ ਤੱਕ, ਸਾਡੀ ਬਹੁਤੀ ਸਰਗਰਮੀ ਅੱਗ ਬੁਝਾਊ ਵਿਭਾਗ ਵਾਲੀ ਹੈ, ਭਾਵ ਜਦੋਂ ਆਫ਼ਤ ਆਉਂਦੀ ਹੈ, ਉਦੋਂ ਅਸੀਂ ਮਾਨਵੀ ਜਾਂ ਜਮਹੂਰੀ ਅਧਿਕਾਰਾਂ ਨੂੰ ਬਚਾਉਣ ਲਈ ਹਰਕਤ ਵਿੱਚ ਆਉਂਦੇ ਹਾਂ। ਫਿਰ ਠਹਿਰਾਅ ਆ ਜਾਂਦਾ ਹੈ, ਜਿਵੇਂ ਸਭ ਕੁੱਝ ਸਹੀ ਹੋ ਗਿਆ ਹੋਵੇ। ਜਦੋਂ ਕਿ ਮਸਲੇ ਅਤੇ ਵਿਰੋਧਤਾਈਆਂ ਉਵੇਂ ਦੀਆਂ ਉਵੇਂ ਖੜ੍ਹੀਆਂ ਹੁੰਦੀਆਂ ਹਨ। ਸਦੀਆਂ ਪੁਰਾਣੇ ਇਹ ਕਾਨੂੰਨ ਸਮਾਜ ਵਿੱਚ ਪਏ ਡਾਇਨਾਮਾਈਟ ਹਨ, ਜਿੰਨ੍ਹਾਂ ਨੇ ਕਦੇ ਨਾ ਕਦੇ ਫਟਣਾ ਹੀ ਹੈ। ਇੰਨ੍ਹਾਂ ਤੋਂ ਖਹਿੜਾ ਛੁਡਾਉਣ ਲਈ, ਟੁੱਟਵੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈਣਾ, ਦਹਾਕਿਆਂ ਲਈ ਸਰਗਰਮ ਹੋਣਾ ਪਊ। ਇਹ ਕਾਰਜ ਇਕੱਲੇ ਮੰਗ-ਪੱਤਰ ਦੇਣ ਜਾਂ ਮਤਾ ਪਾਉਣ ਨਾਲ ਨਹੀਂ ਹੋਣਾ। ਮੁੱਖਧਾਰਾ ਵਾਲੀ, ਭਾਰੂ ਫਿਰਕਾਪ੍ਰਸਤ ਸਿਆਸਤ ਨੂੰ ਇਹ ਵਾਰਾ ਹੀ ਨਹੀਂ ਖਾਣਾ, ਕਿ ਉਹ ਕਾਨੂੰਨ ਖਾਰਜ ਕਰੇ। ਕਰਨ ਵਾਲੀ ਗੱਲ ਇਹੀ ਬਣਦੀ ਹੈ ਕਿ ਮੁਲਕ ਦੇ ਸਭ ਭਾਈਚਾਰਿਆਂ ਦੇ, ਉਸ ਹਿੱਸੇ ਨੂੰ ਲਾਮਬੰਦ ਕੀਤਾ ਜਾਵੇ, ਜੋ ਇਸ ਵਾਇਰਸ ਤੋਂ ਬਚੇ ਹੋਏ ਹਨ। ਇਨ੍ਹਾਂ ਦੀ ਗਿਣਤੀ ਬਹੁਤ ਹੈ, ਪਰ ਖਿੰਡੀ ਹੋਈ ਹੈ। ਇਕੱਲੇ ਇਕੱਲੇ, ਸਭ ਆਪੋ ਆਪਣੀ ਲੜਾਈ ਲੜ ਰਹੇ ਹਨ ਜਦੋਂ ਕਿ ਰੁਜਗਾਰ ਦੀ, ਮਹਿੰਗਾਈ ਦੀ, ਜਮਹੂਰੀ ਅਤੇ ਮਾਨਵੀ ਹੱਕਾਂ ਦੀ, ਸਿਹਤ ਅਤੇ ਸਿੱਖਿਆ ਸੇਵਾਵਾਂ ਦੀ ਲੜਾਈ ਸਾਂਝੀ ਹੈ। ਫਿਰਕਾਪ੍ਰਸਤੀ ਅਤੇ ਇਲਾਕਾਪ੍ਰਸਤੀ ਨੇ ਇਸ ਸਾਂਝ ਨੂੰ ਗ੍ਰਹਿਣਿਆ ਹੋਇਆ ਹੈ। ਇਸ ਗ੍ਰਹਿਣ ਤੋਂ ਮੁਕਤੀ ਦਾ ਮਸਲਾ ਦਰਪੇਸ਼ ਹੈ। ਇਸ ਲਈ, **ਖੜਕਾ ਕਰਨ ਵਾਲੇ**, ਸ਼ੋਸ਼ਲ ਮੀਡੀਆ ਦੇ ਸੌਖੇ ਕੰਮ ਦੀ ਬਜਾਏ, **ਅਸਰ ਕਰਨ ਵਾਲੇ**, ਆਪਸੀ ਵਾਰਤਾਲਾਪ, ਲੜੀਵਾਰ ਮੁਹੱਲਾ ਮੀਟਿੰਗਾਂ ਦੇ ਔਖੇ ਕੰਮ ਦਾ ਸਹਾਰਾ ਲੈਣਾ ਪਊ ਤਾਂ ਜੋ ਜਾਗਰੂਕ ਹੋਇਆ ਇਹ ਹਿੱਸਾ, ਇੰਨਾਂ ਧਾਰਾਵਾਂ ਨੂੰ ਖਾਰਜ ਕਰਾਉਣ ਲਈ ਸਿਆਸੀ ਸ਼ਕਤੀ ਬਣਨ ਦੇ ਨਾਲ ਨਾਲ ਲੋੜ ਵੇਲੇ ਵਾਹਰ ਬਣ ਕੇ, ਪੀੜਤ ਕਾਰਕੁੰਨ ਲਈ ਸੁਰੱਖਿਆ ਛੱਤਰੀ ਵੀ ਬਣੇ।

ਇਹ ਜੰਗ ਪੂੰਜੀਵਾਦ ਦੇ ਖ਼ਿਲਾਫ਼ ਹੈ

.... ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦੱਸਣਾ ਚਾਹਾਂਗੇ, ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ। ਅਸੀਂ ਇਹ ਐਲਾਨ ਕਰਦੇ ਹਾਂ ਕਿ ਇੱਕ ਯੁੱਧ ਚੱਲ ਰਿਹਾ ਹੈ ਤੇ ਇਹ ਉਦੋਂ ਤੱਕ ਚਲਦਾ ਰਹੇਗਾ, ਜਦ ਤੱਕ ਕੁੱਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ। ਇਹ ਸਭ ਕੁੱਝ ਨਾਲ ਸਾਨੂੰ ਕੋਈ ਫ਼ਰਕ ਨਹੀਂ ਪਏਗਾ।

ਪਰ ਇਹ ਜੰਗ, ਐਵੇਂ ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਪਏ ਬਗ਼ੈਰ ਤੇ ਬੇਮਤਲਬ ਨੈਤਿਕ ਸਿਧਾਂਤਾਂ ਵਿੱਚ ਉਲਝੇ ਬਿਨ੍ਹਾਂ ਲਗਾਤਾਰ ਚਲਦੀ ਰਹੇਗੀ ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੀ ਥਾਂ ਸਮਾਜਿਕ ਖ਼ੁਸ਼ਹਾਲੀ 'ਤੇ ਆਧਾਰਤ ਨਵਾਂ ਸਮਾਜਿਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁੱਖਤਾ 'ਤੇ ਅਸਲ 'ਚ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਉਦੋਂ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ।

ਨਿਕਟ ਭਵਿੱਖ ਵਿੱਚ ਆਖ਼ਰੀ ਯੁੱਧ ਲੜਿਆ ਜਾਵੇਗਾ ਤੇ ਉਹ ਫ਼ੈਸਲਾਕੁਨ ਹੋਵੇਗਾ। ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁੱਝ ਦਿਨਾਂ ਦੀ ਖੇਡ ਹੈ। ਇਹ ਯੁੱਧ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗਾ।

-ਸ਼ਹੀਦ ਭਗਤ ਸਿੰਘ

ਜੇ ਤੁਸੀਂ ਚਾਹੁੰਦੇ ਹੋ "ਬੱਚਿਆਂ" ਦਾ "ਅਧਿਆਪਕ" ਬਨਣਾ ਤਾਂ.... ?

ਵ.ਅ. ਸੁਖੋਮਲਿੰਸਕੀ (ਮਹਾਨ ਸਿੱਖਿਆ ਸ਼ਾਸਤਰੀ)

"ਬੱਚਿਆਂ ਵਿੱਚ ਵਿਸ਼ਵਾਸ ਅਤੇ ਪਿਆਰ ਅਹਿਮ ਹੈ। ਜੇ ਤੁਸੀਂ ਉਹਨਾਂ ਦੇ ਅਧਿਆਪਕ ਬਣਨਾ ਚਾਹੁੰਦੇ ਹੋ ਤਾਂ ਬੱਚੇ ਨੂੰ ਇਹ ਬਿਲਕੁਲ ਵੀ ਮਹਿਸੂਸ ਨਾ ਹੋਣ ਦੇਵੋ ਕਿ ਉਹ ਦੂਜਿਆਂ ਨਾਲੋਂ ਘਟੀਆ ਹੈ, ਉਹ ਨਾ-ਕਾਬਲ ਹੈ ਜਾਂ ਪਛੜਿਆ ਹੋਇਆ ਹੈ।"

"ਕਮਜ਼ੋਰ ਵਿਦਿਆਰਥੀ ਇੱਕ ਪੂਰੀ ਬੰਦ ਕਿਤਾਬ ਹੈ। ਅਧਿਆਪਕ ਦਾ ਕੰਮ ਹੈ ਕਿ ਉਹ ਉਸ ਪੁਸਤਕ ਨੂੰ ਕਿੰਝ ਖੋਲ੍ਹਦਾ ਹੈ ਅਤੇ ਇੱਕ-ਇੱਕ ਪੰਨੇ ਨੂੰ ਕਿਵੇਂ ਸਮਝਦਾ ਹੈ।"

"ਅਧਿਐਨ ਤਾਂ ਹੀ ਬੱਚਿਆਂ ਲਈ ਰੋਚਕ ਅਤੇ ਮਨਮੋਹਕ ਬਣ ਸਕਦਾ ਹੈ ਜੇ ਉਸ ਨੂੰ ਵਿਚਾਰਾਂ, ਭਾਵਨਾਵਾਂ, ਰਚਨਾਤਮਕਤਾ, ਸੁੰਦਰਤਾ ਅਤੇ ਖੇਡ-ਕੁੱਦ ਦੇ ਭਖਦੇ ਚਾਨਣ ਨਾਲ ਰੌਸ਼ਨ ਕੀਤਾ ਜਾਵੇ। ਇੱਕ ਬੱਚਾ ਉਦੋਂ ਹੀ ਇੱਕ ਅਸਲੀ ਬੌਧਿਕ ਜ਼ਿੰਦਗੀ ਜਿਉਂਦਾ ਹੈ ਜਦੋਂ ਉਹ ਖੇਡਾਂ, ਸੰਗੀਤ, ਕਲਪਨਾ ਤੇ ਰਚਤਨਾਤਮਕਤਾ ਦੇ ਸੰਸਾਰ ਵਿੱਚ ਰਹਿੰਦਾ ਹੈ।"

"ਵਿਦਿਆਰਥੀ ਨੂੰ ਤੋਪ ਨਹੀਂ ਬਣਾਉਣਾ ਚਾਹੀਦਾ ਜਿਸ ਨੂੰ ਦਸ ਸਾਲਾਂ ਦੇ ਲਈ ਗਿਆਨ ਦੇ ਬਾਰੂਦ ਨਾਲ ਭਰਿਆ ਜਾਂਦਾ ਹੈ ਅਤੇ ਫਿਰ ਚਲਾਈ ਜਾਂਦੀ ਹੈ, ਜਿਸ ਪਿੱਛੋਂ ਕੁੱਝ ਵੀ ਬਾਕੀ ਨਹੀਂ ਰਹਿੰਦਾ।"

"ਇੱਕ ਸਹੀ ਅਤੇ ਸੱਚਾ ਸਕੂਲ ਸਰਗਰਮ ਚਿੰਤਨ ਦੀ ਸਲਤਨਤ ਹੁੰਦਾ ਹੈ।" "ਅਧਿਆਪਕ ਦਾ ਕੰਮ ਵਿਦਿਆਰਥੀ ਅੰਦਰ ਇਹ ਅਹਿਸਾਸ ਜਗਾਉਣਾ ਹੈ ਕਿ ਅਧਿਐਨ ਸਮਾਜ ਲਈ ਜ਼ਰੂਰੀ ਅਤੇ ਲਾਭਦਾਇਕ ਸਰਗਰਮੀ ਹੈ।"

"ਸਕੂਲ ਸੰਸਾਰ ਨੂੰ ਸਮਝਣ ਵਿੱਚ ਸਹਾਇਤਾ ਕਰਨ ਨਾ ਕਿ ਕੰਧ ਬਣ ਕੇ ਬੱਚੇ ਅਤੇ ਸੰਸਾਰ ਵਿੱਚ ਖੜ੍ਹੇ ਹੋ ਜਾਣ। ਬੱਚਿਆਂ ਦਾ ਬਚਪਨ ਬਹਾਲ ਕਰੋ। ਖੁੱਲ੍ਹੇ ਬਾਗ ਵਿਚ ਜਮਾਤ ਲਾਓ, ਨਾ ਕਿ ਕਮਰੇ ਦੀ ਚਾਰਦਿਵਾਰੀ ਅੰਦਰ।"

"ਜੋ ਕੁੱਝ ਬੱਚੇ ਅੰਦਰ ਚੰਗਾ ਹੈ ਉਸ ਨੂੰ ਹੁਲਾਰਾ ਦੇ ਕੇ ਖ਼ੂਬਸੂਰਤ ਬਣਾਇਆ ਜਾ ਸਕਦਾ ਹੈ। ਵਿਦਿਆਰਥੀ ਉਹਨਾਂ ਦਾ ਪਿਆਰ ਅਤੇ ਸਤਿਕਾਰ ਕਰਦੇ ਹਨ ਜਿਹੜੇ ਦ੍ਰਿੜ ਇਰਾਦੇ ਦੇ ਮਾਲਕ ਹੁੰਦੇ ਹਨ। ਕਮਜ਼ੋਰ ਅਤੇ ਹੋਛੇ ਵਿਅਕਤੀ ਨੂੰ ਪਸੰਦ ਨਹੀਂ ਕਰਦੇ। ਜਦੋਂ ਅਧਿਆਪਕ ਬਿਨ੍ਹਾਂ ਦਿਲਚਸਪੀ ਦੇ ਸਿਰਫ਼ ਪੜ੍ਹਾਉਣ ਲਈ ਹੀ ਪੜ੍ਹਾ ਰਿਹਾ ਹੁੰਦਾ ਹੈ, ਬੱਚੇ ਕਦੇ ਵੀ ਅਜਿਹੀ ਪੜ੍ਹਾਈ ਦੇ ਪਾਬੰਦ ਨਹੀਂ ਰਹਿੰਦੇ। ਅਧਿਆਪਕ ਦੇ ਬਾਹਰਲੇ ਦਿਖਾਵੇ ਕਾਰਨ ਵਿਦਿਆਰਥੀ ਵੀ ਦੰਭੀ ਅਤੇ ਛਲਕਪਟ ਵਾਲੇ ਬਣਦੇ ਹਨ। ਬੱਚਿਆਂ ਦੀ ਬਹਾਨੇਬਾਜ਼ੀ, ਲਾਪਰਵਾਹੀ ਜ਼ੋਰਦਾਰ ਰੋਸ ਦਾ ਪ੍ਰਗਟਾਅ ਹੁੰਦੀ ਹੈ। ਉਸ ਸਮੇਂ ਉਹ ਪੀੜਾ ਵਿੱਚੋਂ ਲੰਘ ਰਹੇ ਹੁੰਦੇ ਹਨ, ਉਹ ਪੜ੍ਹਾਈ ਵਿੱਚ ਆ ਰਹੀਆਂ ਔਕੜਾਂ ਨੂੰ ਸਰ ਨਹੀਂ ਕਰ ਪਾਉਂਦੇ ਅਤੇ ਪੜ੍ਹਾਈ ਤੋਂ ਦੂਰ ਚਲੇ ਜਾਂਦੇ ਹਨ। ਅਜਿਹੇ ਬੱਚੇ ਜਦੋਂ ਬਾਲਗ ਹੁੰਦੇ ਹਨ ਤਾਂ ਕੁੜੱਤਣ ਨਾਲ ਭਰੇ ਹੋਏ, ਚਿੜਚਿੜੇ ਸੁਭਾਅ ਦੇ ਬਣਦੇ ਹਨ। ਅਜਿਹੇ ਸਮੇਂ ਵਿੱਚ ਅਧਿਆਪਕ ਨੂੰ ਬੱਚੇ ਨੂੰ ਸਿਖਾਉਣਾ ਪਵੇਗਾ ਕਿ ਔਕੜਾਂ 'ਤੇ ਕਾਬੂ ਪਾ ਕੇ ਖ਼ੁਸ਼ੀ ਕਿਵੇਂ ਲੈਣੀ ਹੈ।"

"ਅਸੀਂ ਸਕੂਲ ਦੀਆਂ ਕੰਧਾਂ ਨੂੰ ਬੱਚਿਆਂ ਨਾਲ ਗੱਲਾਂ ਕਰਨ ਲਈ ਤਿਆਰ ਕਰ ਸਕਦੇ ਹਾਂ। ਕੰਧਾਂ 'ਤੇ ਲਟਕਦੀਆਂ ਤਸਵੀਰਾਂ ਬੱਚਿਆਂ ਨੂੰ ਸੋਚਣ ਲਗਾਉਂਦੀਆਂ ਹਨ। ਆਲੇ-ਦੁਆਲੇ ਵਾਤਾਵਰਣ, ਬਗੀਚੇ, ਕੁਦਰਤ ਦੀ ਗੋਦ ਨੂੰ ਮਾਨਣਾ, ਉਸਦੀ ਸੇਵਾ ਕਰਨੀ, ਸਭ ਬੱਚੇ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ।"

"ਕੋਈ ਵੀ ਬੱਚਾ ਅਜਿਹਾ ਨਹੀਂ ਹੈ, ਬਿਨ੍ਹਾਂ ਸ਼ੱਕ ਹੋ ਵੀ ਨਹੀਂ ਸਕਦਾ ਜੋ ਆਪਣੇ ਸਕੂਲੀ ਆਰੰਭ ਤੋਂ ਸਿੱਖਣਾ ਨਾ ਚਾਹੁੰਦਾ ਹੋਵੇ। ਕੰਮ ਕਰਨ ਦੀ ਅਯੋਗਤਾ ਗ਼ੈਰ-ਰਜ਼ਾਮੰਦੀ ਨੂੰ ਜਨਮ ਦਿੰਦੀ ਹੈ ਅਤੇ ਗ਼ੈਰ ਰਜ਼ਾਮੰਦੀ ਸੁਸਤੀ ਅਤੇ ਵਿਹਲੇਪਣ ਨੂੰ।"

"ਕੰਮ ਤੋਂ ਪ੍ਰਾਪਤ ਕੀਤੀ ਖ਼ੁਸ਼ੀ ਦਾ ਟਾਕਰਾ ਖ਼ੁਸ਼ੀ ਦੇ ਕਿਸੇ ਵੀ ਹੋਰ ਰੂਪ ਨਾਲ ਨਹੀਂ ਕੀਤਾ ਜਾ ਸਕਦਾ। ਜਦੋਂ ਬੱਚਾ ਦੂਜਿਆਂ ਲਈ ਕੰਮ ਵਿੱਚ ਆਪਣੇ ਮਨ ਦਾ ਇੱਕ ਨਿਕਚੂ ਜਿਹਾ ਭਾਗ ਵੀ ਲਾਉਂਦਾ ਹੈ, ਉਹ ਕੰਮ ਵਿੱਚੋਂ ਖ਼ੁਸ਼ੀ ਲੱਭਦਾ ਹੈ। ਉਹ ਕਦੇ ਵੀ ਕੌੜਾ, ਘੁਮੰਡੀ ਵਿਅਕਤੀ ਨਹੀਂ ਬਣੇਗਾ।"

"ਬੱਚਿਆਂ ਦੇ ਮਨਾਂ ਦੀ ਧਰਤ ਨੂੰ ਸਾਵਧਾਨੀ ਨਾਲ ਵਾਹੋ। ਉਸ ਵਿੱਚ ਸੁੰਦਰਤਾ ਦੇ ਬੀਜ ਬੀਜੋ। ਉਹ ਸੁੰਦਰਤਾ ਮਾਤ-ਭੂਮੀ ਦੀ, ਕੁਦਰਤ ਦੀ, ਦਰੱਖਤਾਂ ਦੀ, ਮਧੂ-ਮੱਖੀਆਂ ਦੀ, ਟਮਾਟਰਾਂ ਦੀ ਲਾਲੀ ਦੀ, ਇਨਸਾਨ ਦੀ ਚੰਗਿਆਈ ਦੀ ਹੈ। ਇੱਕ ਖ਼ੁਸ਼ੀ ਵਜੋਂ ਜੀਵਨ ਨੂੰ ਭਰਪੂਰਤਾ ਨਾਲ ਮਾਨਣਾ ਸਿਖਾਉਣਾ ਹੈ।"

"ਸਮੂਹ ਪ੍ਰਤੀ ਜ਼ਿੰਮੇਵਾਰੀ ਸ਼ਬਦਾਂ ਨਾਲ ਨਹੀਂ, ਬੱਚਿਆਂ ਵਿੱਚ ਅਮਲਾਂ ਨਾਲ ਭਰੋ। ਇੱਕ ਸਮੂਹ **ਬਾਕੀ ਪੰਨਾ 12'ਤੇ**

ਦਿਨ.... ਜੋ ਇਤਿਹਾਸ ਬਣੇ

2 ਮਾਰਚ : ਰੇਡੀਓ ਐਕਟੀਵਿਟੀ ਦੀ ਖੋਜ (1896)
2 ਮਾਰਚ : ਪਾਇਨੀਅਰ-10 (ਸੂਰਜੀ ਮੰਡਲ ਨੂੰ ਪਾਰ ਕਰਨ ਵਾਲਾ ਪਹਿਲਾ ਪੁਲਾੜੀ ਵਾਹਨ) ਦੀ ਉਡਾਣ (1972)
3 ਮਾਰਚ : ਟੈਲੀਫ਼ੋਨ ਦੇ ਖੋਜੀ ਗਰਾਹਮ ਬੈੱਲ ਦਾ ਜਨਮ (1847)
7 ਮਾਰਚ : ਸ਼ਾਂਤ ਮਹਾਂਸਾਗਰ ਦੇ ਆਰ-ਪਾਰ (ਨਿਊਯਾਰਕ ਅਤੇ ਲੰਡਨ ਵਿਚਕਾਰ) ਪਹਿਲੀ ਵਾਰ ਟੈਲੀਫੋਨ ’ਤੇ ਗੱਲ ਹੋਈ (1926)
8 ਮਾਰਚ : ਕੌਮਾਂਤਰੀ ਔਰਤ ਦਿਵਸ
10 ਮਾਰਚ : ਮੌਤ (ਸਮਾਜ ਸੁਧਾਰਕ ਅਤੇ ਪਹਿਲੀ ਅਧਿਆਪਕਾ ਸਵਿੱਤਰੀ ਬਾਈ ਫੂਲੇ) (1897)
13 ਮਾਰਚ : ਊਧਮ ਸਿੰਘ ਨੇ ਸਰ ਮਾਈਕਲ ਉਡਵਾਇਰ ਨੂੰ ਗੋਲੀ ਮਾਰੀ (1940)
14 ਮਾਰਚ : ਮਹਾਨ ਵਿਗਿਆਨੀ ਅਲਬਰਟ ਆਈਨ ਸਟਾਈਨ ਦਾ ਜਨਮ (1879)
15 ਮਾਰਚ : ਵਿਸ਼ਵ ਖਪਤਕਾਰ ਹੱਕ ਦਿਵਸ
16 ਮਾਰਚ : ਬਿਜਲੀ ਵਿਗਿਆਨੀ ਓਹਮ ਦਾ ਜਨਮ (1789)
18 ਮਾਰਚ : ਬਰਤਾਨਵੀ ਹਕੂਮਤ ਨੇ ਬਦਨਾਮ ‘ਰੋਲਟ ਐਕਟ’ ਪਾਸ ਕੀਤਾ (1919)
20 ਮਾਰਚ : ਆਈਨ ਸਟਾਈਨ ਨੇ ‘ਸਾਪੇਖਤਾਵਾਦ’ ਦਾ ਸਿਧਾਂਤ ਪੇਸ਼ ਕੀਤਾ (1916)
21 ਮਾਰਚ : ਨਸਲਵਾਦ ਵਿਰੋਧੀ ਦਿਵਸ
22 ਮਾਰਚ : ਵਿਸ਼ਵ ਪਾਣੀ ਦਿਵਸ
23 ਮਾਰਚ : ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਨਵੀ ਹਕੂਮਤ ਵੱਲੋਂ ਫਾਂਸੀ (1931)
23 ਮਾਰਚ : ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ (1988)
25 ਮਾਰਚ : ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿੱਚੀ ਗਈ (1857)
26 ਮਾਰਚ : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953)
26 ਮਾਰਚ : ਲੋਕ ਨਾਇਕ ਦੁੱਲਾ-ਭੱਟੀ ਨੂੰ ਫਾਂਸੀ (1599)
27 ਮਾਰਚ : ਵਿਸ਼ਵ ਰੰਗਮੰਚ ਦਿਵਸ
28 ਮਾਰਚ : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868)
29 ਮਾਰਚ : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਨ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ
31 ਮਾਰਚ : ਭਾਰਤ ਵਿੱਚ ਡਾਕ ਸੇਵਾ ਦਾ ਪਹਿਲਾ ਦਫ਼ਤਰ ਖੋਲ੍ਹਿਆ (1774)
1 ਅਪਰੈਲ : ਮਾਪ ਤੋਲ ਦੀ ਮੀਟਰਿਕ ਪ੍ਰਣਾਲੀ ਲਾਗੂ ਹੋਈ (1962)
2 ਅਪਰੈਲ : ਦੇਸ਼ ਭਗਤ ਇਨਕਲਾਬੀ ਬਾਬਾ ਭਗਤ ਸਿੰਘ ਬਿਲਗਾ ਦਾ ਜਨਮ (1907)
4 ਅਪਰੈਲ : ਰਾਕੇਸ਼ ਸ਼ਰਮਾ ਪਹਿਲਾ ਭਾਰਤੀ ਪੁਲਾੜ ਯਾਤਰੀ ਬਣਿਆ (1984)
7 ਅਪਰੈਲ : ਵਿਸ਼ਵ ਸਿਹਤ ਦਿਵਸ
8 ਅਪਰੈਲ : ਮੰਗਲ ਪਾਂਡੇ ਨੂੰ ਫਾਂਸੀ (1857)
8 ਅਪਰੈਲ : ਭਗਤ ਸਿੰਘ ਅਤੇ ਬੀ.ਕੇ. ਦੱਤ ਵੱਲੋਂ ‘ਪਬਲਿਕ ਸੇਫਟੀ ਬਿਲ’ ਅਤੇ ‘ਇੰਡਸਟਰੀਅਲ ਡਿਸਪਿਊਟ ਬਿਲ’ ਦੇ ਵਿਰੋਧ ਵਿੱਚ ਅਸੈਂਬਲੀ ਵਿਚ ਬੰਬ ਸੁੱਟਿਆ ਗਿਆ (1929)
10 ਅਪਰੈਲ : ਡਾ. ਅਬਰਾਹਮ ਟੀ. ਕਾਵੂਰ (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898)
13 ਅਪਰੈਲ : ਜਲ੍ਹਿਆਂਵਾਲਾ ਬਾਗ ਗੋਲੀ ਕਾਂਡ (1919)
14 ਅਪਰੈਲ : ਡਾ. ਭੀਮ ਰਾਓ ਅੰਬੇਦਕਰ ਦਾ ਜਨਮ (1891)
18 ਅਪਰੈਲ : ਵਿਸ਼ਵ ਵਿਰਾਸਤ ਦਿਵਸ
19 ਅਪਰੈਲ : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ ‘ਆਰੀਆ ਭੱਟ’ ਪੁਲਾੜ ’ਚ ਛੱਡਿਆ ਗਿਆ (1975)
20 ਅਪਰੈਲ : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ (1939)
22 ਅਪਰੈਲ : ਵਿਸ਼ਵ ਧਰਤ ਦਿਵਸ
22 ਅਪਰੈਲ : ਰੂਸੀ ਇਨਕਲਾਬ ਦੇ ਆਗੂ ਵੀ.ਆਈ. ਲੈਨਿਨ ਦਾ ਜਨਮ (1870)
23 ਅਪਰੈਲ : ਵਿਸ਼ਵ ਪੁਸਤਕ ਦਿਵਸ
25 ਅਪਰੈਲ : ਰੇਡੀਓ ਅਤੇ ਵਾਇਰਲੈੱਸ ਦੇ ਈਜਾਦਕਾਰ ਮਾਰਕੋਨੀ ਦਾ ਜਨਮ (1874)
25 ਅਪਰੈਲ : ਭਾਰਤ ਵਿੱਚ ਟੈਲੀਵਿਜ਼ਨ ਦੇ ਰੰਗਦਾਰ ਪ੍ਰਸਾਰਣ ਦੀ ਸ਼ੁਰੂਆਤ (1982)
26 ਅਪਰੈਲ : ਜਨਮ ਦਿਨ ਉੱਘੇ ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ (1895)

ਪੰਨਾ 11 ਦਾ ਬਾਕੀ ਬੱਚੇ ਲਈ ਜਿੰਨਾ ਕੰਮ ਕਰਦਾ ਹੈ, ਉਨੀ ਹੀ ਬੱਚੇ ਦੀ ਸਮੂਹ ਪ੍ਰਤੀ ਸਨਮਾਨ ਦੀ ਭਾਵਨਾ ਤੇਜ਼ ਹੋਵੇਗੀ। ਉਨੀ ਡੂੰਘਾਈ ਨਾਲ ਉਹ ਉਹਨਾਂ ਕੜੀਆਂ ਨੂੰ ਮਹਿਸੂਸ ਕਰੇਗਾ, ਜੋ ਉਸ ਦੇ ਸਾਥੀਆਂ ਨਾਲ ਤੇ ਉਹਨਾਂ ਪ੍ਰਤੀ ਜ਼ਿੰਮੇਵਾਰੀ ਨਾਲ ਜੋੜਦੀਆਂ ਹਨ।”

ਪ੍ਰੇਰਣਾਦਾਇਕ ਜੀਵਨੀ

ਹਿੰਮਤ ਦਾ ਦੂਜਾ ਨਾਂ - ਵਿਲਮਾ ਰੁਡੋਲਫ



ਪ੍ਰਿੰ. ਸਰਵਣ ਸਿੰਘ

ਵਿਲਮਾ ਰੁਡੋਲਫ ਦੀ ਬਾਤ ਪਾਉਂਦਿਆਂ ਮੁੜ ਮੁੜ ਮਨ ਵਿੱਚ ਆਉਂਦੈ, “ਕੀ ਇੰਝ ਵੀ ਹੋ ਸਕਦੈ? ਗਰੀਬ ਘਰ ਦਾ ਅਪਾਹਜ ਅਤੇ ਬਿਮਾਰ ਬੱਚਾ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੈ? ਇੱਕੋ ਓਲਿੰਪਕਸ ਵਿੱਚੋਂ ਤਿੰਨ ਗੋਲਡ ਮੈਡਲ ਲੈ ਸਕਦੈ?” ਫਿਰ ਮਨ ਆਖਦੈ, “ਕਿਉਂ ਨਹੀਂ ਹੋ ਸਕਦਾ? ਜੋ ਕੁੱਝ ਵਿਲਮਾ ਰੁਡੋਲਫ਼ ਨੇ ਕਰ ਵਿਖਾਇਆ ਉਹ ਹੋਰ ਬੱਚੇ ਵੀ ਕਰ ਸਕਦੇ ਹਨ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤੀ ਬਣਨ ਅਤੇ ਉਸ ਨੂੰ ਰੋਲ ਮਾਡਲ ਬਣਾਉਣ।”

ਅਸਲ ਵਿੱਚ ਬੰਦੇ ਦੀ ਸਭ ਤੋਂ ਵੱਡੀ ਤਾਕਤ ਹੈ- ਹਿੰਮਤ। ਕੁੱਝ ਕਰਨ ਦੀ ਇੱਛਾ ਤੇ ਦ੍ਰਿੜ ਇਰਾਦਾ। ਜਿੱਥੇ ਇੱਛਾ, ਦ੍ਰਿੜ ਇਰਾਦਾ, ਹਿੰਮਤ ਤੇ ਹੌਂਸਲਾ ਹੈ ਉੱਥੇ ਕੁੱਝ ਵੀ ਕੀਤਾ ਜਾ ਸਕਦਾ ਹੈ। ਸੁਫ਼ਨੇ ਹਕੀਕਤ ਵਿੱਚ ਬਦਲੇ ਜਾ ਸਕਦੇ ਹਨ, ਬੰਜਰ ਖੇਤ ਬਾਗ ਬਣਾਏ ਜਾ ਸਕਦੇ ਹਨ ਅਤੇ ਵੀਰਾਨੀਆਂ ਨੂੰ ਬਹਾਰਾਂ ਦਾ ਰੰਗ ਦਿੱਤਾ ਜਾ ਸਕਦਾ ਹੈ। ਗਰੀਬ, ਨਿਤਾਣੇ, ਅਪਾਹਜ ਅਤੇ ਅਣਗੌਲੇ ਬੱਚੇ ਵੀ ਜੇ ਹਿੰਮਤ ਕਰਨ ਤਾਂ ਉਹ ਵੀ ਬਹੁਤ ਕੁੱਝ ਕਰ ਸਕਦੇ ਹਨ। ਇਸੇ ਪ੍ਰਸੰਗ ਵਿੱਚ ‘ਟਰੈਕ ਦੀ ਰਾਣੀ’ ਵਿਲਮਾ ਰੁਡੋਲਫ਼ ਦੀ ਬਾਤ ਪਾਉਣੀ ਵਾਜਬ ਹੋਵੇਗੀ।



ਉਹ ਇੱਕ ਗਰੀਬ ਨੀਗਰੋ ਪਰਿਵਾਰ ਦੀ ਲੜਕੀ ਸੀ। ਉਸਦਾ ਪਿਤਾ ਰੇਲਵੇ ਦਾ ਕੁਲੀ ਸੀ ਅਤੇ ਮਿਹਨਤ ਮਜ਼ਦੂਰੀ ਕਰਕੇ ਆਪਣਾ ਟੱਬਰ ਪਾਲਦਾ ਸੀ। ਉਸ ਦੇ ਬਾਈ ਬੱਚੇ ਸਨ ਜਿਨ੍ਹਾਂ ’ਚ ਵਿਲਮਾ ਵੀਹਵੇਂ ਥਾਂ ਸਤਮਾਹੀ ਜੰਮੀ ਸੀ। ਜੰਮਣ ਸਮੇਂ ਉਸਦਾ ਵਜ਼ਨ ਸਿਰਫ਼ ਸਾਢੇ ਚਾਰ ਪੌਂਡ ਸੀ। ਝੀਖ ਜਿਹੀ ਲੜਕੀ ਦੇ ਬਚਣ ਦੀ ਵੀ ਬਹੁਤੀ ਆਸ ਨਹੀਂ ਸੀ। ਏਡੇ ਵੱਡੇ ਪਰਿਵਾਰ ਵਿੱਚ ਬੱਚਿਆਂ ਦੀ ਪਾਲਣਾ-ਪੋਸ਼ਣਾ ਕਿਹੋ ਜਿਹੀ ਹੁੰਦੀ ਹੋਵੇਗੀ ਉਸਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ।

ਵਿਲਮਾ ਹਾਲੇ ਚਹੁੰ ਸਾਲਾਂ ਦੀ ਹੋਈ ਸੀ ਕਿ ਪੋਲੀਓ ਦੇ ਹਮਲੇ ਨਾਲ ਉਹਦੀ ਖੱਬੀ ਲੱਤ ਗ੍ਰਹਿਣੀ ਗਈ। ਫਿਰ ਮੋਹਰਕੇ ਦਾ ਤਾਪ ਚੜ੍ਹਿਆ ਤੇ ਨਾਲ ਹੀ ਡਬਲ ਨਮੂਨੀਆ ਹੋ ਗਿਆ। ਇਲਾਜ ਨਾਲ ਮੰਜੇ ਤੋਂ ਤਾਂ ਉਹ ਉੱਠ ਖੜ੍ਹੀ ਹੋਈ ਪਰ ਉਹਦਾ ਬਹੁਤਾ ਸਮਾਂ ਭੁੰਜੇ ਘਿਸੜਦਿਆਂ ਹੀ ਬੀਤਦਾ। ਬਿਮਾਰੀ ਨੇ ਉਸ ਬੱਚੀ ਨੂੰ ਅਪਾਹਜ ਤੇ ਆਲਸੀ ਬਣਾ ਦਿੱਤਾ ਪਰ ਇਸ ਵਿੱਚ ਉਸਦਾ ਆਪਣਾ ਕੋਈ ਕਸੂਰ ਨਹੀਂ ਸੀ। ਟੀ.ਵੀ. ਦੀ ਉਹ ਬੱਚਿਆਂ ਨੂੰ ਛਾਲਾਂ ਦੁੜੰਗੇ ਲਾਉਂਦਿਆਂ ਵੇਖਦੀ ਤਾਂ ਉਹਦਾ ਮਨ ਵੀ ਮਚਲਦਾ ਪਰ ਉਹਦੀ ਕੋਈ ਵਾਹ ਪੇਸ਼ ਨਾ ਜਾਂਦੀ। ਭੈਣਾਂ ਉਸ ਨੂੰ ਸਕੂਲ ਲੈ ਜਾਂਦੀਆਂ ਜਿੱਥੇ ਉਹ ਭੈਣਾਂ ਨੂੰ ਬਾਸਕਟਬਾਲ ਖੇਡਦੀਆਂ ਵੇਖ ਕੇ ਤਾੜੀਆਂ ਮਾਰਦੀ। ਆਪ ਖੇਡਣ ਦੀ ਕੋਸ਼ਿਸ਼ ਕਰਦੀ ਤਾਂ ਡਿੱਗ ਪੈਂਦੀ।

ਇੱਕ ਦਿਨ ਇੱਕ ਮਾਲਸ਼ੀਏ ਨੇ ਪਰਿਵਾਰ ਨੂੰ ਦੱਸਿਆ ਕਿ ਜੇ ਵਿਲਮਾ ਦੀਆਂ ਲੱਤਾਂ ਦੀ ਬਕਾਇਦਾ ਮਾਲਸ਼ ਕੀਤੀ ਜਾਵੇ ਤਾਂ ਉਹ ਚੱਲ ਸਕਦੀਆਂ ਤੇ ਤਕੜੀਆਂ ਵੀ ਹੋ ਸਕਦੀਆਂ ਹਨ। ਉਸ ਦੀ ਸਲਾਹ ਮੰਨ ਕੇ ਵਿਧੀ ਅਨੁਸਾਰ ਵਿਲਮਾ ਦੀਆਂ ਮਾਲਸ਼ਾਂ ਕੀਤੀਆਂ ਜਾਣ ਲੱਗੀਆਂ ਤੇ ਉਹ ਲੰਗੜਾਅ ਕੇ ਤੁਰਨ ਫਿਰਨ ਲੱਗ ਪਈ ਤੇ ਬੱਚਿਆਂ ਨਾਲ ਮਾੜਾ ਮੋਟਾ ਖੇਲਣ ਮਲ੍ਹਣ ਲੱਗੀ। ਉਸ ਦੇ ਪੈਰ ਵਿੱਚ ਆਰਥੋ ਬੂਟ ਪੁਆ ਕੇ ਕਸਰਤਾਂ ਕਰਾਈਆਂ ਤਾਂ ਉਹਦੀ ਪੋਲੀਓ ਮਾਰੀ ਲੱਤ ਵੀ ਤਕੜੀ ਹੋ ਗਈ।

ਸਕੂਲ ਦੇ ਬੱਚਿਆਂ ਨੂੰ ਖੇਡਦਾ ਵੇਖ ਕੇ ਉਹਦਾ ਮਨ ਵੀ ਸਕੂਲ ਦੀ ਕਿਸੇ ਟੀਮ ਵਿੱਚ ਖੇਡਣ ਲਈ ਉਤੇਜਿਤ ਹੋ ਗਿਆ। ਪਰ ਉਹ ਲੰਗੜਾਅ ਕੇ ਦੌੜਦੀ ਅਤੇ ਦੌੜਦਿਆਂ ਡਿੱਗ ਪੈਂਦੀ। ਫਿਰ ਉੱਠਦੀ, ਫਿਰ ਦੌੜਦੀ ਤੇ ਫਿਰ ਡਿੱਗਦੀ। ਉਹ ਹਿੰਮਤੀ ਬਹੁਤ ਸੀ। ਡਿੱਗਣ ਢਹਿਣ ਦੀ ਪਰਵਾਹ ਕੀਤੇ ਬਿਨਾਂ ਉਹ ਕਸਰਤਾਂ ਕਰੀ ਗਈ ਤੇ ਖੇਡ ਅਭਿਆਸ ਕਰਦਿਆਂ ਬਾਸਕਟਬਾਲ ਦੀ ਚੰਗੀ ਖਿਡਾਰਨ ਬਣ ਗਈ। ਉਸਦਾ ਕੱਦ ਕਾਫੀ ਲੰਮਾ ਹੋ ਗਿਆ ਜੋ ਬਾਸਕਟਬਾਲ ਖੇਡਣ ਦੇ ਵਧੇਰੇ ਯੋਗ ਸੀ। ਦੌੜਦਿਆਂ ਉਸਦੇ ਕਦਮ ਕਾਫੀ ਲੰਮੇ ਪੈਂਦੇ ਜਿਸ ਕਰ ਕੇ ਉਹ ਇੱਕ ਸਿਰੇ ਤੋਂ ਦੂਜੇ ਸਿਰੇ ਗਿਣਤੀ ਦੀਆਂ ਪੁਲਾਂਘਾਂ ਨਾਲ ਹੀ ਪੁੱਜ ਜਾਂਦੀ। ਉਹ ਸਕੂਲ ਦੀ ਬਾਸਕਟਬਾਲ ਟੀਮ ਵਿੱਚ ਚੁਣੀ ਗਈ ਅਤੇ ਸਟੇਟ ਪੱਧਰ ਤੱਕ ਖੇਡੀ। ਉਹ ਦਸਵੀਂ ’ਚ ਪੜ੍ਹਦੀ ਸੀ ਜਦੋਂ ਦੌੜਾਂ ਦੇ ਕੋਚ ਐਡ ਟੈਂਪਲ ਦੀ ਨਜ਼ਰੇ ਚੜ੍ਹ ਗਈ ਜਿਸ ਨੇ ਉਹਦੇ ਅੰਦਰ ਲੁਕੀ ਦੌੜਨ ਦੀ ਪ੍ਰਤਿਭਾ ਨੂੰ ਪਛਾਣ ਲਿਆ। ਉਹ ਉਹਦੇ ਅਸਾਧਾਰਨ ਤੌਰ ’ਤੇ ਪੈਂਦੇ ਲੰਮੇ ਕਦਮਾਂ ਤੋਂ ਹੈਰਾਨ ਸੀ।

ਉਹ ਅਜੇ ਪੰਦਰਵੇਂ ਸਾਲ ਵਿੱਚ ਸੀ ਜਦੋਂ ਉਸਦਾ ਕੱਦ ਛੇ ਫੁੱਟ ਤੋਂ ਉੱਚਾ ਹੋ ਗਿਆ। ਅਭਿਆਸ ਨਾਲ ਉਸ ਨੇ

ਆਪਣੀ ਤੋਰ ਸੁਧਾਰ ਲਈ ਸੀ ਅਤੇ ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿ ਉਸ ਦੀ ਖੱਬੀ ਲੱਤ ਨੂੰ ਪੋਲੀਓ ਦੀ ਮਾਰ ਪਈ ਹੈ। ਪੋਲੀਓ ਨਾਲ ਵਿੰਗਾ ਹੋਇਆ ਪੈਰ ਵਿਸ਼ੇਸ਼ ਬੂਟ ਪਾ ਕੇ ਸਿੱਧਾ ਕਰ ਲਿਆ। ਉਸ ਦੀਆਂ ਲੱਤਾਂ ਉੱਪਰਲੇ ਜੁੱਸੇ ਦੀ ਨਿਸਬਤ ਲੰਮੇਰੀਆਂ ਸਨ।

ਮੈਲਬੌਰਨ ਦੀਆਂ ਉਲਿੰਪਕ ਖੇਡਾਂ ਲਈ ਵਿਲਮਾ ਅਮਰੀਕਾ ਦੀ ਅਥਲੈਟਿਕ ਟੀਮ ਵਿੱਚ ਚੁਣੀ ਗਈ। ਉਦੋਂ ਉਹ ਅਜੇ ਸਕੂਲ ਦੀ ਵਿਦਿਆਰਥਣ ਹੀ ਸੀ। ਉੱਥੇ ਉਹ ਕੋਈ ਵਿਅਕਤੀਗਤ ਤਗਮਾ ਤਾਂ ਨਾ ਜਿੱਤ ਸਕੀ ਪਰ 4×100 ਮੀਟਰ ਰਿਲੇਅ ਦੌੜ ’ਚੋਂ ਅਮਰੀਕਾ ਦੀ ਟੀਮ ਨਾਲ ਕਾਂਸੇ ਦਾ ਤਗਮਾ ਜਿੱਤ ਗਈ। ਉੱਥੇ ਆਸਟ੍ਰੇਲੀਆ ਦੀ ਅਥਲੀਟ ਬੈਟੀ ਕਥਬਰਟ ਨੇ 100, 200 ਅਤੇ 400 ਮੀਟਰ ਦੌੜਾਂ ਵਿੱਚੋਂ ਸੋਨੇ ਦੇ ਤਗਮੇ ਜਿੱਤੇ ਤਾਂ ਵਿਲਮਾ ਨੇ ਮਨ ਵਿੱਚ ਧਾਰ ਲਿਆ ਕਿ ਹੋਰ ਚਹੁੰ ਸਾਲਾਂ ਤੱਕ ਰੋਮ ਦੀਆਂ ਉਲਿੰਪਕ ਖੇਡਾਂ ਵਿੱਚੋਂ ਉਹ ਵੀ ਬੈਟੀ ਵਾਂਗ ਤਿੰਨ ਗੋਲਡ ਮੈਡਲ ਜਿੱਤ ਕੇ ਦਿਖਾਏਗੀ।

ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਹ ਟੈਨੇਸੀ ਸਟੇਟ ਯੂਨੀਵਰਸਿਟੀ ’ਚ ਚਲੀ ਗਈ ਤੇ ਐਡ ਟੈਂਪਲ ਨੂੰ ਆਪਣਾ ਕੋਚ ਧਾਰਨ ਕਰ ਲਿਆ। ਕੋਚ ਦੀ ਕੋਚਿੰਗ ਅਤੇ ਵਿਲਮਾ ਦੀ ਲਗਨ, ਮਿਹਨਤ ਤੇ ਸਿਰੜ ਨੇ ਚੰਗੇ ਸਿੱਟੇ ਕੱਢਣੇ ਸ਼ੁਰੂ ਕਰ ਦਿੱਤੇ। ਵਿਲਮਾ ਜਿਸ ਮੁਕਾਬਲੇ ਵਿੱਚ ਵੀ ਜਾਂਦੀ ਧੰਨ-ਧੰਨ ਕਰਾ ਛਡਦੀ। ਰੋਮ ਦੀਆਂ ਓਲਿੰਪਕ ਖੇਡਾਂ-1960 ਲਈ ਵਿਲਮਾ ਫਿਰ ਅਮਰੀਕਾ ਦੀ ਟੀਮ ਵਿੱਚ ਚੁਣੀ ਗਈ।

ਦੌੜਾਂ ਦੇ ਮੁਕਾਬਲੇ ਸ਼ੁਰੂ ਹੋਏ ਤਾਂ ਵਿਲਮਾ ਦਾ ਇੱਕ ਪੈਰ ਟੇਢਾ ਪੈ ਗਿਆ ਜਿਸ ਨਾਲ ਮੋਚ ਆ ਗਈ। ਪਰ ਉਹ ਪੈਰ ਦੇ ਦਰਦ ਨਾਲ ਵੀ ਦੌੜਦੀ ਗਈ ਅਤੇ ਆਪਣੀ ਹੀਟ ਵਿੱਚ ਪ੍ਰਥਮ ਆਈ। ਹੀਟਾਂ ਦੌਰਾਨ ਉਸ ਦੀ ਮੋਚ ਠੀਕ ਹੋ ਗਈ ਅਤੇ ਉਹ 100 ਮੀਟਰ ਦੌੜ ਦੇ ਫਾਈਨਲ ਵਿੱਚ ਅੱਪੜ ਗਈ। ਹੁਣ ਸਭ ਦੀਆਂ ਨਜ਼ਰਾਂ ਇਸ ਲੰਮੀ ਝੰਮੀ ਨੀਗਰੋ ਕੁੜੀ ਉੱਤੇ ਸਨ। ਸਟਾਰਟ ਦੇ ਫਾਇਰ ਨਾਲ ਉਹ ਗੋਲੀ ਵਾਂਗ ਨਿਕਲੀ। ਉਸ ਨੇ ਲੰਮੇ ਕਦਮਾਂ ਨਾਲ ਦੌੜ ਪੂਰੀ ਕੀਤੀ ਅਤੇ 11.0 ਸਕਿੰਟ ਦੇ ਰਿਕਾਰਡ ਸਮੇਂ ਨਾਲ ਸੋਨ ਤਗਮਾ ਜਿੱਤਿਆ। ਉਹ 200 ਮੀਟਰ ਦੌੜ ਦਾ ਸੋਨ-ਤਗਮਾ ਵੀ ਜਿੱਤ ਗਈ ਅਤੇ 4×100 ਮੀਟਰ ਰਿਲੇਅ ਦੌੜ ਦਾ ਗੋਲਡ ਮੈਡਲ ਵੀ।

ਇੱਕੋ ਓਲਿੰਪਕ ਵਿੱਚੋਂ ਸੋਨੇ ਦੇ ਤਿੰਨ ਤਗਮੇ ਜਿੱਤਣ ਵਾਲੀ ਉਹ ਅਮਰੀਕਾ ਦੀ ਪਹਿਲੀ ਦੌੜਾਕ ਸੀ। ਇੱਕ ਅਪੰਗ ਤੋਂ ਓਲਿੰਪਕ ਚੈਂਪੀਅਨ ਬਣੀ ਨੀਗਰੋ ਨਸਲ ਉਸ ਲੜਕੀ ਨੇ ਚਾਰ ਚੁਫੇਰੇ ਬੱਲੇ ਬੱਲੇ ਕਰਾ ਦਿੱਤੀ। ਲੇਖਕਾਂ ਨੇ ਉਸ ਦੀਆਂ ਜੀਵਨੀਆਂ ਲਿਖੀਆਂ ਅਤੇ ਫਿਲਮ ਪ੍ਰਡਿਊਸਰਾਂ ਨੇ ਫਿਲਮਾਂ ਬਣਾਈਆਂ। ਉਹਦੀਆਂ ਜਿੱਤਾਂ ਨੇ ਦੁਨੀਆਂ ਭਰ ਵਿੱਚ ਇਹ ਸੰਦੇਸ਼ ਪੁਚਾ ਦਿੱਤਾ ਕਿ ਜਨਮੋਂ ਕੋਈ ਕਿੰਨਾ ਵੀ ਕਮਜ਼ੋਰ ਜਾਂ ਬਚਪਨ ਵਿੱਚ ਕਿੰਨਾ ਵੀ ਬਿਮਾਰ ਕਿਉਂ ਨਾ ਰਿਹਾ ਹੋਵੇ, ਜੇਕਰ ਉਸ ਵਿੱਚ ਕੁੱਝ ਕਰ ਵਿਖਾਉਣ ਦਾ ਜਜ਼ਬਾ ਅਤੇ ਹਿੰਮਤ ਹੈ ਤਾਂ ਉਹ ਜੋ ਚਾਹੇ ਸੋ ਕਰ ਸਕਦਾ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਨੇ ਐਵੇਂ ਤਾਂ ਨਹੀਂ ਲਿਖਿਆ ‘ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ।’ ਉਹਦੀ ਬਾਤ ਅਪਾਹਜ ਬੱਚਿਆਂ ਨੂੰ ਉਤਸ਼ਾਹਿਤ ਕਰਦੀ ਰਹੇਗੀ ਅਤੇ ਉਨ੍ਹਾਂ ਅੰਦਰ ਵੀ ਅੰਬਰਾਂ ਨੂੰ ਛੂਹਣ ਦੀਆਂ ਅੰਗੜਾਈਆਂ ਜਨਮ ਲੈਣਗੀਆਂ।

(ਪੀਪਲਜ਼ ਫ਼ੋਰਮ ਵੱਲੋਂ ਪ੍ਰਕਾਸ਼ਿਤ ਪੁਸਤਕ ‘ਜੱਗ ਜੇਤੂਆਂ ਦੀ ਗਾਥਾ’ ਵਿੱਚੋਂ ਸੰਖੇਪ ਰੂਪ)

‘ਮੁਕਤੀ’ ਤੋਂ ਮੁਕਤੀ

ਤੇ ਅਸੀਂ ਕਦੇ ਨਹੀਂ ਚਾਹਿਆ
ਬੁੱਢੇ ਬਲਦ ਵਾਂਗ ਜੁਗਾਲੀ ਕਰਦਿਆਂ ਸਮਾਂ ਲੰਘਾਉਣਾ
ਸ਼ਾਂਤ
ਅਡੋਲ
ਅਹਿਲ
ਬਿਨਾਂ ਕਿਸੇ ਹਲਚਲੇ ਤੋਂ।
ਸਾਨੂੰ ਲੋੜ ਨਹੀਂ ਬੁੱਧ ਦੀ ਅਹਿੰਸਾ ਦੀ
ਕ੍ਰਿਸ਼ਨ ਦੇ ਉਪਦੇਸ਼ ਦੀ
ਕਿ ਕੰਮ ਕਰੋ
ਪਰ ਫਲ ਦੀ ਇੱਛਾ ਨਾ ਰੱਖੋ।
ਕਿਸੇ ਅਗਲੇ ਜਨਮ ਦੀ ਮੁਕਤੀ ਦੀ ਭਾਲ ’ਚ
ਵਰ੍ਹਿਆਂ ਬੱਧੀ ਜੰਗਲਾਂ ਦੇ ਇਕਾਂਤਵਾਸ ’ਚ ਜਾਣ ਦਾ ਵੀ
ਕੋਈ ਇਰਾਦਾ ਨਹੀਂ।
ਅਸੀਂ ਤਾਂ ਆਪਣਾ ਅੱਜ ਮੁਕਤ ਹੋਇਆ ਲੋਚਦੇ ਹਾਂ
ਬੇਬਸੀਆਂ ਤੋਂ ਮੁਕਤ
ਤੰਗੀਆਂ ਤੋਂ ਮੁਕਤ
ਤੇ ਮੁਕਤ ਲੁਟੇਰੇ ਨਿਜ਼ਾਮ ਦੀ ਵਹਿਸ਼ਤ ਤੋਂ।
ਹਾਂ, ਸਾਡੇ ਅੰਦਰ ਜਿਉਣ ਦਾ
ਲਟ ਲਟ ਬਲਦਾ ਹੋਇਆ ਸੁਪਨਾ ਹੈ
ਲਹੂ ਦੇ ਸੁਰਖ ਰੰਗ ਜਿਹਾ।
ਹਾਲਾਤ ਸਾਜਗਾਰ ਨਹੀਂ ਭਾਵੇਂ
ਪਰ ਅਸੀਂ ਲੜਾਂਗੇ ਮੌਸਮ ਦੀ ਹਰ ਸਾਜਿਸ਼ ਦੇ ਖਿਲਾਫ਼
ਧਰਮ ਦੀ ਅਫ਼ੀਮ ਦੇ ਕੇ
ਸੁਪਨਿਆਂ ਨੂੰ ਸਵਾ ਦੇਣਾ
ਸਾਨੂੰ ਗਵਾਰਾ ਨਹੀਂ ਹੈ।

ਬਲਬੀਰ ਪਰਵਾਨਾ




ਬਾਲ ਪੰਨਾ

-ਬੂਟਾ ਸਿੰਘ ਵਾਕਫ਼




ਚੰਦਰਮਾ ’ਤੇ ਜੀਵਨ ਸੰਭਵ ਕਿਉਂ ਨਹੀਂ ?


ਚੰਦਰਮਾ ਧਰਤੀ ਦਾ ਇੱਕੋ ਇੱਕ ਉੱਪ ਗ੍ਰਹਿ ਹੈ। ਜਦੋਂ ਅਸੀਂ ਰਾਤ ਸਮੇਂ ਆਕਾਸ਼ ਵੱਲ ਦੇਖਦੇ ਹਾਂ ਤਾਂ ਸਾਡੀ ਨਜ਼ਰ ਸਭ ਤੋਂ ਪਹਿਲਾਂ ਚਮਕ ਰਹੇ ਚੰਦਰਮਾ ’ਤੇ ਪੈਂਦੀ ਹੈ। ਇਸ ਨੇ ਸਦੀਆਂ ਤੋਂ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ ਕਿਉਂਕਿ ਚੰਦਰਮਾ ਧਰਤੀ ਦਾ ਸਭ ਤੋਂ ਨੇੜਲਾ ਆਕਾਸ਼ੀ ਪਿੰਡ ਹੈ। ਸ਼ਾਇਦ ਇਸੇ ਕਾਰਣ ਚੰਦਰਮਾ ਸਾਡੇ ਰਹਿਣ ਸਹਿਣ, ਰੀਤੀ ਰਿਵਾਜਾਂ, ਲੋਕ ਕਿੱਤਿਆਂ ਤੇ ਲੋਕ ਸਭਿਆਚਾਰ ਦਾ ਇੱਕ ਅਨਿੱਖੜਵਾ ਅੰਗ ਬਣ ਚੁੱਕਾ ਹੈ। ਅਤੀਤ ਵਿਚ ਇਸ ਨੂੰ ਇੱਕ ਦੇਵਤੇ ਵਜੋਂ ਪੂਜਿਆ ਜਾਂਦਾ ਰਿਹਾ ਹੈ। ਬਹੁਤੇ ਸਮਾਜਾਂ ਵਿਚ ਅੱਜ ਵੀ ਇਸ ਦੀ ਧਾਰਮਿਕ ਪੱਖ ਤੋਂ ਪੂਜਾ ਹੁੰਦੀ ਹੈ। ਇਸ ਤਰ੍ਹਾਂ ਚੰਦਰਮਾ ਅੱਜ ਵੀ ਮਨੁੱਖੀ ਜੀਵਨ ਵਿਚ ਧੜਕ ਰਿਹਾ ਹੈ।



ਚੰਦਰਮਾ ਕੀ ਹੈ ? : ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਚੰਦਰਮਾ ਸਾਡੀ ਧਰਤੀ ਦਾ ਕੁਦਰਤੀ ਉੱਪ ਗ੍ਰਹਿ ਹੈ। ਇਸ ਦਾ ਆਕਾਰ ਧਰਤੀ ਦੇ ਆਕਾਰ ਦਾ ਲਗਭਗ 27 ਫੀਸਦੀ ਹੈ। ਇਸ ਦਾ ਵਿਆਸ 3474 ਕਿਲੋਮੀਟਰ ਹੈ। ਚੰਦਰਮਾ ਆਪਣੀ ਧੁਰੀ ਦੁਆਲੇ 27 ਦਿਨ ਵਿਚ ਅਤੇ ਧਰਤੀ ਦੁਆਲੇ 27.3 ਦਿਨ ਵਿਚ ਇੱਕ ਚੱਕਰ ਪੂਰਾ ਕਰਦਾ ਹੈ। ਇਸ ਖਾਸੀਅਤ ਕਾਰਣ ਸਾਨੂੰ ਧਰਤੀ ਤੋਂ ਹਮੇਸ਼ਾਂ ਚੰਦਰਮਾ ਦੀ ਇੱਕੋ ਸਤਾਹ ਹੀ ਵਿਖਾਈ ਦਿੰਦੀ ਹੈ। ਇਸ ਵਰਤਾਰੇ ਨੂੰ ਸਮਕਾਲੀ ਰੋਟੇਸ਼ਨ ਕਿਹਾ ਜਾਂਦਾ ਹੈ। ਸੂਰਜ ਅਤੇ ਹੋਰਨਾਂ ਤਾਰਿਆਂ ਵਾਂਗ ਚੰਦਰਮਾ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ। ਇਹ ਸਿਰਫ਼ ਸੂਰਜ ਦੀ ਰੌਸ਼ਨੀ ਨੂੰ ਪਰਿਵਰਤਿਤ ਕਰਦਾ ਹੈ ਜਿਸ ਕਾਰਣ ਸਾਨੂੰ ਧਰਤੀ ਤੋਂ ਚੰਦਰਮਾ ਚਮਕਦਾ ਹੋਇਆ ਵਿਖਾਈ ਦਿੰਦਾ ਹੈ।




ਚੰਦਰਮਾ ਦਾ ਜਨਮ : ਚੰਦਰਮਾ ਦੇ ਜਨਮ ਬਾਰੇ ਕਈ ਸਿਧਾਂਤ ਪ੍ਰਚਲਿੱਤ ਹਨ। ਸਾਰੇ ਸਿਧਾਂਤਾਂ ਵਿਚ ਇੱਕਸਾਰਤਾ ਨਹੀਂ ਹੈ। ਇਸ ਦੇ ਜਨਮ ਸਬੰਧੀ ਜਾਇੰਟ ਇੰਪੈਕਟ ਸਿਧਾਂਤ (Giant Impact Theory) ਸਭ ਤੋਂ ਸਾਰਥਕ ਮੰਨਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਉਨ੍ਹਾਂ ਦਿਨਾਂ ਵਿਚ, ਜਦੋਂ ਧਰਤੀ ਦੀ ਬਣਤਰ ਉੱਭਰ ਰਹੀ ਸੀ ਅਤੇ ਧਰਤੀ ਤੇ ਹਾਲੇ ਜੀਵਨ ਪੈਦਾ ਨਹੀਂ ਹੋਇਆ ਸੀ, ਲਗਭਗ ਮੰਗਲ ਗ੍ਰਹਿ ਦੇ ਆਕਾਰ ਦਾ ਇੱਕ ਹੋਰ ਗ੍ਰਹਿ ਧਰਤੀ ਨਾਲ ਟਕਰਾ ਗਿਆ।



ਇਸ ਟਕਰਾ ਨਾਲ ਅਰਬਾਂ ਟਨ ਪਦਾਰਥ ਧਰਤੀ ਦੇ ਆਰਬਿਟ ਵਿਚ ਖਿਲਰ ਗਿਆ। ਇਸ ਖਿਲਾਰੇ ਨੂੰ ਗੁਰੂਤਾ ਖਿੱਚ ਨੇ ਇੱਕਠਾ ਕਰ ਦਿੱਤਾ। ਇਸ ਤਰ੍ਹਾਂ ਚੰਦਰਮਾ ਦਾ ਜਨਮ ਹੋਇਆ। ਧਰਤੀ ਦੀ ਗੁਰੂਤਾ ਖਿੱਚ ਦੇ ਘੇਰੇ ਵਿਚ ਹੋਣ ਕਰਕੇ ਇਹ ਧਰਤੀ ਦੇ ਦੁਆਲੇ ਚੱਕਰ ਕੱਟਣ ਲੱਗਾ।

ਚੰਦਰਮਾ ਅਤੇ ਗ੍ਰਹਿਆਂ ਵਿਚ ਅੰਤਰ : ਚੰਦਰਮਾ ਭਾਵੇਂ ਦੇਖਣ ਵਿਚ ਕਿਸੇ ਗ੍ਰਹਿ ਵਰਗਾ ਹੀ ਲਗਦਾ ਹੈ ਪਰ ਇੱਕ ਗ੍ਰਹਿ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਗ੍ਰਹਿ ਅਤੇ ਉੱਪ ਗ੍ਰਹਿ ਵਿਚ ਕੁਝ ਅੰਤਰ ਪਾਏ ਜਾਂਦੇ ਹਨ। ਇਨ੍ਹਾਂ ਅੰਤਰਾਂ ਸਦਕਾ ਪੁਲਾੜ ਵਿਚਲੇ ਪਦਾਰਥਕ ਮਾਦੇ/ ਪੁਲਾੜੀ ਪਿੰਡ ਨੂੰ ਗ੍ਰਹਿ ਜਾਂ ਉੱਪ ਗ੍ਰਹਿ ਦਾ ਦਰਜਾ ਦਿੱਤਾ ਜਾਂਦਾ ਹੈ। ਚੰਦਰਮਾ ਕਿਸੇ ਗ੍ਰਹਿ ਨਾਲੋਂ ਬਹੁਤ ਭਿੰਨ ਹੈ।



ਸਭ ਤੋਂ ਮੁੱਢਲਾ ਅੰਤਰ ਇਹ ਹੁੰਦਾ ਹੈ ਕਿ ਗ੍ਰਹਿ ਕਿਸੇ ਤਾਰੇ ਦੁਆਲੇ ਘੁੰਮਦਾ ਹੈ ਜਿਵੇਂ ਸਾਡੀ ਧਰਤੀ ਤੇ ਬਾਕੀ ਦੇ ਗ੍ਰਹਿ ਸਾਰੇ ਸੂਰਜ ਦੁਆਲੇ ਪਰਿਕਰਮਾ ਕਰਦੇ ਹਨ। ਦੂਸਰੇ ਪਾਸੇ ਜਿਹੜੇ ਪੁਲਾੜੀ ਮਾਦੇ/ ਪੁਲਾੜੀ ਪਿੰਡ ਗ੍ਰਹਿਆਂ ਦੁਆਲੇ ਘੁੰਮਦੇ ਹਨ, ਉਨ੍ਹਾਂ ਨੂੰ ਉੱਪ ਗ੍ਰਹਿ ਕਿਹਾ ਜਾਂਦਾ ਹੈ ਜਿਵੇਂ ਕਿ ਚੰਦਰਮਾ। ਇਹ ਧਰਤੀ ਦੁਆਲੇ ਭਾਵ ਇੱਕ ਗ੍ਰਹਿ ਦੁਆਲੇ ਪਰਿਕਰਮਾ ਕਰਦਾ ਹੈ। ਇਸ ਤੋਂ ਇਲਾਵਾ ਧਰਤੀ ਅਤੇ ਚੰਦਰਮਾ ਦੀ ਰਸਾਇਣਿਕ ਤੇ ਭੌਤਿਕ ਬਣਤਰ ਵੀ ਵੱਖੋ ਵੱਖਰੀ ਹੈ। ਧਰਤੀ ਦੇ ਕੇਂਦਰ ਵਿਚ ਭਾਰੀਆਂ ਧਾਤਾਂ ਦੀ ਇੱਕ ਸੰਘਣੀ ਕੋਰ (Core) ਹੈ ਜਿਸ ਦੇ

ਸਦਕਾ ਚੁੰਬਕੀ ਖੇਤਰ ਅਤੇ ਗੁਰੂਤਾ ਖਿੱਚ ਸ਼ਕਤੀ ਦਾ ਜਨਮ ਹੁੰਦਾ ਹੈ। ਇਹ ਗੁਰੂਤਾ ਖਿੱਚ ਗ੍ਰਹਿ ਦੁਆਲੇ ਇੱਕ ਵਾਯੂਮੰਡਲ ਨੂੰ ਬਣਾਈ ਰੱਖਣ ਦੇ ਯੋਗ ਬਣਾਉਂਦੀ ਹੈ।

ਚੰਦਰਮਾ ਦਾ ਆਪਣਾ ਵਾਯੂਮੰਡਲ ਨਹੀਂ ਹੈ : ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਧਰਤੀ ਤੇ ਚੰਦਰਮਾ ਦੀ ਬਣਤਰ ਵਿਚਲੇ ਬਹੁਤੇ ਅੰਸ਼ ਇੱਕੋ ਜਿਹੇ ਨਹੀਂ ਹਨ। ਇਸੇ ਵਖਰੇਵੇਂ ਕਾਰਣ ਚੰਦਰਮਾ ਦਾ ਆਪਣਾ ਵਾਯੂਮੰਡਲ ਨਹੀਂ ਹੈ। ਕਿਸੇ ਗ੍ਰਹਿ ਜਾਂ ਉੱਪ ਗ੍ਰਹਿ ਦੇ ਗਰਭ (Core) ਵਿਚੋਂ ਗੈਸਾਂ ਦੇ ਪੈਦਾ ਹੋਣ ਅਤੇ ਰਿਸਾਅ ਤੋਂ ਬਿਨ੍ਹਾਂ ਵਾਯੂਮੰਡਲ ਦੀ ਰਚਨਾ ਸੰਭਵ ਨਹੀਂ। ਇਸ ਤੋਂ ਇਲਾਵਾ ਵੀ ਜੇਕਰ ਗੈਸਾਂ ਪੈਦਾ ਜਾਂ ਉਨ੍ਹਾਂ ਦਾ ਰਿਸਾਅ ਹੋ ਵੀ ਜਾਵੇ ਤਾਂ ਵੀ ਚੰਦਰਮਾ ਦੀ ਘੱਟ ਗੁਰੂਤਾ ਖਿੱਚ ਸ਼ਕਤੀ ਕਾਰਣ ਇਨ੍ਹਾਂ ਨੂੰ ਕਾਬੂ ਵਿਚ ਰੱਖਣਾ ਮੁਸ਼ਕਿਲ ਹੋਵੇਗਾ। ਇਸ ਲਈ ਚੰਦਰਮਾ ਦੀ ਸਤਾਹ ਦੁਆਲੇ ਵਾਯੂਮੰਡਲ ਦਾ ਨਿਰਮਾਣ ਸੰਭਵ ਨਹੀਂ। ਏਨਾ ਜਰੂਰ ਹੈ ਕਿ ਚੰਦਰਮਾ ਦੀ ਸਤਾਹ ਦੁਆਲੇ ਕੁਝ ਭਾਰੀ ਅਣੂ ਮੌਜੂਦ ਹਨ ਜਿਹੜੇ ਸਿਰਫ਼ ਐਕਸੋਸਫੀਅਰ (Exosphere) ਦਾ ਨਿਰਮਾਣ ਕਰਨ ਦੇ ਸਮਰੱਥ ਹਨ ਪਰ ਇਨ੍ਹਾਂ ਅਣੂਆਂ ਨਾਲ ਵਾਯੂਮੰਡਲ ਦੀ ਰਚਨਾ ਸੰਭਵ ਨਹੀਂ। ਵਾਯੂਮੰਡਲ ਕਿਸੇ ਗ੍ਰਹਿ ’ਤੇ ਜੀਵਨ ਦੀ ਹੋਂਦ ਤੇ ਵਿਕਾਸ ਲਈ ਬੇਹੱਦ ਜਰੂਰੀ ਤੱਤ ਹੁੰਦਾ ਹੈ।



ਤਾਪਮਾਨ : ਚੰਦਰਮਾ ਦਾ ਆਪਣਾ ਵਾਯੂਮੰਡਲ ਨਾ ਹੋਣ ਕਰਕੇ ਇਥੇ ਦਿਨ ਤੇ ਰਾਤ ਦੇ ਤਾਪਮਾਨ ਵਿਚ ਵੱਡਾ ਅੰਤਰ ਹੈ। ਦਿਨ ਦਾ ਔਸਤ ਤਾਪਮਾਨ 253 ਡਿਗਰੀ ਫਾਰਨਹਾਈਟ (123 ਡਿਗਰੀ ਸੈਲਸੀਅਸ) ਤੱਕ ਪਹੁੰਚ ਜਾਂਦਾ ਹੈ ਜਦ ਕਿ ਰਾਤ ਦਾ ਔਸਤਨ ਤਾਪਮਾਨ 387 ਡਿਗਰੀ ਫਾਰਨਹਾਈਟ (233 ਡਿਗਰੀ ਸੈਲਸੀਅਸ) ਹੈ। ਤਾਪਾਮਾਨ ਵਿਚਲੇ ਇਸ ਵੱਡੇ ਅੰਤਰ ਕਾਰਣ ਦਿਨ ਬੇਹੱਦ ਗਰਮ ਅਤੇ ਰਾਤ ਬੇਹੱਦ ਠੰਡੀ ਹੋ ਜਾਂਦੀ ਹੈ। ਤਾਪਮਾਨ ਦੇ ਇੰਨੇ ਵੱਡੇ ਉਤਾਰ ਚੜਾਅ ਕਾਰਣ ਜੀਵਨ ਦੀ ਹੋਂਦ ਸੰਭਵ ਨਹੀਂ ਹੋ ਸਕਦੀ।

ਪਾਣੀ ਅਤੇ ਆਕਸੀਜਨ ਦੀ ਅਣਹੋਂਦ : ਮੁੱਢਲੀਆਂ ਸ਼ਰਤਾਂ ਵਿਚ ਜੀਵਨ ਦੀ ਹੋਂਦ ਅਤੇ ਜਿਉਂਦੇ ਰਹਿਣ ਲਈ ਪਾਣੀ ਅਤੇ ਆਕਸੀਜਨ ਦੀ ਲੋੜ ਹੁੰਦੀ ਹੈ। ਚੰਦਰਮਾ ’ਤੇ ਨਾ ਪਾਣੀ ਹੈ ਅਤੇ ਨਾ ਹੀ ਆਕਸੀਜਨ ਹੈ। ਇਸ ਲਈ ਇਥੇ ਜੀਵਨ ਸੰਭਵ ਨਹੀਂ। ਧਰਤੀ ’ਤੇ ਜੀਵਨ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਪਾਣੀ ਕਾਰਣ ਹੋਈ ਹੈ। ਜੇਕਰ ਪਾਣੀ ਨਾ ਹੋਵੇ ਤਾਂ ਅਸੀਂ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਧਰਤੀ ਇੱਕ ਅਜਿਹਾ ਗ੍ਰਹਿ ਹੈ ਜੋ ਜੀਵਨ ਨੂੰ ਸੰਭਵ ਬਣਾਉਣ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ ਜਦ ਕਿ ਚੰਦਰਮਾ ਇਨ੍ਹਾਂ ਲੋੜੀਂਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ।

ਚੰਦ ਤੇ ਜੀਵਨ ਹਾਲੇ ਅਸੰਭਵ : ਜੀਵਨ ਬਾਰੇ ਸਾਡੀ ਸਮਝ ਧਰਤੀ ਕੇਂਦਰਤ ਹੀ ਹੈ। ਅਸੀਂ ਜਾਣਦੇ ਹਾਂ ਕਿ ਧਰਤੀ ’ਤੇ ਜੀਵਨ ਦਾ ਪਹਿਲਾ ਆਧਾਰ ਪਾਣੀ ਹੀ ਬਣਿਆ ਹੈ। ਚੰਦਰਮਾ ਦੀ ਸਤਾਹ ’ਤੇ ਆਕਸੀਜਨ, ਪਾਣੀ ਅਤੇ ਵਾਯੂਮੰਡਲ ਮੌਜੂਦ ਨਹੀਂ ਹਨ। ਜਦੋਂ ਖਗੋਲ ਵਿਗਿਆਨੀ ਚੰਦਰਮਾ ਸਮੇਤ ਹੋਰਨਾਂ ਦੂਰ ਦੁਰੇਡੇ ਦੇ ਗ੍ਰਹਿਆਂ ਆਦਿ ਦਾ ਸਰਵੇਖਣ ਕਰਦੇ ਹਨ ਤਾਂ ਉਹ ਸਭ ਤੋਂ ਪਹਿਲਾਂ ਇਸ ਸੰਭਾਵਨਾ ਦੀ ਖੋਜ ਕਰ ਰਹੇ ਹੁੰਦੇ ਹਨ ਕਿ ਉੱਥੇ ਪਹਿਲਾਂ ਪਾਣੀ ਮੌਜੂਦ ਸੀ ਕਿ ਨਹੀਂ। ਚੰਦਰਮਾ ਦੀ ਬਣਤਰ ਦੇ ਇਤਿਹਾਸ ਮੁਤਾਬਕ ਇੱਥੇ ਵਾਯੂਮੰਡਲ ਨਹੀਂ ਹੈ ਅਤੇ ਹਵਾ ਤੇ ਪਾਣੀ ਦੀ ਅਣਹੋਂਦ ਕਾਰਣ ਇਹ ਮ੍ਰਿਤ ਚਟਾਨ ਦੇ ਬਰਾਬਰ ਹੈ। ਇਸ ਲਈ ਇੱਥੇ ਜੀਵਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਵਿਗਿਆਨ ਦੀਆਂ ਤਕਨੀਕਾਂ ਸਦਕਾ ਭਾਵੇਂ ਅਸੀਂ ਆਉਂਦੇ ਸਮੇਂ ਵਿਚ ਚੰਦਰਮਾ ’ਤੇ ਬਸਤੀ ਵਸਾਉਣ ਦੇ ਸਮਰੱਥ ਹੋ ਜਾਈਏ ਪਰ ਹਾਲੇ ਸਾਡੇ ਵਿਗਿਆਨੀਆਂ ਦਾ ਧਿਆਨ ਮੰਗਲ ਗ੍ਰਹਿ ਤੇ ਬਸਤੀਆਂ ਸਥਾਪਤ ਕਰਨ ਵੱਲ ਹੈ।



ਸਾਰ-ਅੰਸ਼ : ਸਪਸ਼ਟ ਹੈ ਕਿ ਚੰਦਰਮਾ ਕੋਲ ਕਿਸੇ ਕਿਸਮ ਦਾ ਵਾਯੂਮੰਡਲ, ਹਵਾ ਤੇ ਪਾਣੀ ਦੇ ਸੋਮਿਆਂ ਦੀ ਅਣਹੋਂਦ ਅਤੇ ਭੂ ਵਿਗਿਆਨਕ ਹਾਲਤਾਂ ਦੇ ਅਸਾਵੇਂਪਣ ਕਾਰਣ ਇਹ ਕਿਸੇ ਕਿਸਮ ਦੇ ਜੀਵਨ ਦੇ ਜਨਮ ਅਤੇ ਜੀਵ ਵਿਕਾਸ ਲਈ ਉਪਯੁਕਤ ਸੋਮਾ ਨਹੀਂ ਹੈ। ਕਿਸੇ ਵੀ ਗ੍ਰਹਿ ਜਾਂ ਉੱਪ ਗ੍ਰਹਿ ’ਤੇ ਜੀਵਨ ਤਾਂ ਹੀ ਸੰਭਵ ਹੋਵੇਗਾ ਜੇਕਰ ਉੱਥੇ ਸਾਡੀ ਧਰਤੀ ਵਰਗੀਆਂ ਹਾਲਤਾਂ ਹੋਣਗੀਆਂ ਭਾਵ ਧਰਤੀ ਜਿਹਾ ਭੌਤਿਕ ਆਲਾ ਦੁਆਲਾ/ਵਾਤਾਵਰਣ ਅਤੇ ਭੂ ਵਿਗਿਆਨਕ ਹਾਲਤਾਂ ਮੌਜੂਦ ਹੋਣਗੀਆਂ। ਇਸ ਤੋਂ ਇਲਾਵਾ ਉਸ ਗ੍ਰਹਿ/ਉੱਪ ਗ੍ਰਹਿ ਕੋਲ ਗੁਰੂਤਾ ਖਿੱਚ ਦਾ ਹੋਣਾ ਵੀ ਜਰੂਰੀ ਹੈ ਜਿਸ ਦੇ ਸਦਕਾ ਉਹ ਅਣੂਆਂ ਨੂੰ ਆਪਣੇ ਨਾਲ ਖਿੱਚ ਕੇ ਰੱਖ ਸਕਣ ਦੇ ਸਮਰੱਥ ਹੋਵੇ। ਅਜਿਹੀ ਹਾਲਤ ਵਿਚ ਵਾਯੂਮੰਡਲ ਦਾ ਨਿਰਮਾਣ ਸੰਭਵ ਹੋ ਸਕਦਾ ਹੈ ਵਰਨਾ ਨਹੀਂ।

98762-24461

ਬੋਲ ਸਦੀਵੀਂ

ਸੱਚ ਬੋਲਦੀਆਂ ਸੜਕਾਂ



ਓਹ!
ਕੀ ਤੁਹਾਨੂੰ ਦਿਸਦਾ ਨਹੀਂ
ਚੌੜੀਆਂ ਸੜਕਾਂ ਲਈ
ਹਜ਼ਾਰਾਂ ਰੁੱਖ ਦੇ ਰਹੇ ਨੇ
ਆਪਣੀ ਕੁਰਬਾਨੀ

ਕੀ ਤੁਹਾਨੂੰ ਅਜੇ ਵੀ
ਚਾਹੀਦੀ ਹੈ
ਵਿਕਾਸ ਦੀ ਕੋਈ
ਪਰਿਭਾਸ਼ਾ ?

ਨਵੀਆਂ ਸੜਕਾਂ
ਦਸਦੀਆਂ ਨੇ
ਵਿਕਾਸ ਦੇ ਨਾਂ 'ਤੇ ਹੀ
ਉਖਾੜੀਆਂ
ਜਾ ਸਕਦੀਆਂ ਨੇ
ਜੜ੍ਹਾਂ
ਰੁੱਖ ਤੇ ਮਨੁੱਖ
ਦੋਵਾਂ ਦੀਆਂ

2. ਰਾਸ਼ਟਰਵਾਦ

ਜਦ ਮੇਰਾ ਗੁਆਂਢੀ
ਪਿਆਸਾ ਹੋ ਗਿਆ
ਮੇਰੇ ਖ਼ੂਨ ਦਾ
ਮੈਂ ਸਮਝ ਗਿਆ
ਰਾਸ਼ਟਰਵਾਦ ਆ ਗਿਆ

3. ਪੁਰਸ਼

ਮੈਂ
ਪੁਰਸ਼ ਪੈਦਾ ਨਹੀਂ ਹੁੰਦਾ
ਮੈਨੂੰ
ਪੁਰਸ਼ ਬਣਾਉਂਦਾ ਹੈ
ਇਹ ਸਮਾਜ
ਬਚਪਨ ਤੋਂ ਹੀ
ਮੇਰੇ ਅੰਦਰ ਦੇ
ਨਾਰੀਤਵ ਨੂੰ
ਸਹਿਜੇ-ਸਹਿਜੇ
ਮਾਰਿਆ ਜਾਂਦਾ ਹੈ
ਇਉਂ ਕੋਈ ਪੁਰਸ਼
ਤਰਾਸ਼ਿਆ ਜਾਂਦਾ ਹੈ

4. ਮਰੇ ਹੋਏ ਲੋਕ

ਨਾਜ਼ੀਆਂ ਦੇ ਹੱਥੋਂ
ਮਰਨ ਤੋਂ ਪਹਿਲਾਂ
ਲਾਈਨ 'ਚ ਖੜ੍ਹੇ
ਆਪਣੀ ਮੌਤ ਦੀ
ਉਡੀਕ ਕਰਦੇ ਲੋਕ।
ਪਹਿਲਾਂ ਹੀ
ਨਾਟਕ ਕਰਨ ਲਗਦੇ
ਆਪਣੇ ਮਰੇ ਹੋਣ ਦਾ।
ਇਹ ਸੋਚ ਕੇ ਕਿ
ਮੌਤ ਅੱਗੇ ਲੰਘ ਜਾਵੇਗੀ
ਉਨ੍ਹਾਂ ਨੂੰ ਮਰੇ ਸਮਝ ਕੇ।
ਲਗਦਾ ਹੈ ਜਿਵੇਂ
ਉਹ ਸਮਾਂ
ਉਲਟ ਗਿਆ ਹੋਵੇ।
ਹੁਣ
ਪਹਿਲਾਂ ਤੋਂ ਹੀ
ਮਰ ਚੁੱਕੇ ਲੋਕ
ਨਾਟਕ ਕਰਦੇ
ਜਿਉਂਦੇ ਹੋਣ ਦਾ।
ਠੀਕ ਉਸੇ ਵੇਲੇ
ਜਦ ਉਨ੍ਹਾਂ ਦੇ ਸਾਹਮਣੇ
ਮਾਰਿਆ ਜਾਂਦਾ ਹੈ
ਕੋਈ ਆਮ ਆਦਮੀ
ਜਾਤੀ, ਧਰਮ, ਰੰਗ
ਤੇ ਆਪਣੀ ਨਸਲ ਕਰਕੇ।
ਤਾਂ
ਚੀਕਾਂ ਸੁਣਨ ਵਾਲੀ ਭੀੜ
ਲੰਘ ਕੇ ਇੱਕ ਲਾਸ਼ ਕੋਲੋਂ
ਚੱਲ ਪੈਂਦੀ ਹੈ
ਆਪਣੇ ਦਫ਼ਤਰ ਵੱਲ
ਕਿਸੇ ਲਾਸ਼ ਵਾਂਗ ਹੀ।
ਤੇ ਹਤਿਆਰਾ
ਨਿੱਕਲ ਜਾਂਦਾ ਹੈ ਚੀਰਕੇ
ਉਸ ਮਰੀ ਹੋਈ ਭੀੜ ਨੂੰ

ਬਾਕੀ ਪੰਨਾ 19 'ਤੇ

ਨੀਂਦ ਦੌਰਾਨ ਚੱਲਣ ਫਿਰਨ ਦੀ ਬਿਮਾਰੀ (Somnambulism)



ਡਾ. ਆਰ. ਕੇ. ਬਾਂਸਲ

ਤੁਸੀਂ ਅਕਸਰ ਵੇਖਿਆ ਜਾਂ ਸੁਣਿਆ ਹੋਵੇਗਾ ਕਿ ਕੁਝ ਵਿਅਕਤੀ ਸੁੱਤੇ ਹੋਏ ਬੁੜਬੜਾਉਣ ਲੱਗ ਜਾਂਦੇ ਹਨ। ਕਈ ਵਾਰ ਉਹ ਊਟ ਪਟਾਂਗ ਬੋਲਦੇ ਹਨ ਤੇ ਸਮਝ ਵੀ ਨਹੀਂ ਆਉਂਦੀ ਕਿ ਉਹ ਕੀ ਬੋਲਦੇ ਹਨ। ਕਈ ਵਾਰ ਸਮਝ ਵੀ ਆਉਂਦੀ ਹੈ। ਕਈ ਵਿਅਕਤੀ ਗਾਲਾਂ ਵੀ ਦੇ ਰਹੇ ਹੁੰਦੇ ਹਨ ਜਾਂ ਲੜ ਵੀ ਰਹੇ ਹੁੰਦੇ ਹਨ। ਕਈ ਵਾਰ ਉੱਠ ਕੇ ਚੱਲਣ ਫਿਰਨ ਜਾਂ ਕੋਈ ਕੰਮ ਵੀ ਕਰਨ ਲੱਗ ਜਾਂਦੇ ਹਨ। ਕਈ ਵਾਰ ਨੀਂਦ ਦੌਰਾਨ ਚੀਕਾਂ ਮਾਰਨਾ, ਰੋਣ ਜਾਂ ਹੱਸਣ ਲੱਗ ਜਾਣਾ ਵੀ ਆਮ ਹੁੰਦਾ ਹੈ, ਜੋ ਕਿ ਵੇਖਣ ਨੂੰ ਡਰਾਉਣਾ ਵੀ ਲੱਗਦਾ ਹੈ। ਕੁਝ ਲੋਕਾਂ ਵੱਲੋਂ ਇਸ ਨੂੰ ਅੰਧ ਵਿਸ਼ਵਾਸ਼ਾਂ ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ। ਇਸ ਨੂੰ ਅਪਸ਼ਗਨ ਮੰਨਿਆ ਜਾਂਦਾ ਹੈ ਜਾਂ ਕਿਸੇ ਖਤਰੇ ਦਾ ਸੰਕੇਤ ਮੰਨਿਆ ਜਾਂਦਾ ਹੈ। ਪੁਰਾਤਨ ਗ੍ਰੰਥਾਂ ਵਿੱਚ ਜਾਂ ਧਰਮਾਂ ਵਿੱਚ ਵੀ ਅੰਧ ਵਿਸ਼ਵਾਸ਼ਾਂ ਨਾਲ ਜੋੜ ਕੇ ਇਸ ਦੀ ਵਿਆਖਿਆ ਕੀਤੀ ਗਈ ਹੈ।

ਇਹ ਇੱਕ ਮਾਨਸਿਕ ਬਿਮਾਰੀ ਹੈ ਜਿਸ ਨੂੰ ਦੂਸਰੇ ਮਨੋਰੋਗਾਂ ਵਾਂਗ ਹੀ ਸਮਝਿਆ ਜਾ ਸਕਦਾ ਹੈ। ਇਸ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ। ਇਸ ਬਿਮਾਰੀ ਦਾ ਸਬੰਧ ਅਰਧ ਚੇਤਨ ਮਨ ਨਾਲ ਹੁੰਦਾ ਹੈ। ਸੌਖੀ ਭਾਸ਼ਾ ਵਿੱਚ ਸਮਝਣ ਲਈ ਅਸੀਂ ਕਹਿ ਸਕਦੇ ਹਾਂ ਕਿ ਸਰੀਰਕ ਗਤੀਵਿਧੀਆਂ ਕਰਨ ਦੀ ਜਾਂ ਸਰੀਰ ਨੂੰ ਚਲਾਉਣ ਦੀ ਪਾਵਰ ਸਿਰਫ ਚੇਤਨ ਮਨ ਕੋਲ ਹੁੰਦੀ ਹੈ। ਪਰ ਕਦੇ ਕਦਾਈ ਚੇਤਨ ਮਨ ਦੇ ਸੁੱਤਿਆਂ ਅਰਧ ਚੇਤਨ ਮਨ ਨੂੰ ਸਰੀਰ ਨੂੰ ਚਲਾਉਣ ਦੀ ਜਾਂ ਸਰੀਰਕ ਗਤੀਵਿਧੀਆਂ ਕਰਨ ਦੀ ਤਾਕਤ ਮਿਲ ਜਾਂਦੀ ਹੈ। ਅਜਿਹੀ ਅਵਸਥਾ ਵਿੱਚ ਵਿਅਕਤੀ ਆਪਣੇ ਸਰੀਰ ਨੂੰ ਬੇਤੁਕੇ ਜਿਹੇ ਢੰਗ ਨਾਲ ਚਲਾਉਣਾ ਸ਼ੁਰੂ ਕਰ ਦਿੰਦਾ ਹੈ। ਜਦ ਕਿ ਇਹ ਬਹੁਤ ਥੋੜੇ ਸਮੇਂ ਲਈ ਹੀ ਹੁੰਦਾ ਹੈ। ਇਹ ਨੀਂਦ ਦੀ ਇੱਕ ਖਾਸ ਸਟੇਜ NERM (Non Rapid Eye Moment Stage) ਦੌਰਾਨ ਹੀ ਹੁੰਦਾ ਹੈ। ਇਸ ਦੌਰਾਨ ਦਿਮਾਗ ਦਾ ਇੱਕ ਹਿੱਸਾ ਸੁੱਤਾ ਹੁੰਦਾ ਹੈ ਅਤੇ ਇੱਕ ਹਿੱਸਾ ਜਾਗਦਾ ਹੁੰਦਾ ਹੈ। ਭਾਵੇਂ ਕਿ ਇਹ ਬਿਮਾਰੀ ਆਪਣੇ ਆਪ ਵਿੱਚ ਖਤਰਨਾਕ ਨਹੀਂ ਹੁੰਦੀ ਪਰ ਨੀਂਦ ਦੌਰਾਨ ਚੱਲਣ ਫਿਰਨ ਦੌਰਾਨ ਸੱਟ ਫੇਟ ਲੱਗ ਜਾਣਾ, ਪੌੜੀਆਂ ਤੋਂ ਡਿੱਗ ਜਾਣਾ, ਘਰੋਂ ਦੂਰ ਚਲੇ ਜਾਣਾ, ਮਸ਼ੀਨਰੀ ਆਦਿ ਚਲਾਉਣ ਲੱਗ ਜਾਣਾ ਜਾਂ ਹੋਰ ਕੋਈ ਐਸੀ ਗਤੀਵਿਧੀ ਕਰਨਾ ਜਿਸ ਲਈ ਕਿ ਤਰਕ ਸ਼ਕਤੀ ਦੀ ਜਰੂਰਤ ਹੁੰਦੀ ਹੈ ਤਾਂ ਇਹ ਖਤਰਨਾਕ ਵੀ ਹੋ ਸਕਦੀ ਹੈ।ਇਸ ਸਟੇਜ ਦੌਰਾਨ ਵਿਅਕਤੀ ਦੀ ਸੋਚ ਸਪੱਸ਼ਟ ਨਹੀਂ ਹੁੰਦੀ। ਅੱਧ-ਪਚੱਧ ਵਿਅਕਤੀ ਸੋਚ ਵੀ ਸਕਦਾ ਹੈ। ਉਸ ਦੀਆਂ ਅੱਖਾਂ ਵੀ ਖੁੱਲੀਆਂ ਹੁੰਦੀਆਂ ਹਨ। ਇਸ ਲਈ ਦੇਖਣ ਤੋਂ ਵਿਅਕਤੀ ਜਾਗਦਾ ਪ੍ਰਤੀਤ ਹੁੰਦਾ ਹੈ ਪਰ ਚਿਹਰੇ 'ਤੇ ਖਾਲੀਪਣ ਅਤੇ ਡੌਰ ਭੌਰ ਜਿਹਾ ਭਾਵ ਹੁੰਦਾ ਹੈ। ਅੱਖਾਂ ਖੁੱਲੀਆਂ ਹੋਣ ਦੇ ਬਾਵਜੂਦ ਵੀ ਵਿਅਕਤੀ ਦੀ ਝਾਕਣੀ ਜਾਗਦੇ ਵਿਅਕਤੀ ਵਾਂਗ ਨਹੀਂ ਹੁੰਦੀ। ਆਮ ਤੌਰ 'ਤੇ ਇਹ ਸਟੇਜ ਕੁਝ ਸਕਿੰਟਾਂ ਤੋਂ ਲੈ ਕੇ ਕੁਝ ਮਿੰਟਾਂ ਤੱਕ ਹੀ ਹੁੰਦੀ ਹੈ। ਇਸ ਸਟੇਜ ਦੌਰਾਨ ਜੇਕਰ ਤੁਸੀਂ ਵਿਅਕਤੀ ਨੂੰ ਜਗਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਜਾਗੇਗਾ ਨਹੀਂ ਸਗੋਂ ਸੌਣ ਦੀ ਜਿਦ ਕਰੇਗਾ ਅਤੇ ਸੌਂ ਜਾਵੇਗਾ। ਸਵੇਰੇ ਜਾਗਣ ਤੋਂ ਬਾਅਦ ਉਹ ਕੁਝ ਵੀ ਯਾਦ ਨਹੀਂ ਕਰ ਸਕਦਾ। ਜੇਕਰ ਤੁਸੀਂ ਯਾਦ ਕਰਾਉਣ ਦੀ ਕੋਸ਼ਿਸ਼ ਕਰੋਗੇ ਤਾਂ ਹੈਰਾਨੀ ਨਾਲ ਸੁਣਦਾ ਰਹੇਗਾ।

ਇਹ ਬਿਮਾਰੀ ਜਿਆਦਾਤਰ ਬਚਪਨ ਅਵਸਥਾ ਵਿੱਚ ਹੀ ਹੁੰਦੀ ਹੈ। ਇਹ ਅਲਾਮਤ ਸਭ ਤੋਂ ਵੱਧ 4 ਸਾਲ ਤੋਂ 10 ਸਾਲ ਤੱਕ ਹੁੰਦੀ ਹੈ। ਪਰ ਕੁਝ ਲੋਕਾਂ ਵਿੱਚ ਇਹ ਜਵਾਨ ਉਮਰ ਵਿੱਚ ਵੀ ਹੁੰਦੀ ਹੈ। ਅਜਿਹੀ ਹਰਕਤ ਮਰੀਜ਼ ਇੱਕ ਰਾਤ ਵਿੱਚ ਇੱਕ ਵਾਰ ਹੀ ਕਰਦਾ ਹੈ।

ਇਹ ਬਿਮਾਰੀ ਕਿਉਂ ਹੁੰਦੀ ਹੈ ? ਇਸ ਬਿਮਾਰੀ ਦੇ ਕਈ ਕਾਰਨ ਹੁੰਦੇ ਹਨ। ਮੁੱਖ ਤੌਰ 'ਤੇ ਵਿਅਕਤੀ ਦੇ ਦਿਮਾਗ ਦਾ ਪਰਪੱਕ ਨਾ ਹੋਣਾ ਹੁੰਦਾ ਹੈ। ਬਚਪਨ ਦੌਰਾਨ ਦਿਮਾਗੀ ਕਿਰਿਆਵਾਂ ਉੱਪਰ ਪੂਰਾ ਕੰਟਰੋਲ ਨਹੀਂ ਹੁੰਦਾ। ਨੀਂਦ ਵਿੱਚ ਹੀ ਵਿਅਕਤੀ ਦਾ ਅੱਧਾ ਦਿਮਾਗ ਜਾਗ ਜਾਂਦਾ ਹੈ ਜਦ ਕਿ ਅੱਧਾ ਸੁੱਤਾ ਹੀ ਰਹਿੰਦਾ ਹੈ। ਜਾਗਦਾ ਹਿੱਸਾ ਗਤੀਵਿਧੀਆਂ ਨੂੰ ਅੰਜ਼ਾਮ ਦੇ ਦਿੰਦਾ ਹੈ।

* ਅਰਧ ਚੇਤਨ ਮਨ ਦਾ ਨੀਂਦ ਦੌਰਾਨ ਸਰੀਰਕ ਗਤੀਵਿਧੀਆਂ ਨੂੰ ਲੋੜੋਂ ਵੱਧ ਕੰਟਰੋਲ ਕਰਨਾ ਵੀ ਇਸ ਬਿਮਾਰੀ ਦਾ ਕਾਰਨ ਹੁੰਦਾ ਹੈ।

* ਜਿਆਦਾ ਤਨਾਓ, ਸਟਰੈੱਸ, ਚਿੰਤਾ ਰੋਗ, ਉਦਾਸੀ ਰੋਗ, ਕਿਸੇ ਵੱਡੀ ਦੁਖਦਾਈ ਘਟਨਾ ਤੋਂ ਬਾਅਦ ਦੇ ਮਨੋਰੋਗ ਆਦਿ ਵੀ ਇਸ ਬਿਮਾਰੀ ਦੇ ਕਾਰਨ ਬਣਦੇ ਹਨ।

* ਇਹ ਬਿਮਾਰੀ ਪਿਤਾ ਪੁਰਖੀ ਜਾਂ ਅਨੁਵੰਸ਼ਕ ਵੀ ਹੁੰਦੀ ਹੈ।

* ਦਵਾਈਆਂ ਦੀ ਵਰਤੋਂ ਜਾਂ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਵੀ ਇਸ ਦਾ ਕਾਰਨ ਬਣ ਸਕਦਾ ਹੈ।

* ਉਨੀਂਦਰੇ ਰਹਿਣਾ ਜਾਂ ਨਰਵਸ ਸਿਸਟਮ ਨਾਲ ਸੰਬੰਧਿਤ ਬਿਮਾਰੀਆਂ ਕਾਰਨ ਨੀਂਦ ਦੇ ਪੈਟਰਨ ਦਾ ਵਿਗੜ ਜਾਣਾ ਵੀ ਇਸ ਬਿਮਾਰੀ ਦਾ ਕਾਰਨ ਹੋ ਸਕਦਾ ਹੈ।

ਕੀ ਇਸ ਬਿਮਾਰੀ ਦਾ ਇਲਾਜ ਸੰਭਵ ਹੈ? ਬਹੁਤੇ ਕੇਸਾਂ ਵਿੱਚ ਇਲਾਜ ਦੀ ਲੋੜ ਨਹੀਂ ਹੁੰਦੀ ਕਿਉਂਕਿ ਬਿਮਾਰੀ ਕੁਝ ਸਮੇਂ ਬਾਅਦ ਖੁਦ ਹੀ ਠੀਕ ਹੋ ਜਾਂਦੀ ਹੈ। ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ ਉਸ ਦਾ ਆਪਣੀਆਂ ਦਿਮਾਗੀ ਕਿਰਿਆਵਾਂ ਉੱਪਰ ਕੰਟਰੋਲ ਵੱਧਦਾ ਜਾਂਦਾ ਹੈ। ਪਰ ਜੇਕਰ ਬਿਮਾਰੀ ਦੇ ਲੱਛਣ ਜਿਆਦਾ ਗੰਭੀਰ ਹੋ ਜਾਣ ਜਾਂ ਬਿਮਾਰੀ 10 ਤੋਂ 12 ਸਾਲ ਦੀ ਉਮਰ ਤੋਂ ਬਾਅਦ ਵੀ ਰਹੇ ਤਾਂ ਇਲਾਜ ਜਰੂਰੀ ਸਮਝਿਆ ਜਾਂਦਾ ਹੈ।

* ਇਹ ਬਿਮਾਰੀ ਅਰਧ ਚੇਤਨ ਮਨ ਨਾਲ ਸਬੰਧਿਤ ਹੁੰਦੀ ਹੈ। ਹਿਪਨੋਟਿਜਮ, ਰਿਲੈਕਸੇਸ਼ਨ ਥਰੈਪੀ ਆਦਿ ਨਾਲ ਵੀ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ।

* ਇਹ ਬਿਮਾਰੀ ਨੀਂਦ ਦੇ ਖਾਸ ਪੈਟਰਨ ਦੌਰਾਨ ਹੀ ਹੁੰਦੀ ਹੈ। ਨੀਂਦ ਦੇ ਇਸ ਪੈਟਰਨ ਨੂੰ ਥੋੜਾ ਬਦਲ ਕੇ ਵੀ ਇਸ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ।

* ਮਨੋਰੋਗ ਮਾਹਿਰਾਂ ਵੱਲੋਂ ਇਸ ਨੂੰ ਕੰਟਰੋਲ ਕਰਨ ਲਈ ਕੁਝ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ।

ਮਰੀਜ ਅਤੇ ਪਰਿਵਾਰ ਲਈ ਕੀ ਸਾਵਧਾਨੀਆਂ ਜਰੂਰੀ ਹਨ?

* ਅਗਰ ਮਰੀਜ਼ ਬਿਮਾਰੀ ਦੌਰਾਨ ਗੰਭੀਰ ਕਿਸਮ ਦੀਆਂ ਹਰਕਤਾਂ ਕਰਦਾ ਹੈ ਜਿਵੇਂ ਕਿ ਇੱਕ ਕੇਸ ਵਿੱਚ ਮਰੀਜ਼ ਨੀਂਦ ਦੌਰਾਨ ਉੱਠ ਕੇ ਟਰੈਕਟਰ ਸਟਾਰਟ ਕਰ ਲੈਂਦਾ ਸੀ। ਅਜਿਹੇ ਕੇਸ ਵਿੱਚ ਖਾਸ ਸਾਵਧਾਨੀਆਂ ਦੀ ਜਰੂਰਤ ਹੁੰਦੀ ਹੈ।

* ਕਾਰ, ਟਰੈਕਟਰ, ਸਕੂਟਰ ਆਦਿ ਮਸ਼ੀਨਰੀ ਦੀਆਂ ਚਾਬੀਆਂ ਮਰੀਜ ਦੀ ਪਹੁੰਚ ਤੋਂ ਦੂਰ ਰੱਖੋ।

* ਮਰੀਜ਼ ਨੂੰ ਛੱਤ ਉੱਪਰ ਨਾ ਸੌਣ ਦਿਓ।

* ਪੌੜੀਆਂ ਆਦਿ ਦੇ ਦਰਵਾਜੇ ਨੂੰ ਜਿੰਦਰਾ ਲਗਾ ਕੇ ਸੌਂਵੋ।

* ਕੁੰਡੇ ਆਦਿ ਮਰੀਜ਼ ਨੀਂਦ ਦੌਰਾਨ ਵੀ ਖੋਲ੍ਹ ਸਕਦਾ ਹੈ।

* ਹੋ ਸਕੇ ਤਾਂ ਮਰੀਜ ਨੂੰ ਕਮਰੇ ਵਿੱਚ ਇਕੱਲੇ ਨਾ ਸੌਣ ਦਿਓ ਅਤੇ ਕਮਰੇ ਨੂੰ ਅੰਦਰ ਤੋਂ ਜਿੰਦਰਾ ਲਗਾ ਕੇ ਸੌਂਵੋ।

* ਗੈਸ ਲਾਈਟਰ, ਮਾਚਿਸ, ਤਿੱਖੀਆਂ ਚੀਜ਼ਾਂ, ਹਥਿਆਰ, ਕਹੀ, ਕੁਹਾੜੀ ਜਿਹੇ ਸੰਦ ਆਦਿ ਮਰੀਜ਼ ਦੀ ਪਹੁੰਚ ਤੋਂ ਦੂਰ ਰੱਖੋ।

* ਮਰੀਜ਼ ਦੇ ਬੈੱਡ ਅੱਗੇ ਕੁਰਸੀਆਂ ਆਦਿ ਰੱਖੀਆਂ ਜਾ ਸਕਦੀਆਂ ਹਨ ਜਾਂ ਉੱਪਰ ਭਾਂਡੇ ਕੌਲੀ, ਗਲਾਸ ਆਦਿ ਰੱਖੇ ਜਾ ਸਕਦੇ ਹਨ ਤਾਂ ਕਿ ਜਦ ਮਰੀਜ਼ ਕੁਰਸੀ ਪਾਸੇ ਕਰਕੇ ਖੜਾ ਹੋਵੇਗਾ ਤਾਂ ਕੁਝ ਡਿੱਗ ਕੇ ਖੜਕਾ ਹੋਵੇਗਾ ਅਤੇ ਖੜਕੇ ਨਾਲ ਦੂਜਿਆਂ ਨੂੰ ਜਾਗ ਆ ਜਾਵੇਗੀ।

* ਮਰੀਜ਼ ਨਾਲ ਇਸ ਸਟੇਜ ਦੌਰਾਨ ਬਹਿਸਬਾਜੀ ਨਾ ਕੀਤੀ ਜਾਵੇ ਸਗੋਂ ਉਸ ਨੂੰ ਫਿਰ ਤੋਂ ਸੁਲਾ ਦੇਣਾ ਚਾਹੀਦਾ ਹੈ।


94172-41386

ਪੰਨਾ 17 ਦਾ ਬਾਕੀ

ਤੇ ਫਿਰ ਇੱਕ ਦਿਨ
ਉਹ ਵਾਪਸ ਆਉਂਦਾ ਹੈ
ਧੋਕੇ
ਖੂਨ ਨਾਲ ਰੰਗੇ
ਆਪਣੇ ਹੱਥ
ਤੇ ਵੋਟ ਮੰਗਦਾ ਹੈ
ਉਸੇ ਭੀੜ ਤੋਂ।
ਉਹ ਜਾਣਦਾ ਹੈ
ਕਿ ਇਹ ਭੀੜ
ਰੋਜ਼ਾਨਾ ਕਰਦੀ ਹੈ
ਜੱਦੋ-ਜਹਿਦ
ਜੀਵਤ ਬਚ ਜਾਣ ਲਈ ਹੀ
ਚੁੱਪ ਰਹਿੰਦੀ ਹੈ
ਖੁਦ ਦੇ ਬਚੇ ਰਹਿਣ ਲਈ
ਤੇ ਚੁਣ ਲੈਂਦੀ ਹੈ ਚੋਣਾਂ 'ਚ
ਆਪਣੇ ਲਈ
ਅੰਦਰੋਂ ਮਰੇ ਹੋਏ ਲੋਕ।
ਇੱਕ ਦਿਨ ਫਿਰ
ਉਹ ਵਾਪਸ ਆ ਕੇ
ਉਸੇ ਭੀੜ ਨੂੰ
ਚਲਾਉਂਦਾ ਹੈ
ਤੇ ਇਹ ਸੋਚ ਕੇ
ਮੁਸਕਰਾਉਂਦਾ ਹੈ
ਕਿ ਇਹ ਚਲਦੇ-ਫਿਰਦੇ
ਮਰੇ ਹੋਏ ਲੋਕ ਹਨ
ਕਦ-ਕੀ ਹੋਇਆ
ਇਨ੍ਹਾਂ ਨੂੰ ਭਲਾ
ਯਾਦ ਰਹਿੰਦਾ ਹੈ।

ਮੂਲ ਲੇਖਿਕਾ : ਜਸਿੰਤਾ ਕੇਰਕੇਟਾ (ਆਦਿਵਾਸੀ ਕਵਿੱਤਰੀ)
ਪੰਜਾਬੀ ਰੂਪ : ਯਸ਼ ਪਾਲ (ਵਰਗ ਚੇਤਨਾ)

ਪਾਕਿਸਤਾਨ ਨੂੰ ਬਰਬਾਦ ਕਰਨਾ ਹੈ



ਹਿਮਾਂਸ਼ੂ ਕੁਮਾਰ

ਮੈਂ ਫੈਸਲਾ ਕੀਤਾ ਕਿ ਹੁਣ ਜਦ ਫੇਸਬੁਕ ਉੱਤੇ ਯੁੱਧ ਦਾ ਐਲਾਨ ਹੋ ਹੀ ਚੁੱਕਾ ਹੈ ਤਾਂ ਚੱਲਕੇ ਪਾਕਿਸਤਾਨ ਦਾ ਨਾਮੋ-ਨਿਸ਼ਾਨ ਮਿਟਾਉਣ ਦੇ 'ਮਹਾਨ' ਕੰਮ ਵਿੱਚ ਮੈਨੂੰ ਵੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਮੈਂ ਰਾਜਸਥਾਨ ਵਿੱਚ ਚਰਵਾਹਿਆਂ ਵਿੱਚ ਰਲ ਪਾਕਿਸਤਾਨ ਵਿੱਚ ਦਾਖਲ ਹੋ ਗਿਆ। ਪਾਕਿਸਤਾਨ ਵਿੱਚ ਦਾਖਲ ਹੋਣ ਤੋਂ ਬਾਅਦ ਮੈਂ ਆਸ ਪਾਸ ਨਜ਼ਰ ਦੌੜਾਈ ਕਿ ਪਾਕਿਸਤਾਨ ਨੂੰ ਬਰਬਾਦ ਕਰਨ ਦੀ ਸ਼ੁਰੂਆਤ ਕਿੱਥੋਂ ਕੀਤੀ ਜਾ ਸਕਦੀ ਹੈ ?

ਮੇਰੇ ਆਸ ਪਾਸ ਰੇਤ ਦੇ ਮੈਦਾਨ ਅਤੇ ਝਾੜੀਆਂ ਸਨ। ਮੈਂ ਥੋੜ੍ਹੀ ਜਿਹੀ ਰੇਤ ਬਰਬਾਦ ਕਰਨ ਦੀ ਮਨਸ਼ਾ ਨਾਲ ਹਵਾ ਵਿੱਚ ਉਡਾ ਦਿੱਤੀ ਅਤੇ ਸੋਚਿਆ ਕਿ ਘੱਟੋ ਘੱਟ ਪਾਕਿਸਤਾਨ ਦੀ ਕੁੱਝ ਰੇਤ ਹੀ ਬਰਬਾਦ ਕਰ ਦੇਵਾਂ ਪਰ ਉਹ ਰੇਤ ਉੱਡਕੇ ਵਾਪਿਸ ਮੇਰੀਆਂ ਅੱਖਾਂ ਅਤੇ ਮੂੰਹ ਵਿੱਚ ਪੈ ਗਿਆ। ਆਪਣਾ ਪਹਿਲਾ ਵਾਰ ਖਾਲੀ ਜਾਣ ਤੋਂ ਮਗਰੋਂ ਗੁੱਸੇ ਵਿੱਚ ਮੈਂ ਕੁੱਝ ਪਾਕਿਸਤਾਨੀ ਝਾੜੀਆਂ ਨੂੰ ਬਰਬਾਦ ਕਰਨ ਦੇ ਮਨਸ਼ੇ ਨਾਲ ਉਨ੍ਹਾਂ ਨੂੰ ਪੁੱਟਣਾ ਚਾਹਿਆ। ਪਰ ਰੇਗਿਸਤਾਨੀ ਝਾੜੀਆਂ ਕੰਡਿਆਂ ਨਾਲ ਭਰੀਆਂ ਹੁੰਦੀਆਂ ਹਨ। ਇਸ ਤਰ੍ਹਾਂ ਮੇਰੇ ਹੱਥ ਕੰਡਿਆਂ ਨਾਲ ਪਾਟ ਗਏ। ਝਾੜੀਆਂ ਨੂੰ ਕੋਸਦਿਆਂ ਹੋਇਆ, ਮੈਂ ਝਾੜੀਆਂ ਨੂੰ ਬਰਬਾਦ ਕਰਨ ਦੇ ਆਈਡੀਏ ਨੂੰ ਡਰਾਪ (ਵਿਚਾਰ ਛੱਡਣਾ) ਕਰ ਦਿੱਤਾ ।

ਮੈਂ ਦੂਰ ਤੱਕ ਨਜ਼ਰ ਦੌੜਾਈ ਤਾਂ ਮੈਨੂੰ ਉੱਥੇ ਧੂੰਆਂ ਉੱਠਦਾ ਦਿਸਿਆ। ਮੈਂ ਸੋਚਿਆ ਜਰੂਰ ਇਹ ਪਾਕਿਸਤਾਨੀ ਭਾਰਤ ਵਿੱਚ ਅੱਗ ਲਾਉਣ ਦੀ ਤਿਆਰੀ ਕਰ ਰਹੇ ਹਨ। ਜਦ ਮੈਂ ਧੂੰਏਂ ਨਜਦੀਕ ਪਹੁੰਚਿਆ ਤਾਂ ਮੈਂ ਦੇਖਿਆ ਕਿ ਧੂੰਆਂ ਇੱਕ ਝੌਂਪੜੀ ਵਿੱਚੋਂ ਨਿਕਲ ਰਿਹਾ ਸੀ। ਮੈਂ ਸੋਚਿਆ ਅੰਦਰ ਅੱਤਵਾਦੀ ਹੋਣਗੇ। ਮੈਂ ਹੱਥ ਵਿੱਚ ਇੱਕ ਡੰਡਾ ਲੈ ਲਿਆ ਅਤੇ ਘਰ ਦੇ ਪਿਛਲੇ ਪਾਸੇ ਚਲਾ ਗਿਆ। ਮੈਂ ਹੌਲੀ ਜਿਹੇ ਖਿੜਕੀ ਵਿੱਚ ਦੀ ਅੰਦਰ ਝਾਕਿਆ ਤਾਂ ਇੱਕ ਬੁੱਢਾ ਆਦਮੀ ਚੁੱਲੇ ਉੱਪਰ ਰੋਟੀਆਂ ਪਕਾ ਰਿਹਾ ਸੀ। ਕਮਰੇ ਅੰਦਰ ਇੱਕ ਮੰਜੇ ਉੱਪਰ ਇੱਕ ਬੁੱਢੀ ਔਰਤ ਲੇਟੀ ਹੋਈ ਸੀ ਜੋ ਸ਼ਾਇਦ ਬੀਮਾਰ ਸੀ। ਧਰਤੀ ਉੱਪਰ ਇੱਕ ਬੱਚਾ ਬੋਰੀ ਵਿਛਾ ਕੇ ਪੜ੍ਹ ਰਿਹਾ ਸੀ।

ਮੇਰੇ ਖਿੜਕੀ ਵਿੱਚੋਂ ਝਾਕਣ ਨਾਲ ਕਮਰੇ ਵਿੱਚ ਆਉਣ ਵਾਲੀ ਰੌਸ਼ਨੀ ਘੱਟ ਗਈ। ਬੁੱਢੇ ਨੇ ਅੱਖਾਂ ਚੁੱਕ ਕੇ ਮੇਰੇ ਵੱਲ ਦੇਖਿਆ ਅਤੇ ਪੁੱਛਿਆ, "ਭਾਈ, ਤੁਸੀਂ ਕੌਣ ਹੋ ? ਅੰਦਰ ਆ ਜਾਓ।" ਮੇਰਾ ਦਿਲ ਜ਼ੋਰ ਜੋਰ ਨਾਲ ਧੜਕਣ ਲੱਗਾ।

ਮੈਂ ਸੋਚਿਆ ਕਿ ਜੇ ਮੈਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਇਹ ਬੁੱਢਾ ਚੁੱਲ੍ਹੇ ਪਿੱਛਿਓਂ ਏ ਕੇ ਸੰਤਾਲੀ ਕੱਢ ਕੇ ਮੈਨੂੰ ਭੁੰਨ ਦੇਵੇਗਾ। ਮੈਂ ਡਰਦੇ ਮਾਰੇ ਸਾਹਮਣੇ ਦੇ ਦਰਵਾਜੇ ਰਾਹੀਂ ਘਰ ਅੰਦਰ ਜਾ ਵੜਿਆ। ਬੁੱਢੀ ਉੱਠ ਕੇ ਮੰਜੇ 'ਤੇ ਬੈਠ ਗਈ। ਬੱਚਾ ਵੀ ਆਪਣੀ ਪੜ੍ਹਾਈ ਬੰਦ ਕਰਕੇ ਮੇਰੇ ਵੱਲ ਦੇਖਣ ਲੱਗ ਪਿਆ।

ਬੁੱਢੇ ਨੇ ਮੇਰੇ ਬੈਠਣ ਲਈ ਲੱਕੜੀ ਦਾ ਸਟੂਲ ਦਿੱਤਾ ਅਤੇ ਘੜੇ ਵਿੱਚੋਂ ਪਾਣੀ ਦਾ ਗਿਲਾਸ ਕੱਢ ਕੇ ਮੇਰੇ ਸਾਹਮਣੇ ਖੜ੍ਹਾ ਹੋ ਗਿਆ। ਮੈਂ ਸੋਚਿਆ ਕਿ ਉਸ ਨੇ ਪਾਣੀ ਵਿੱਚ ਜ਼ਹਿਰ ਪਾ ਦਿੱਤਾ ਹੋਵੇਗਾ।

ਪਰ ਮਾਰੂਥਲ ਵਿੱਚ ਇੰਨਾ ਲੰਮਾ ਸਮਾਂ ਚੱਲਣ ਤੋਂ ਬਾਅਦ ਮੈਨੂੰ ਬਹੁਤ ਪਿਆਸ ਲੱਗ ਰਹੀ ਸੀ, ਇਸ ਲਈ ਮੈਂ ਇੱਕੋ ਸਾਹੇ ਸਾਰਾ ਪਾਣੀ ਪੀ ਗਿਆ।

ਬੁੱਢੇ ਨੇ ਕਿਹਾ, "ਪੁੱਤ, ਤੂੰ ਪਰਦੇਸੀ ਲੱਗਦੈ, ਰਾਹ ਭਟਕ ਗਿਆ ਏ, ਤੈਨੂੰ ਭੁੱਖ ਲੱਗੀ ਹੋਣੀ ਐ, ਰੋਟੀ ਖਾ ਲੈ।" ਮੇਰੇ ਇਨਕਾਰ ਕਰਨ ਦੇ ਬਾਵਜੂਦ ਵੀ, ਬੁੱਢੇ ਨੇ ਐਲੂਮੀਨੀਅਮ ਦੀ ਪਲੇਟ ਵਿੱਚ ਦੋ ਰੋਟੀਆਂ ਤੇ ਆਲੂ ਦੀ ਸਬਜੀ ਪਾ ਕੇ ਮੇਰੇ ਸਾਹਮਣੇ ਰੱਖ ਦਿੱਤੀ। ਮੈਂ ਸੋਚਿਆ ਕਿ ਪਾਕਿਸਤਾਨ ਨੂੰ ਤਬਾਹ ਕਰਨ ਲਈ ਜ਼ਿੰਦਾ ਰਹਿਣਾ ਜਰੂਰੀ ਹੈ ਤਾਂ ਖਾਣਾ ਖਾ ਲਿਆ ਜਾਵੇ। ਮੈਂ ਖਾਣਾ ਖਾ ਰਿਹਾ ਸੀ ਤਾਂ ਬੁੱਢੇ ਨੇ ਕਿਹਾ, "ਤੁਸੀਂ ਇੰਡੀਆ ਤੋਂ ਆਏ ਹੋ ?" ਮੈਂ ਸੋਚਿਆ ਕਿ ਇਹ ਬੁੱਢਾ ਜਰੂਰ ਆਈ.ਐਸ.ਆਈ. ਦਾ ਏਜੰਟ ਹੋਵੇਗਾ। ਮੈਂ ਘਿਰ ਗਿਆ ਲੱਗਦਾ ਸੀ। ਮੈਂ ਡਰਦਿਆਂ ਕਿਹਾ, "ਹਾਂ, ਮੈਂ ਆਪਣਾ ਰਾਹ ਭੁੱਲ ਗਿਆ ਸੀ।"

ਬੁੱਢੇ ਨੇ ਬੜੀ ਨਰਮੀ ਨਾਲ ਕਿਹਾ, "ਕੋਈ ਗੱਲ ਨਹੀਂ, ਇੱਥੋਂ ਦੇ ਚਰਵਾਹੇ ਕਈ ਵਾਰ ਆਪਣੀਆਂ ਬੱਕਰੀਆਂ ਚਰਾਉਂਦੇ ਹੋਏ ਭਾਰਤ ਚਲੇ ਜਾਂਦੇ ਹਨ। ਜੇ ਮੈਂ ਕਹਿ ਦੇਵਾਂ ਤਾਂ ਸਾਡੇ ਪਿੰਡ ਵਾਲੇ ਤੈਨੂੰ ਭਾਰਤ ਪਹੁੰਚਾ ਦੇਣਗੇ।" ਮੈਂ ਆਪਣਾ ਸਿਰ ਨੀਵਾਂ ਕਰ ਕੇ ਕਿਹਾ, "ਠੀਕ ਹੈ।"

ਬਾਹਰ ਰਾਤ ਹੋ ਗਈ ਸੀ। ਬੁੱਢੇ ਨੇ ਕਿਹਾ, "ਪੁੱਤ ! ਰਾਤ ਇੱਥੇ ਹੀ ਠਹਿਰ ਜਾ। ਸਵੇਰੇ ਤੇਰੀ ਵਾਪਸੀ ਦਾ ਇੰਤਜ਼ਾਮ ਕਰਾਂਗੇ।" ਅੱਧੀ ਰਾਤ ਨੂੰ ਜਦੋਂ ਸਾਰੇ ਸੌਂ ਰਹੇ ਸਨ, ਮੈਂ ਉੱਠ ਕੇ ਚੁੱਪਚਾਪ ਬਾਹਰ ਨਿੱਕਲ ਗਿਆ। ਕਾਫੀ ਦੂਰ ਤੁਰਨ ਤੋਂ

ਬਾਅਦ ਮੈਨੂੰ ਇੱਕ ਸੜਕ ਮਿਲੀ। ਸੜਕ ’ਤੇ ਕਰੀਬ ਇੱਕ ਕਿਲੋਮੀਟਰ ਤੁਰਨ ਤੋਂ ਬਾਅਦ ਇੱਕ ਢਾਬਾ ਮਿਲਿਆ। ਮੈਂ ਢਾਬਾ ਮਾਲਕ ਨੂੰ ਪੁੱਛਿਆ ਕਿ “ਕੀ ਇੱਥੇ ਰਹਿਣ ਦਾ ਕੋਈ ਪ੍ਰਬੰਧ ਹੋ ਸਕਦਾ ਹੈ?” ਢਾਬੇ ਵਾਲੇ ਨੇ ਕਿਹਾ ਕਿ ਇੱਥੇ ਮੰਜੇ ਉਪਲਬਧ ਹਨ, ਕਿਸੇ ’ਤੇ ਵੀ ਸੌਂ ਜਾਓ।

ਢਾਬੇ ’ਤੇ ਮੈਂ ਸਵੇਰੇ ਜਲਦੀ ਜਾਗ ਗਿਆ। ਸਾਹਮਣੇ ਤੋਂ ਇੱਕ ਟਰੱਕ ਲੰਘ ਰਿਹਾ ਸੀ। ਮੈਂ ਟਰੱਕ ਨੂੰ ਹੱਥ ਦੇ ਕੇ ਉਸ ਵਿੱਚ ਚੜ੍ਹ ਗਿਆ। ਇੱਕ ਕਸਬਾ ਦੇਖ ਕੇ ਮੈਂ ਕਿਹਾ ਮੈਨੂੰ ਇੱਥੇ ਉਤਾਰ ਦਿਓ। ਜਦੋਂ ਮੈਂ ਉਸ ਨੂੰ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਭਾਰਤੀ ਰੁਪਿਆਂ ਵੱਲ ਦੇਖ ਕੇ ਕਿਹਾ “ਤੁਸੀਂ ਸਾਡੇ ਮਹਿਮਾਨ ਹੋ, ਮੈਂ ਤੁਹਾਡੇ ਤੋਂ ਪੈਸੇ ਕਿਵੇਂ ਲੈ ਸਕਦਾ ਹਾਂ।” ਅਤੇ ਟਰੱਕ ਲੈ ਕੇ ਅੱਗੇ ਚਲਾ ਗਿਆ।

ਕਸਬੇ ਵਿੱਚ ਪਹੁੰਚ ਕੇ ਮੈਂ ਸੋਚਿਆ ਕਿ ਹੁਣ ਸ਼ਾਇਦ ਮੈਨੂੰ ਪਾਕਿਸਤਾਨ ਨੂੰ ਤਬਾਹ ਕਰਨ ਦਾ ਮੌਕਾ ਮਿਲ ਜਾਵੇ। ਉਦੋਂ ਹੀ ਮੈਂ ਇੱਕ ਫੌਜੀ ਨੂੰ ਦੇਖਿਆ। ਮੈਂ ਸੋਚਿਆ ਕਿ ਹਾਂ, ਮੇਰੀ ਲੜਾਈ ਪਾਕਿਸਤਾਨੀ ਫੌਜ ਨਾਲ ਹੈ ਕਿਉਂਕਿ ਇਹ ਫੌਜੀ ਹੀ ਸਾਡੇ ’ਤੇ ਹਮਲਾ ਕਰਦੇ ਹਨ। ਫੌਜੀ ਦੇ ਨੇੜੇ ਜਾ ਕੇ ਮੈਂ ਬਹਾਨਾ ਬਣਾਇਆ ਕਿ ਮੈਂ ਪੱਤਰਕਾਰ ਹਾਂ ਅਤੇ ਪਾਕਿਸਤਾਨ ਦਾ ਵੀਜਾ ਲੈ ਕੇ ਆਇਆ ਹਾਂ। ਉਹ ਫੌਜੀ ਮੇਰੀ ਗੱਲਬਾਤ ਵਿੱਚ ਆ ਗਿਆ। ਮੈਂ ਉਸਨੂੰ ਪੁੱਛਿਆ ਕਿ ਭਾਰਤ ਬਾਰੇ ਉਸਦੇ ਕੀ ਵਿਚਾਰ ਹਨ? ਉਸਨੇ ਕਿਹਾ ਕਿ ਦੇਖੋ, ਇੱਕ ਫੌਜੀ ਆਪਣੇ ਅਫ਼ਸਰ ਦੇ ਹੁਕਮ ’ਤੇ ਲੜ੍ਹਦਾ ਹੈ। ਫੌਜੀ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੁੰਦੀ। ਫੌਜੀ ਹਮੇਸ਼ਾ ਸ਼ਾਂਤੀ ਚਾਹੁੰਦਾ ਹੈ।

ਫੌਜੀ ਨੇ ਕਿਹਾ ਕਿ ਸਰਹੱਦ ’ਤੇ ਸਾਡੇ ਸਾਹਮਣੇ ਖੜ੍ਹਾ ਭਾਰਤੀ ਫੌਜੀ ਪਾਕਿਸਤਾਨ ਬਾਰੇ ਨਹੀਂ ਸਗੋਂ ਆਪਣੇ ਬੱਚਿਆਂ ਬਾਰੇ ਸੋਚਦਾ ਰਹਿੰਦਾ ਹੈ। ਅਸੀਂ ਵੀ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਤ ਰਹਿੰਦੇ ਹਾਂ। ਸਿਪਾਹੀ ਨੇ ਦੱਸਿਆ ਕਿ ਉਸਦੇ ਦੋ ਬੱਚੇ ਹਨ, ਪਤਨੀ ਨੂੰ ਕੈਂਸਰ ਹੋ ਗਿਆ ਹੈ ਅਤੇ ਉਸਦਾ ਇਲਾਜ ਚੱਲ ਰਿਹਾ ਹੈ। ਉਸ ਨੇ ਦੱਸਿਆ ਕਿ ਮੈਨੂੰ ਹਮੇਸ਼ਾ ਛੁੱਟੀ ਲੈਣੀ ਪੈਂਦੀ ਹੈ, ਇਸ ਲਈ ਅਫ਼ਸਰਾਂ ਤੋਂ ਕਈ ਵਾਰ ਮੈਨੂੰ ਉਨ੍ਹਾਂ ਦੇ ਤਾਅਨੇ ਵੀ ਸੁਣਨੇ ਪੈਂਦੇ ਹਨ।

ਮੈਨੂੰ ਲੱਗਿਆ ਕਿ ਇਸ ਫੌਜੀ ਨੂੰ ਮਾਰਨ ਦਾ ਪਾਕਿਸਤਾਨ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਇਸ ਦੇ ਉਲਟ ਅਫ਼ਸਰ ਖੁਸ਼ ਹੋਣਗੇ ਕਿ ਇੱਕ ਬੋਝ ਘੱਟ ਗਿਆ ਹੈ। ਪਾਕਿਸਤਾਨ ਦੀ ਯਾਤਰਾ ਦੌਰਾਨ ਮੈਂ ਗਰੀਬ ਮਜਦੂਰ ਦੇਖੇ ਜੋ ਸਾਰਾ ਦਿਨ ਕੰਮ ਕਰਨ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਸਕੂਲ ਨਹੀਂ ਭੇਜ ਸਕਦੇ ਸਨ। ਮੈਂ ਅਜਿਹੇ ਕਿਸਾਨਾਂ ਨੂੰ ਦੇਖਿਆ ਜੋ ਸਖ਼ਤ ਮਿਹਨਤ ਦੇ ਬਾਵਜੂਦ ਆਪਣੇ ਪਰਿਵਾਰਾਂ ਨੂੰ ਇਲਾਜ ਅਤੇ ਸਿੱਖਿਆ ਦੇਣ ਤੋਂ ਅਸਮਰੱਥ ਹਨ। ਮੈਂ ਪੜ੍ਹੇ ਲਿਖੇ ਨੌਜਵਾਨ ਦੇਖੇ ਜੋ ਨੌਕਰੀ ਬਿਨ੍ਹਾਂ ਪਰੇਸ਼ਾਨ ਸਨ।

ਮੈਂ ਪਾਕਿਸਤਾਨ ਵਿੱਚ ਧਾਰਮਿਕ ਲੋਕਾਂ ਨੂੰ ਮਜੇ ਲੈਂਦੇ ਦੇਖਿਆ। ਉਨ੍ਹਾਂ ਨੂੰ ਦੇਖ ਕੇ ਮੈਨੂੰ ਭਾਰਤ ਦੇ ਉਨ੍ਹਾਂ ਧਾਰਮਿਕ ਆਗੂਆਂ ਦੀ ਯਾਦ ਆ ਗਈ ਜੋ ਸਾਨੂੰ ਧਰਮ ਦੇ ਨਾਂ ’ਤੇ ਲੜਾਉਂਦੇ ਰਹਿੰਦੇ ਹਨ। ਪਾਕਿਸਤਾਨ ਵਿੱਚ ਵੀ ਅਜਿਹੇ ਭੜਕਾਉਣ ਵਾਲੇ ਲੋਕ ਬਹੁਤ ਤਾਕਤਵਰ ਸਨ।

ਮੈਂ ਦੇਖਿਆ ਕਿ ਜਿਸ ਤਰ੍ਹਾਂ ਭਾਰਤ ਵਿੱਚ ਪਾਕਿਸਤਾਨ ਵਿਰੁੱਧ ਭੜਕਾ ਕੇ ਵੋਟਾਂ ਮੰਗੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਪਾਕਿਸਤਾਨ ਵਿੱਚ ਵੀ ਭਾਰਤ ਦੇ ਖਿਲਾਫ਼ ਭੜਕਾ ਕੇ ਆਗੂ ਵੋਟਾਂ ਮੰਗ ਰਹੇ ਸਨ। ਪਾਕਿਸਤਾਨ ਵਿੱਚ ਮੈਨੂੰ ਇੱਕ ਨੌਜਵਾਨ ਨੇ ਮੇਰੇ ਕੋਲ ਸ਼ਿਕਾਇਤ ਕੀਤੀ ਅਤੇ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਭਾਰਤ ਪਾਕਿਸਤਾਨ ਨੂੰ ਹੋਰ ਕੀ ਤਬਾਹ ਕਰਨਾ ਚਾਹੁੰਦਾ ਹੈ? ਅਸੀਂ ਤਾਂ ਪਹਿਲਾਂ ਹੀ ਬਰਬਾਦ ਹੋ ਗਏ ਹਾਂ?


ਉਸ ਦੀਆਂ ਗੱਲਾਂ ਸੁਣ ਕੇ ਮੈਨੂੰ ਭਾਰਤ ਦੀ ਬਰਬਾਦੀ ਯਾਦ ਆ ਗਈ। ਸਾਡੇ ਭਾਰਤ ਵਿੱਚ ਵੀ ਕਿਸਾਨ ਬਰਬਾਦ ਹੋ ਰਹੇ ਹਨ, ਜਦੋਂ ਮਜ਼ਦੂਰ ਮਜ਼ਦੂਰੀ ਵਧਾਉਣ ਦੀ ਮੰਗ ਕਰਦੇ ਹਨ ਤਾਂ ਪੁਲਿਸ ਉਨ੍ਹਾਂ ’ਤੇ ਲਾਠੀਚਾਰਜ ਕਰਦੀ ਹੈ। ਸਾਡੇ ਦੇਸ਼ ਵਿੱਚ ਵੀ ਵੱਡੇ ਸਰਮਾਏਦਾਰਾਂ ਦੀ ਖਾਤਰ ਲੱਖਾਂ ਆਦਿਵਾਸੀਆਂ ਨੂੰ ਜੰਗਲਾਂ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ। ਹੁਣ ਪਾਕਿਸਤਾਨ ਨੂੰ ਤਬਾਹ ਕਰਨ ਦਾ ਮੇਰਾ ਜੋਸ਼ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ ਸੀ। ਮੈਂ ਜਿੱਥੇ ਵੀ ਗਿਆ, ਲੋਕ ਮੈਨੂੰ ਭਾਰਤੀ ਸਮਝਦੇ ਸਨ ਅਤੇ ਮੈਨੂੰ ਬਹੁਤ ਪਿਆਰ ਕਰਦੇ ਸਨ। ਮੈਂ ਸੋਚਿਆ ਕਿ ਕੀ ਪਾਕਿਸਤਾਨ ਨੂੰ ਤਬਾਹ ਕਰਨ ਦਾ ਮਤਲਬ ਇਨ੍ਹਾਂ ਪਿਆਰੇ ਲੋਕਾਂ ਨੂੰ ਤਬਾਹ ਕਰਨਾ ਨਹੀਂ ਹੈ? ਕੀ ਅਸੀਂ ਇਹਨਾਂ ਸਕੂਲ ਜਾਣ ਵਾਲੇ ਛੋਟੇ ਬੱਚਿਆਂ ਨੂੰ ਮਾਰਨਾ ਚਾਹੁੰਦੇ ਹਾਂ? ਕੀ ਅਸੀਂ ਇਹਨਾਂ ਬੇਕਸੂਰ ਔਰਤਾਂ ਜਾਂ ਰੁਜਗਾਰ ਦੀ ਤਲਾਸ਼ ਕਰ ਰਹੇ ਨੌਜਵਾਨਾਂ ਨੂੰ ਮਾਰਨਾ ਚਾਹੁੰਦੇ ਹਾਂ?

ਆਖਰਕਾਰ, ਜਦੋਂ ਅਸੀਂ ਕਹਿੰਦੇ ਹਾਂ ਕਿ ਪਾਕਿਸਤਾਨ ਦਾ ਨਾਮੋ ਨਿਸ਼ਾਨ ਮਿਟਾ ਦੇਣਾ ਚਾਹੀਦਾ ਹੈ ਤਾਂ ਅਸੀਂ ਆਪਣੀ ਸਰਕਾਰ ਨੂੰ ਇਨ੍ਹਾਂ ਨਿਰਦੋਸ਼ ਲੋਕਾਂ ਨੂੰ ਮਾਰਨ ਲਈ ਕਹਿ ਰਹੇ ਹੁੰਦੇ ਹਾਂ? ਇਹ ਸੋਚ ਕੇ ਮੈਨੂੰ ਚੱਕਰ ਆਉਣ ਲੱਗੇ। ਮੈਂ ਸੋਚਿਆ ਕਿ ਮੈਂ ਕਿਹੜਾ ਬੁਰਾ ਕੰਮ ਕਰਨ ਲਈ ਤਿਆਰ ਸੀ? ਸਾਨੂੰ ਧਰਮ ਦੇ ਨਾਂ ’ਤੇ ਇੰਨ੍ਹਾ ਜਾਲਮ ਬਣਾਇਆ ਜਾ ਰਿਹਾ ਹੈ। ਅਤੇ ਅਸੀਂ ਮੂਰਖ ਇਨ੍ਹਾਂ ਭੜਕਾਉਣ ਵਾਲੇ ਦੁਸ਼ਟਾਂ ਦੇ ਮਗਰ ਲੱਗੇ ਹੋਏ ਹਾਂ। ਹੁਣ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਮੈਂ ਉਸੇ ਰਸਤੇ ਪਾਕਿਸਤਾਨ ਤੋਂ ਭਾਰਤ ਮੁੜ ਆਇਆ।

ਅਨੁਵਾਦ: ਪਾਲ ਬਾਗਪੁਰ

ਯਾਦ ਕਰਦਿਆਂ

23 ਮਾਰਚ 1931 ਦੇ ਅਮਰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ



ਹੇਮ ਰਾਜ ਸਟੈਨੋ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਖੋ-ਵੱਖਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਵੱਲੋਂ ਇੰਨਾਂ ਤਿੰਨਾਂ ਸ਼ਹੀਦਾਂ ਦੀ ਯਾਦ 'ਚ ਸਮਾਗਮ ਕੀਤੇ ਜਾਣਗੇ। ਇਨ੍ਹਾਂ ਸਮਾਗਮਾਂ 'ਚ ਤਿੰਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਸਾਰੇ ਲੋਕਾਂ, ਜਥੇਬੰਦੀਆਂ ਅਤੇ ਪਾਰਟੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਇਹ ਧਿਆਨ 'ਚ ਰੱਖਣ ਕਿ ਕੀ ਇਨ੍ਹਾਂ ਤਿੰਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਲਈ ਸਮਾਗਮ ਕਰਨ ਤੱਕ ਹੀ ਸੀਮਤ ਰਹਿਣਾ ਹੈ ਜਾਂ ਫਿਰ ਇਨ੍ਹਾਂ ਸ਼ਹੀਦਾਂ ਦੇ ਉਸ ਮਕਸਦ, ਜਿਸ ਲਈ ਉਹ ਮੌਤ ਨੂੰ ਮਖੌਲਾਂ ਕਰਦੇ ਸ਼ਹੀਦ ਹੋਏ, ਉਸ ਦੀ ਪ੍ਰਾਪਤੀ ਲਈ ਸੰਘਰਸ਼ ਦੇ ਰਾਹ ਪੈਣਾ ਹੈ। ਜਿੱਥੋਂ ਤੱਕ ਸਾਡੀ ਸਮਝ ਕੰਮ ਕਰਦੀ ਹੈ ਅਸੀਂ ਤਾਂ ਇਹ ਹੀ ਸਮਝਦੇ ਹਾਂ ਕਿ ਉਨ੍ਹਾਂ ਸ਼ਹੀਦਾਂ ਦੀ ਸ਼ਹੀਦੀ ਦੀ ਕਦਰ ਫਿਰ ਹੀ ਪੈ ਸਕਦੀ ਹੈ ਜੇਕਰ ਉਨ੍ਹਾਂ ਦੇ ਮਕਸਦ ਲਈ ਜੂਝਦਿਆਂ ਉਨ੍ਹਾਂ ਦੇ ਰਸਤੇ 'ਤੇ ਚੱਲਿਆ ਜਾਵੇ। ਇਸ ਲਈ ਪਹਿਲਾਂ ਤਾਂ ਇਹ ਦੇਖਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਮਕਸਦ ਜਾਂ ਉਦੇਸ਼ ਕੀ ਸੀ?

ਕਈ ਵਾਰੀ ਤਾਂ ਹਾਸੋ-ਹੀਣੀਆਂ ਗੱਲਾਂ ਨਾਲ ਉਨ੍ਹਾਂ ਸ਼ਹੀਦਾਂ ਨੂੰ ਸਨਮਾਨ ਕਰਨ ਦੇ ਦਿਖਾਵੇ ਵਜੋਂ ਸੰਤਰੀ ਪੱਗਾਂ ਬੰਨ੍ਹ ਲਈਆਂ ਜਾਂਦੀਆਂ ਹਨ। ਜਾਂ ਉਨ੍ਹਾਂ ਸਬੰਧੀ ਹੋਣ ਵਾਲੇ ਪ੍ਰੋਗਰਾਮਾਂ 'ਚ "ਸ਼ਹੀਦੋ ਥੋਡੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ" ਦੇ ਨਾਹਰਾ ਲਾਏ ਜਾਂਦੇ ਹਨ। ਪਰ ਬਹੁਤੇ ਸਾਥੀਆਂ ਨੂੰ ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਉਦੇਸ਼ ਦੀ ਸਪੱਸ਼ਟਤਾ ਨਹੀਂ ਹੁੰਦੀ, ਇਸ ਲਈ ਇਹੋ-ਜਿਹੇ ਮੌਕਿਆਂ 'ਤੇ ਲਾਏ ਇਹ ਨਾਹਰੇ ਇੱਕ ਅਣ-ਉਪਜਾਊ ਨਾਹਰੇ ਬਣਕੇ ਰਹਿ ਜਾਂਦੇ ਹਨ। ਇਸ ਲਈ ਸਾਡੇ ਲਈ ਸਭ ਤੋਂ ਪਹਿਲਾਂ ਤਾਂ ਇਹ ਦੇਖਣਾ ਲਾਜ਼ਮੀ ਬਣ ਜਾਂਦਾ ਹੈ ਕਿ ਇਹ ਤਿੰਨੋਂ ਸ਼ਹੀਦ ਕਿਸ ਮਕਸਦ ਦੀ ਪ੍ਰਾਪਤੀ ਲਈ ਜੂਝਦਿਆਂ ਸ਼ਹੀਦ ਹੋਏ। ਆਓ ਇਸ ਸਬੰਧੀ ਕੁੱਝ ਗੱਲ ਕਰੀਏ।

ਸਭ ਤੋਂ ਪਹਿਲਾਂ ਇੱਕ ਭੁਲੇਖੇ ਬਾਰੇ। ਕਾਫੀ ਹਲਕਿਆਂ 'ਚ ਇਹ ਭੁਲੇਖਾ ਪਾਇਆ ਜਾਂਦਾ ਹੈ ਕਿ ਇਹ ਸ਼ਹੀਦ ਸਮਾਜਵਾਦੀ ਸਮਾਜ ਦੀ ਸਥਾਪਨਾ ਕਰਨ ਲਈ ਹੀ ਅੰਗਰੇਜ਼ਾਂ ਵਿਰੁੱਧ ਲੜਦੇ ਹੋਏ ਸ਼ਹੀਦ ਹੋਏ। ਪਰ ਇਹ ਗੱਲ ਪੂਰੀ ਠੀਕ ਨਹੀਂ। ਇਹ ਠੀਕ ਹੈ ਕਿ ਇਹ ਤਿੰਨੋਂ ਸ਼ਹੀਦ ਸਮਾਜਵਾਦੀ ਸਮਾਜ ਦੀ ਸਥਾਪਨਾ ਕਰਨ ਲਈ ਵੀ ਅੰਗਰੇਜ਼ਾਂ ਵਿਰੁੱਧ ਲੜਦੇ ਰਹੇ। ਪਰ ਇਨ੍ਹਾਂ ਦਾ ਇਹ ਅੰਤਿਮ ਮਕਸਦ ਨਹੀਂ ਸੀ। ਜਿਵੇਂ ਸਾਰੇ ਜਾਣਦੇ ਹੀ ਹਨ ਕਿ ਰੂਸ ਅਤੇ ਚੀਨ ਆਦਿ ਦੇਸ਼ਾਂ 'ਚ ਸਮਾਜਵਾਦ ਫੇਲ੍ਹ ਹੋ ਗਿਆ, ਤੇ ਉੱਥੇ ਮੁੜ ਕੇ ਸਰਮਾਏਦਾਰੀ ਬਹਾਲ ਹੋ ਗਈ। ਕਈ ਇਨਸਾਨਾਂ ਦੇ ਮਨਾਂ 'ਚ ਇੰਨਾਂ ਤਿੰਨਾਂ ਸ਼ਹੀਦਾਂ ਦਾ ਸਿਰਫ਼ ਦਲੇਰੀ ਵਾਲਾ ਪੱਖ ਹੀ ਉੱਭਰ ਜਾਂਦਾ ਹੈ ਜਿਵੇਂ ਕਈਆਂ ਦੀਆਂ ਗੱਡੀਆਂ 'ਤੇ ਭਗਤ ਸਿੰਘ ਦੀ ਫੋਟੋ ਲਾ ਕੇ ਥੱਲੇ ਲਿਖਿਆ ਹੁੰਦਾ ਹੈ: "ਖੰਘਿਆ ਨਹੀਂ ਤਾਂ ਟੰਗਿਆ ਨਹੀਂ।" ਕਈਆਂ ਦੇ ਮਨਾਂ 'ਚ ਸਮਾਜਵਾਦੀ ਸਮਾਜਾਂ ਪ੍ਰਤੀ ਹੀ ਨਫ਼ਰਤ ਤੇ ਸ਼ੰਕਾਂ ਪੈਦਾ ਹੋ ਜਾਂਦੀ ਹੈ। ਉਹ ਲੋਕ ਸੋਚਦੇ ਹਨ ਕਿ ਜਦੋਂ ਉੱਥੇ ਜਮਾਤਾਂ ਦਾ ਖਾਤਮਾ ਕਰ ਦਿੱਤਾ ਗਿਆ ਸੀ ਤਾਂ ਫਿਰ ਸਰਮਾਏਦਾਰੀ ਕਿੱਥੋਂ ਆ ਗਈ? ਇਸ ਬਾਰੇ ਬਹੁਤ ਸੰਖੇਪ ਗੱਲਬਾਤ ਕਰਨੀ ਬਣਦੀ ਹੈ।

ਲਓ ਫਿਰ! ਜਿੱਥੋਂ ਤੱਕ ਸਮਾਜਵਾਦੀ ਸਮਾਜਾਂ 'ਚ ਸਰਮਾਏਦਾਰੀ ਦੀ ਮੁੜ ਬਹਾਲੀ ਦਾ ਸਵਾਲ ਹੈ ਅਸੀਂ ਇਸ ਦੇ ਵਿਸਥਾਰ 'ਚ ਨਹੀਂ ਜਾਵਾਂਗੇ ਕਿਉਂਕਿ ਇਹ ਕੋਈ ਕੱਲੀ-ਕਹਿਰੀ ਲਿਖਤ ਦਾ ਮਸਲਾ ਨਹੀਂ ਹੈ। ਸਮਾਜਵਾਦੀ ਸਮਾਜ ਦੇ ਅੰਦਰ ਹੀ ਸਰਮਾਏਦਾਰੀ ਪੈਦਾ ਹੋਣ ਦਾ ਆਧਾਰ ਹਾਲੇ ਤੱਕ ਪਿਆ ਹੁੰਦਾ ਹੈ। ਉਹ ਕਿਵੇਂ? ਉਹ ਇਉਂ ਕਿ ਸਮਾਜਵਾਦੀ ਸਮਾਜ 'ਚ ਨਾਹਰਾ ਹੁੰਦਾ ਹੈ ਕਿ ਯੋਗਤਾ ਅਨੁਸਾਰ ਕੰਮ ਤੇ ਕੰਮ ਅਨੁਸਾਰ ਮਿਹਨਤਾਨਾ। ਮੰਨ ਲਵੋ ਕਿ ਕੋਈ ਇੱਕੋ-ਜਿਹੀ ਯੋਗਤਾ ਵਾਲੇ ਦੋ ਇਨਸਾਨ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਸੌ, ਸੌ ਰੁਪਏ ਮੇਹਨਤਾਨਾ ਦਿੱਤਾ ਜਾਂਦਾ ਹੈ। ਪਰ ਉਨ੍ਹਾਂ ਦੋਨਾਂ ਵਿਅਕਤੀਆਂ 'ਤੇ ਨਿਰਭਰ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ 'ਚ ਫਰਕ ਹੈ। ਇੱਕ ਵਿਅਕਤੀ ਦਾ ਵਿਆਹ ਵੀ ਨਹੀਂ ਹੋਇਆ ਅਤੇ ਉਹ ਇਕੱਲਾ ਹੈ ਅਤੇ ਦੂਸਰੇ ਵਿਅਕਤੀ ਦਾ ਵਿਆਹ ਵੀ ਹੋਇਆ ਹੈ ਅਤੇ ਉਸਦੇ ਤਿੰਨ ਬੱਚੇ ਵੀ ਹਨ। ਹੁਣ ਦੇਖੋ ਇੱਕ ਵਿਅਕਤੀ ਨੇ ਤਾਂ 100 ਰੁਪੈ 'ਚ ਇਕੱਲੇ ਨੇ ਗੁਜ਼ਾਰਾ ਕਰਨਾ ਹੈ ਪਰ ਦੂਸਰੇ ਵਿਅਕਤੀ ਦੇ 100 ਰੁਪੈ 'ਚ ਗੁਜ਼ਾਰਾ ਕਰਨ ਵਾਲੇ ਪੰਜ ਜੀਅ ਹਨ। ਲਾਜ਼ਮੀ ਹੈ ਕਿ ਇਨ੍ਹਾਂ ਦੋਨਾਂ ਵਿਅਕਤੀਆਂ ਦੇ ਰਹਿਣ-ਸਹਿਣ ਦੇ ਪੱਧਰ ਅਤੇ ਆਮਦਨ ਜੋੜਣ ਦੇ ਪੱਧਰ ਵਿੱਚ ਫਰਕ ਰਹੇਗਾ ਹੀ ਰਹੇਗਾ। ਇਸ ਲਈ ਸਮਾਜਵਾਦ ਵਿੱਚ ਵੱਖੋ-ਵੱਖਰੇ ਤਬਕੇ ਜਾਂ ਧਿਰਾਂ ਕਹਿ ਲਵੋ ਬਣੇ ਰਹਿਣ ਦਾ ਇਹ (ਪਦਾਰਥਕ) ਆਧਾਰ ਮੌਜੂਦ ਹੁੰਦਾ ਹੈ। ਜਦੋਂ ਆਰਥਕ ਪੱਧਰ 'ਤੇ ਅਣਸਾਵਾਂਪਣ ਮੌਜੂਦ ਹੈ ਤਾਂ ਲਾਜ਼ਮੀ ਹੈ ਕਿ ਇਨ੍ਹਾਂ ਪਦਾਰਥਕ

ਹਾਲਤਾਂ 'ਚੋਂ ਹੀ ਵੱਖੋ-ਵੱਖਰੇ ਵਿਚਾਰਾਂ ਦਾ ਉਤਪੰਨ ਹੋਣਾ ਲਾਜ਼ਮੀ ਹੈ ਅਤੇ ਇਨ੍ਹਾਂ ਦਰਮਿਆਨ ਟਕਰਾਅ ਹੋਣ ਦਾ ਆਧਾਰ ਵੀ ਬਣਿਆ ਰਹਿੰਦਾ ਹੈ। ਪਰ ਕਿਉਂਕਿ ਸਮਾਜਵਾਦ ਅੰਦਰ ਜਾਇਦਾਦ ਦੀ ਮਾਲਕੀ ਨੂੰ ਕੰਟਰੋਲ ਕਰਨ ਵਾਲੀ ਕਮਿਊਨਿਸਟ ਪਾਰਟੀ ਹੁੰਦੀ ਹੈ, ਇਸ ਲਈ ਉਪਰੋਕਤ ਅਣਸਾਵੇਂਪਣ 'ਚੋਂ ਪੈਦਾ ਹੁੰਦਾ ਟਕਰਾਅ ਪਾਰਟੀ ਅੰਦਰ ਟਕਰਾਅ ਦਾ ਆਧਾਰ ਤਿਆਰ ਕਰ ਦਿੰਦਾ ਹੈ। ਇਹ ਟਕਰਾਅ ਦੋ ਵਿਰੋਧੀ ਜੀਵਨ-ਹਾਲਤਾਂ ਦੇ ਪਦਾਰਥਕ ਹਾਲਤਾਂ 'ਚੋਂ ਹੀ ਉਤਪੰਨ ਹੋਇਆ ਹੁੰਦਾ ਹੈ। ਇਨ੍ਹਾਂ ਦੋ ਵਿਰੋਧੀ ਵਿਚਾਰਾਂ ਨੂੰ ਕਿਸੇ ਦੇਸ਼ ਦੀ ਕਮਿਊਨਿਸਟ ਪਾਰਟੀ ਕਿਵੇਂ ਨਜਿੱਠਦੀ ਹੈ, ਇਹ ਉਸ 'ਤੇ ਨਿਰਭਰ ਕਰਦਾ ਹੁੰਦਾ ਹੈ।

ਜਮ�ਤੀ ਸਮਾਜ ਵਿੱਚ ਵੀ ਜਮਾਤਾਂ ਦੇ ਬਣਨ ਅਤੇ ਜਮਾਤੀ ਸੋਚ ਪੈਦਾ ਕਰਨ ਦਾ ਆਧਾਰ ਵੀ ਪਦਾਰਥਕ ਹੀ ਹੁੰਦਾ ਹੈ। ਕਿਵੇਂ? ਮੰਨ ਲਵੋ ਕਿਸੇ ਜਗੀਰੂ ਸਮਾਜ ਅੰਦਰ ਜਗੀਰਾਂ ਦੇ ਮਾਲਕ ਜਗੀਰਦਾਰ ਹੁੰਦੇ ਹਨ ਅਤੇ ਬਾਕੀ ਛੋਟੀ ਜਾਂ ਦਰਮਿਆਨੀ ਅਕਾਰ ਵਾਲੀ ਜ਼ਮੀਨ ਦੇ ਮਾਲਕ। ਇਨ੍ਹਾਂ ਤੋਂ ਹੀ ਇਨ੍ਹਾਂ ਦੀ ਜਮਾਤ ਤੈਅ ਹੁੰਦੀ ਹੈ। ਇਸ ਲਈ ਜਮਾਤ ਪੈਦਾਵਾਰੀ ਪ੍ਰਣਾਲੀ 'ਚੋਂ ਬਣਦੀ ਹੈ, ਇਹ ਕੋਈ ਬਣਾਈ ਨਹੀਂ ਜਾਂਦੀ। ਹਾਂ, ਇਹ ਗੱਲ ਠੀਕ ਹੈ ਕਿ ਕੋਈ ਆਪਣੇ ਆਪ 'ਚ ਜਮਾਤ ਤਾਂ ਹੋ ਸਕਦੀ ਹੁੰਦੀ ਹੈ ਭਾਵੇਂ ਆਪਣੇ ਲਈ ਜਮਾਤ ਨਾ ਹੋਵੇ। ਉਹ ਕਿਵੇਂ? ਇਸ ਨੂੰ ਸਮਝਣ ਲਈ ਜਗੀਰਦਾਰੀ ਦੀ ਮਿਸਾਲ ਹੀ ਲਵੋ। ਇੱਕ ਪਾਸੇ ਜਗੀਰਦਾਰੀ ਹੁੰਦੀ ਤਾਂ ਦੂਸਰੇ ਪਾਸੇ 'ਤੇ ਛੋਟੇ ਅਕਾਰ ਦੀਆਂ ਜਮੀਨ ਮਾਲਕੀ ਵਾਲੀ ਜਮਾਤ। ਹੁਣ ਇਹ ਆਪਣੇ ਆਪ 'ਚ ਜਮਾਤਾਂ ਤਾਂ ਹੁੰਦੀਆਂ ਹਨ (classes in itself) ਪਰ ਛੋਟੀ ਅਕਾਰ ਵਾਲੀ ਜ਼ਮੀਨ ਦੀ ਮਾਲਕੀ ਕਿਸਾਨੀ ਉਦੋਂ ਹੀ ਆਪਣੇ ਆਪ ਲਈ ਜਮਾਤ ਕਹਿਲਾਏਗੀ ਜਦੋਂ ਉਸ ਅੰਦਰ ਇਹ ਚੇਤਨਾ ਆ ਗਈ ਕਿ ਉਸ ਦੇ ਹਿਤ ਇੱਕ ਹਨ ਅਤੇ ਜਾਗੀਰਦਾਰੀ ਜਮਾਤ ਨਾਲ ਟਕਰਾਵੇਂ ਹਨ। ਜਦੋਂ ਉਸਨੂੰ ਇਹ ਚੇਤਨਾ ਆ ਗਈ ਤਾਂ ਉਹ ਆਪਣੇ ਹਿਤਾਂ ਲਈ ਵੀ ਲੜੇਗੀ ਭਾਵ ਉਹ ਆਪਣੇ ਆਪ ਲਈ ਜਮਾਤ (class for itself) ਬਣ ਜਾਵੇਗੀ।

ਜਮਾਤਾਂ ਦਰਮਿਆਨ ਟਕਰਾਅ ਦਾ ਆਧਾਰ ਪੈਦਾਵਾਰੀ ਪ੍ਰਣਾਲੀ 'ਚੋਂ ਮਿਲਣ ਵਾਲੇ ਫਲ ਕਰਕੇ ਹੀ ਹੁੰਦਾ ਹੈ। ਇਸ ਲਈ ਜਮਾਤੀ ਸਮਾਜ ਅੰਦਰ ਜਮਾਤੀ ਟਕਰਾਵਾਂ ਵਾਲੇ ਵਿਚਾਰ ਪਣਪਦੇ ਹਨ ਅਤੇ ਇਸੇ ਆਧਾਰ 'ਤੇ ਇਨ੍ਹਾਂ ਟਕਰਾਵੇਂ ਵਿਚਾਰਾਂ ਨੂੰ ਪ੍ਰਣਾਈਆਂ ਪਾਰਟੀਆਂ ਜਾਂ ਜਥੇਬੰਦੀਆਂ ਹੋਂਦ 'ਚ ਆਉਂਦੀਆਂ ਹਨ। ਇਹ ਪਾਰਟੀਆਂ ਜਾਂ ਜਥੇਬੰਦੀਆਂ ਬਣਾਉਣ ਅਤੇ ਸੰਘਰਸ਼ ਕਰਨ ਦੇ ਵਿਚਾਰ ਕੋਈ ਖਲਾਅ 'ਚੋਂ ਪੈਦਾ ਨਹੀਂ ਹੁੰਦੇ ਅਤੇ ਨਾ ਹੀ ਕੋਈ ਅਲੋਕਾਰੀ ਗੱਲ ਹੁੰਦੀ ਹੈ।

ਸੋ ਟਕਰਾਅ ਪੈਦਾ ਕਰਨ ਦੇ ਆਧਾਰ ਵਾਲਾ ਸਮਾਜਕ-ਢਾਂਚਾ ਸਿਰਫ ਕਮਿਊਨ ਅੰਦਰ (ਕਮਿਊਨਿਸਟ ਸਮਾਜ ਅੰਦਰ) ਹੀ ਖਤਮ ਹੋ ਸਕਦਾ ਹੁੰਦਾ ਹੈ। ਕਿਉਂਕਿ ਕਮਿਊਨਿਸਟ ਸਮਾਜ ਦਾ ਨਾਹਰਾ ਹੋਵੇਗਾ- ਹਰ ਇੱਕ ਦੀ ਯੋਗਤਾ ਅਨੁਸਾਰ ਕੰਮ ਅਤੇ ਹਰ ਇੱਕ ਨੂੰ ਲੋੜ ਅਨੁਸਾਰ ਪਦਾਰਥਕ ਵਸਤਾਂ। ਹੁਣ ਦੇਖੋ ਕੰਮ ਵੀ ਯੋਗਤਾ ਅਨੁਸਾਰ ਮਿਲ ਗਿਆ ਤੇ ਚੀਜ਼ਾਂ ਵੀ ਲੋੜ ਅਨੁਸਾਰ ਮਿਲ ਗਈਆਂ ਭਾਵ ਸਭੇ ਬਰਾਬਰ ਦੇ ਬਰਾਬਰ। ਇਸ ਲਈ ਇੱਥੇ ਆ ਕੇ ਟਕਰਾਅ ਦਾ (ਪਦਾਰਥਕ) ਆਧਾਰ ਖਤਮ ਹੋ ਜਾਂਦਾ ਹੈ। ਇਸ ਕਮਿਊਨਿਸਟ ਸਮਾਜ ਅੰਦਰ ਪੁਰਾਣੇ ਕਮਿਊਨ ਨਾਲੋਂ ਫਰਕ ਸਿਰਫ਼ ਇਹ ਹੀ ਹੋਵੇਗਾ ਕਿ ਜਿੱਥੇ ਪੁਰਾਣੇ ਵੇਲਿਆਂ 'ਚ ਕਮਿਊਨ ਅੰਦਰ ਰਹਿਣ ਵਾਲੇ ਮਜ਼ਬੂਰੀ 'ਚੋਂ ਇਉਂ ਰਹਿ ਰਹੇ ਸਨ ਉੱਥੇ ਕਮਿਊਨਿਸਟ ਸਮਾਜ 'ਚ ਮਨੁੱਖੀ ਸਮਾਜ ਚੇਤੰਨ ਤੌਰ 'ਤੇ ਇਉਂ ਜੀਵਨ ਬਸਰ ਕਰੇਗਾ। ਉਸ ਸਮਾਜ ਅੰਦਰ ਸਭ ਝਗੜੇ-ਝੇੜੇ ਖਤਮ ਹੋ ਜਾਣਗੇ। ਮਨੁੱਖੀ ਸੰਸਾਰ ਆਪਸੀ ਪ੍ਰੇਮ-ਭਾਵ ਨਾਲ ਰਿਹਾ ਕਰੇਗਾ। ਭਗਤ ਸਿੰਘ ਅਤੇ ਉਸ ਦੇ ਸਾਥੀ ਸ਼ਹੀਦ ਸਮਾਜਵਾਦ ਤੱਕ ਨਾ ਰੁਕ ਕੇ ਇੱਕ ਕਮਿਊਨਿਸਟ ਸਮਾਜ ਸਿਰਜਣ ਨੂੰ ਪ੍ਰਣਾਏ ਹੋਏ ਸਨ। ਇਸ ਦੀਆਂ ਆਪਾਂ ਦੋ ਮਿਸਾਲਾਂ ਲੈਂਦੇ ਹਾਂ:-

ਪਹਿਲੀ ਭਗਤ ਸਿੰਘ ਨੇ ਲਿਖਿਆ ਸੀ ਕਿ "ਵਾਸੂਦੇਵ ਕੁਟੰਬਮ" ....ਜਿਸ ਕਵੀ ਸਮਰਾਟ ਦੀ ਇਹ ਕੀਮਤੀ ਕਲਪਨਾ ਹੈ, ਜਿਸ ਵਿਸ਼ਵ ਪ੍ਰੇਮੀ ਦੇ ਅਨੁਭਵੀ ਦੇ ਮਨ ਦੀ ਆਵਾਜ਼ ਹੈ। ਇਸਦੀ ਮਹੱਤਤਾ ਦਾ ਵਰਨਣ ਕਰਨਾ ਮਨੁੱਖੀ ਸ਼ਕਤੀ ਦੀ ਸਮਰੱਥਾ ਦੇ ਬਾਹਰ ਹੈ। ਉਨ੍ਹਾਂ ਲਿਖਿਆ ਕਿ "ਇਸਦਾ ਅਰਥ ਮੈਂ ਤਾਂ ਸਾਰੇ ਸੰਸਾਰ ਦੀ ਸਮਾਨਤਾ-ਸਾਮਵਾਦ (ਕਮਿਊਨਿਸਟ ਸਮਾਜ-ਲੇਖਕ) ਦੇ ਇਲਾਵਾ ਹੋਰ ਕੁੱਝ ਨਹੀਂ ਸਮਝਦਾ। ਉਨ੍ਹਾਂ ਲਿਖਿਆ ਕਿ ਕਿਹੋ ਜਿਹਾ ਉੱਚਾ ਇਹ ਵਿਚਾਰ ਹੈ। ਸਾਰੇ ਆਪਣੇ ਹੋਣ। ਕੋਈ ਵੀ ਪਰਾਇਆ ਨਾ ਹੋਵੇ। ਕੇਹਾ ਸੁੱਖ ਦਾ ਮਾਹੌਲ ਹੋਵੇਗਾ, ਜਦ ਸੰਸਾਰ ਵਿੱਚ ਪਰਾਇਆਪਨ ਖਤਮ ਹੋ ਜਾਵੇਗਾ। ਜਿਸ ਦਿਨ ਇਹ ਸਿਧਾਂਤ ਸਾਰੇ ਸੰਸਾਰ ਵਿੱਚ ਵਿਵਹਾਰਕ ਰੂਪ ਵਿੱਚ ਲਾਗੂ ਹੋਵੇਗਾ, ਉਸ ਦਿਨ ਸੰਸਾਰ ਨੂੰ ਤਰੱਕੀ ਦੇ ਸਿਖਰ 'ਤੇ ਕਹਿ ਸਕਾਂਗੇ। ਜਿਸ ਦਿਨ ਇਹ ਭਾਵ ਹਰ ਮਨੁੱਖ ਦੇ ਹਿਰਦੇ ਵਿਚ ਘਰ ਕਰ ਜਾਵੇਗਾ-ਉਸ ਦਿਨ ਸੰਸਾਰ ਕਿਹੋ ਜਿਹਾ ਹੋਵੇਗਾ? ਜ਼ਰਾ ਕਲਪਨਾ ਕਰੋ ਤਾਂ ਸਹੀ।"

ਦੂਸਰੀ, ਲਾਲਾ ਰਾਮ ਸਰਨ ਦਾਸ ਨੇ ਆਪਣੀ ਕਿਤਾਬ ਡਰੀਮਲੈਂਡ (ਸੁਪਨਸੰਸਾਰ) 'ਚ ਲਿਖਿਆ ਸੀ

"ਜ਼ਰੂਰਤਮੰਦਾਂ ਨੂੰ ਦਾਨ ਦੇਣਾ" ਇਸ 'ਤੇ ਭਗਤ ਸਿੰਘ ਨੇ ਲਿਖਿਆ ਕਿ "ਭਵਿੱਖ ਦੇ ਸਮਾਜ ਯਾਨੀ ਸਾਮਵਾਦੀ (ਕਮਿਊਨਿਸਟ) ਸਮਾਜ ਵਿੱਚ, ਜਿਸਨੂੰ ਅਸੀਂ ਉਸਾਰਨਾ ਚਾਹੁੰਦੇ ਹਾਂ, ਅਸੀਂ ਖੈਰਾਇਤੀ ਸੰਸਥਾਵਾਂ ਖੜ੍ਹੀਆਂ ਨਹੀਂ ਕਰਨੀਆਂ। ਸਗੋਂ ਉਦੋਂ ਤਾਂ ਕੋਈ ਗਰੀਬ-ਅਮੀਰ ਨਹੀਂ ਹੋਵੇਗਾ ਅਤੇ ਦਾਨ ਲੈਣ-ਦੇਣ ਦਾ ਮਸਲਾ ਹੀ ਨਹੀਂ ਹੋਣਾ।"

ਮਨੁੱਖੀ ਇਤਿਹਾਸ 'ਤੇ ਜੇ ਸਰਸਰੀ ਨਜ਼ਰ ਵੀ ਮਾਰੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਮੁਢਲਾ ਮਨੁੱਖੀ ਸਮਾਜ ਹੋਂਦ 'ਚ ਆਇਆ ਤਾਂ ਉਹ ਕਮਿਊਨ ਦੇ ਤੌਰ 'ਤੇ ਇੱਕ ਸਮੂਹ ਦੇ ਤੌਰ 'ਤੇ ਰਹਿਣ ਲੱਗਿਆ ਸੀ। ਉਦੋਂ ਕੋਈ ਨਿੱਜੀ ਜਾਇਦਾਦ ਹੋਂਦ 'ਚ ਨਹੀਂ ਸੀ। ਨਿੱਜੀ ਜਾਇਦਾਦ ਦੇ ਹੋਂਦ 'ਚ ਨਾ ਆਉਣ ਕਰਕੇ ਕਿਸੇ ਮਨੁੱਖ ਦੇ ਮਨ ਵਿੱਚ ਇਹ ਮੇਰਾ ਹੈ ਜਾਂ ਔਹ ਤੇਰਾ ਹੈ, ਜਾਂ ਮੈਂ ਤਾਂ ਵਿਹਲੇ ਬੈਠਕੇ ਖਾਣਾ ਹੈ, ਤੂੰ ਕੰਮ ਕਰਨਾ ਹੈ ਵਗੈਰਾ ਵਗੈਰਾ ਅਤੇ ਤੇਰ-ਮੇਰ ਦੇ ਸਵਾਲ ਵੀ ਪੈਦਾ ਨਹੀਂ ਹੋਏ ਸਨ। ਇਸ ਲਈ ਸਾਰੀ ਮਨੁੱਖ ਜਾਤੀ ਬਿਨ੍ਹਾਂ ਕਿਸੇ ਝਗੜੇ-ਝੇੜਿਆਂ ਤੋਂ ਇੱਕ-ਦੂਸਰੇ ਨਾਲ ਰਲ-ਮਿਲਕੇ ਰਹਿੰਦੀ ਸੀ। ਭਾਵੇਂ ਕਿ ਉਦੋਂ ਇਉਂ ਰਹਿਣ ਦਾ ਵਤੀਰਾ ਮਨੁੱਖ ਨੇ ਕੋਈ ਚੇਤੰਨ ਰੂਪ 'ਚ ਨਹੀਂ ਸੀ ਅਪਨਾਇਆ ਭਾਵ ਕਿ ਉਦੋਂ ਮਨੁੱਖ ਇਉਂ ਚੇਤੰਨ ਨਹੀਂ ਸੀ ਕਿ ਉਸਨੂੰ ਕਮਿਊਨ 'ਚ ਰਲ-ਮਿਲਕੇ ਰਹਿਣਾ ਚਾਹੀਦਾ ਹੈ। ਬਲਕਿ ਉਨ੍ਹਾਂ ਸਮਿਆਂ 'ਚ ਜੰਗਲੀ ਜਾਨਵਰਾਂ ਵਗੈਰਾ ਦਾ ਸ਼ਿਕਾਰ ਕਰਨ ਦੀ ਲੋੜ ਜਾਂ ਉਨ੍ਹਾਂ ਤੋਂ ਬਚਾਅ ਕਰਨ ਦੀ ਲੋੜ 'ਚੋਂ ਕੱਲੇ-ਕਹਿਰੇ ਮਨੁੱਖ ਦੀ ਘੱਟ ਸਮਰੱਥਾ ਹੋਣ ਕਰਕੇ ਉਸ ਵੱਲੋਂ ਅਚੇਤ ਰੂਪ 'ਚ ਕਮਿਊਨ ਦਾ ਅਪਨਾਇਆ ਸਮਾਜਕ ਰੂਪ ਇੱਕ ਢੰਗ ਸੀ।

ਇਹ ਹੀ ਨਹੀਂ ਬਲਕਿ ਇਹੋ-ਜਿਹਾ ਸਮਾਜ ਬਣਾਉਣ ਲਈ ਹੀ ਭਗਤ ਸਿੰਘ ਹੋਰਾਂ ਲਿਖਿਆ ਕਿ "ਜਦੋਂ ਤੱਕ ਮਨੁੱਖ ਦੇ ਹੱਥੋਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁੱਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉੱਤੇ ਮੰਡਲਾ ਰਹੇ ਦੁਖਾਂਤ ਅਤੇ ਖੂਨ-ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁੱਗ ਦਾ ਮੁੱਢ ਬੰਨਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁੱਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਇੱਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿੱਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇੱਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।"

ਇਸਦੇ ਨਾਲ ਹੀ ਇਹ ਗੱਲ ਵੀ ਜੁੜ ਜਾਂਦੀ ਹੈ ਕਿ ਜਦੋਂ ਇਹ ਬਰਾਬਰਤਾ ਵਾਲਾ ਮਨੁੱਖੀ ਸਮਾਜ ਬਣ ਗਿਆ ਤਾਂ ਸਾਡੀ ਤਰਕਸ਼ੀਲ ਸੁਸਾਇਟੀ ਨੂੰ ਅੱਜ ਜਿਹੜੀ ਲੜਾਈ ਅੰਧ-ਵਿਸ਼ਵਾਸਾਂ ਵਿਰੁੱਧ ਲੜਨੀ ਪੈ ਰਹੀ ਹੈ ਉਸਦੀ ਵੀ ਲੋੜ ਨਹੀਂ ਰਹਿਣੀ। ਕਿਉਂ ? ਕਿਉਂਕਿ ਉਸ ਸਮਾਜ ਨੂੰ ਮਨੁੱਖਤਾ ਨੇ ਆਪਣੀ ਜੱਦੋਜਹਿਦ ਰਾਹੀਂ ਹੀ ਸਿਰਜਿਆ ਹੋਵੇਗਾ ਅਤੇ ਉਦੋਂ ਕਿਸੇ ਦੇ ਉਚ-ਨੀਚ, ਧਨੀ-ਗਰੀਬ, ਛੂਤ-ਅਛੂਤ ਦਾ ਸਵਾਲ ਵੀ ਨਹੀਂ ਰਹੇਗਾ, ਅਤੇ ਉਦੋਂ ਮਨੁੱਖਤਾ ਕੁਦਰਤ ਦੇ ਰਹੱਸ਼ਾਂ ਨੂੰ ਵੀ ਸਮਝ ਚੁੱਕੀ ਹੋਵੇਗੀ ਕਿ ਸਮਾਜ 'ਚ ਫੈਲੀਆਂ ਲੁੱਟ-ਖਸੁੱਟ, ਵਿਤਕਰੇਬਾਜ਼ੀ, ਧੱਕੇ-ਧੋੜੇ ਵਗੈਰਾ ਵਗੈਰਾ ਕਿਸੇ ਦੈਵੀ ਸ਼ਕਤੀ ਨੇ ਨਹੀਂ ਬਣਾਏ ਹਨ ਅਤੇ ਅੱਜ ਦੇ ਘ੍ਰਿਣਤ ਗਿਣੇ ਜਾਂਦੇ ਵਰਗਾਂ ਦੀ ਕਿਸੇ ਮਾੜੀ ਕਿਸਮਤ ਜਾਂ ਪਿਛਲੇ ਜਨਮਾਂ ਦੇ ਫਲ ਕਰਕੇ ਜਾਂ ਕਿਸੇ ਦੈਵੀ ਸ਼ਕਤੀ ਦੀ ਕ੍ਰੋਪੀ ਕਾਰਨ ਨਹੀਂ ਹਨ। ਇਹ ਅੰਧ-ਵਿਸ਼ਵਾਸੀ ਵਿਚਾਰ ਵੀ ਉਦੋਂ ਮਿਟ ਜਾਣਗੇ। ਕਿਉਂ ? ਕਿਉਂਕਿ ਉਦੋਂ ਇਹ ਵਿਚਾਰ ਦੇ ਪੈਦਾ ਹੋਣ ਦਾ ਆਧਾਰ-ਵਖਰੇਵੇ- ਹੀ ਨਹੀਂ ਹੋਣਗੇ। ਇਸ ਕਰਕੇ ਅੰਧ-ਵਿਸ਼ਵਾਸਾਂ ਦਾ ਵੀ ਖਾਤਮਾ ਹੋ ਜਾਵੇਗਾ। ਇਸ ਲਈ ਮਨੁੱਖ ਅੰਧ-ਵਿਸ਼ਵਾਸਾਂ ਵਿੱਚ ਵਿਸ਼ਵਾਸ ਨਹੀਂ ਬਲਕਿ ਮਨੁੱਖਾ ਸ਼ਕਤੀ ਦੇ ਕਰਮ ਕਰਨ ਵਿੱਚ ਅਤੇ ਇਨ੍ਹਾਂ ਰਾਹੀਂ ਕੁਦਰਤੀ ਸ਼ਕਤੀਆਂ 'ਤੇ ਕਾਬੂ ਪਾਉਣ ਦੇ ਵਿਸ਼ਵਾਸ ਨਾਲ ਜੀਵਨ ਜੀਵੇਗਾ। ਇਸ ਕਰਕੇ ਅੰਧ-ਵਿਸ਼ਵਾਸਾਂ ਦੀ ਲੜਾਈ ਦੀ ਲੋੜ ਨਹੀਂ ਰਹੇਗੀ। ਇਨ੍ਹਾਂ ਤੋਂ ਮੁਕਤ ਇਨਸਾਨ ਮਨੁੱਖੀ ਪ੍ਰਗਤੀ 'ਚ ਆਪਣੇ ਯਤਨ ਜੁਟਾਇਆ ਕਰੇਗਾ। ਇਸ ਲਈ ਮਨੁੱਖ ਪਿਛਾਂਹਖਿੱਚੂ ਨਹੀਂ ਬਲਕਿ ਅਗਾਂਹਵਧੂ ਮਾਨਸਿਕਤਾ ਨਾਲ ਸ਼ਰਸ਼ਾਰ ਹੋਵੇਗਾ। ਇਸੇ ਲਈ ਭਗਤ ਸਿੰਘ ਨੇ ਲਿਖਿਆ ਸੀ ਕਿ "ਅੰਧ-ਵਿਸ਼ਵਾਸ ਮਨੁੱਖ ਨੂੰ ਪਿਛਾਂਹਖਿੱਚੂ ਮਾਨਸਿਕਤਾ ਦਾ ਸ਼ਿਕਾਰ" ਬਣਾ ਦਿੰਦੇ ਹਨ।

ਜਦੋਂ ਮਨੁੱਖੀ ਸਮਾਜ 'ਚ ਬਰਾਬਰੀ ਹੋਵੇਗੀ ਤਾਂ ਉਦੋਂ ਧਰਮ ਦੇ ਨਾਮ 'ਤੇ ਫਿਰਕੂ ਦੰਗੇ-ਫਸਾਦ ਵੀ ਨਹੀਂ ਹੋਣਗੇ ਕਿਉਂਕਿ ਉਦੋਂ ਮਨੁੱਖ ਦੇ ਆਰਥਕ ਝਗੜੇ-ਝੇੜੇ ਤਾਂ ਹੋਣੇ ਹੀ ਨਹੀਂ, ਇਸ ਲਈ ਉਨ੍ਹਾਂ 'ਤੇ ਹੋਣ ਵਾਲੇ ਫਿਰਕੂ-ਫਸਾਦਾਂ ਦਾ ਤਾਂ ਮਤਲਬ ਹੀ ਨਹੀਂ ਰਹਿਣਾ। ਭਾਵ ਕਿ ਦੁਨੀਆਂ ਦੀ ਮਨੁੱਖਤਾ ਉਸ ਵੇਲੇ ਮਨੁੱਖਤਾ ਦਾ ਇੱਕੋ ਫਿਰਕਾ ਹੀ ਹੋਵੇਗਾ। ਇਹ ਫਿਰਕਾ ਕਿਸੇ ਧਰਮ ਵਿਸ਼ੇਸ਼ ਦੇ ਆਧਾਰ 'ਤੇ ਨਹੀਂ ਬਲਕਿ ਮਨੁੱਖਤਾ ਦੇ ਆਪਸੀ ਪ੍ਰੇਮ-ਭਾਵ ਦੇ ਆਧਾਰ 'ਤੇ ਹੋਵੇਗਾ। ਇਸੇ ਲਈ ਭਗਤ ਸਿੰਘ ਨੇ ਲਿਖਿਆ ਸੀ ਕਿ "ਜੇ ਇਹਨਾਂ ਫਿਰਕੂ ਫਸਾਦਾਂ ਦਾ ਜੜ੍ਹ ਕਾਰਨ ਲੱਭੀਏ ਤਾਂ ਸਾਨੂੰ ਤਾਂ ਇਹ ਕਾਰਨ ਆਰਥਕ ਹੀ ਜਾਪਦਾ ਹੈ।" ਜਦੋਂ ਕਾਰਨ ਖਤਮ ਹੋ

ਗਿਆ ਤਾਂ ਇਸ ਤੋਂ ਪੈਦਾ ਹੋਣ ਵਾਲੇ ਕਾਰਜ ਦੇ ਪੈਦਾ ਹੋਣ ਦਾ ਕੋਈ ਸਵਾਲ ਹੀ ਨਹੀਂ ਰਹਿੰਦਾ। ਇਸ ਕਾਰਨ-ਕਾਰਜ ਨੂੰ ਸਮਝਦਿਆਂ ਹੀ ਭਗਤ ਸਿੰਘ ਨੇ ਲਿਖਿਆ ਕਿ "ਲੋਕਾਂ ਨੂੰ ਆਪਸ ਵਿੱਚ ਲੜਨ ਤੋਂ ਰੋਕਣ ਲਈ ਸ਼੍ਰੇਣੀ ਜਾਗ੍ਰਿਤੀ ਦੀ ਲੋੜ ਹੈ। ਗਰੀਬਾਂ, ਕਿਰਤੀਆਂ ਤੇ ਕਿਰਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਹਨਾਂ ਦੇ ਹੱਥ-ਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਤੇ ਇਨ੍ਹਾਂ ਦੇ ਹੱਥ 'ਤੇ ਚੜ੍ਹ ਕੇ ਕੁੱਝ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇੱਕੋ ਹੀ ਹਨ।"

ਇੱਥੋਂ ਤੱਕ ਦੀ ਸਾਡੀ ਵਿਚਾਰ-ਚਰਚਾ ਦਾ ਸਿੱਟਾ ਇਹੋ ਨਿਕਲਦਾ ਹੈ ਕਿ ਭਗਤ ਸਿੰਘ ਅਤੇ 23 ਮਾਰਚ ਨੂੰ ਹੀ ਸ਼ਹੀਦ ਹੋਣ ਵਾਲੇ ਉਸਦੇ ਦੋ ਹੋਰ ਸਾਥੀ ਇਹ ਚਾਹੁੰਦੇ ਸੀ ਕਿ ਸਮੁੱਚੀ ਦੁਨੀਆਂ 'ਤੇ ਮਨੁੱਖੀ ਭਾਈਚਾਰਾ ਇੱਕੋ ਹੋਵੇ ਅਤੇ ਉਹ ਇੱਕ-ਦੂਸਰੇ ਨਾਲ ਰਲ-ਮਿਲਕੇ ਰਹਿਣ ਅਤੇ ਉਨ੍ਹਾਂ ਦਰਮਿਆਨ ਕਿਸੇ ਵੀ ਕਿਸਮ ਦੀ ਨਸਲ, ਮਜ਼ਹਬ, ਕੌਮ, ਦੇਸ਼ ਆਦਿ ਦੇ ਵਖਰੇਵੇਂ ਨਾ ਹੋਣ। ਹਰ ਮਨੁੱਖ ਦੁਨੀਆਂ ਨੂੰ ਆਪਣੀ ਸਮਝੇ ਅਤੇ ਦੁਨੀਆਂ ਹਰ ਮਨੁੱਖ ਨੂੰ ਆਪਣਾ ਇੱਕ ਬਰਾਬਰ ਦਾ ਅੰਗ ਸਮਝੇ ਅਤੇ ਦੋਨੋਂ-ਦੁਨੀਆਂ ਅਤੇ ਹਰ ਮਨੁੱਖ- ਇੱਕ-ਦੂਸਰੇ ਨਾਲ ਮਨੁੱਖੀ ਰਿਸ਼ਤਿਆਂ ਨੂੰ ਪਵਿੱਤਰਤਾ ਵਜੋਂ ਸਮਝਦੇ ਹੋਏ ਆਪਸੀ ਮਿਲਵਰਤਣ ਨਾਲ ਰਹਿਣ। ਇਸੇ ਲਈ ਭਗਤ ਸਿੰਘ ਨੇ ਲਿਖਿਆ ਸੀ ਕਿ "ਭਵਿੱਖ ਦੇ ਸਮਾਜ ਵਿੱਚ ਯਾਨੀ .. ਕਮਿਊਨਿਸਟ ਸਮਾਜ ਵਿੱਚ, ਜਿਹਨੂੰ ਅਸੀਂ ਉਸਾਰਨਾ ਚਾਹੁੰਦੇ ਹਾਂ, ਅਸੀਂ ਖ਼ੈਰਾਇਤੀ ਸੰਸਥਾਵਾਂ ਖੜ੍ਹੀਆਂ ਨਹੀਂ ਕਰਨੀਆਂ। ਸਗੋਂ ਉਦੋਂ ਤਾਂ ਕੋਈ ਗਰੀਬ-ਅਮੀਰ ਨਹੀਂ ਹੋਵੇਗਾ ਅਤੇ ਦਾਨ ਲੈਣ-ਦੇਣ ਦਾ ਮਸਲਾ ਹੀ ਨਹੀਂ ਹੋਣਾ"।

ਇੱਥੇ ਇੱਕ ਸਵਾਲ ਹੋਰ ਖੜ੍ਹਾ ਹੋ ਜਾਂਦਾ ਹੈ ਕਿ ਕੁਦਰਤੀ ਤੌਰ 'ਤੇ ਹਰ ਮਨੁੱਖ ਇੱਕੋ-ਜਿਹਾ ਨਹੀਂ, ਫਿਰ ਕਿਵੇਂ ਹਰ ਇਨਸਾਨ ਦੂਸਰੇ ਇਨਸਾਨ ਨੂੰ ਇੱਕੋ-ਜਿਹਾ ਸਮਝ ਸਕਦਾ ਹੈ? ਜਦੋਂ ਅਸੀਂ ਇਨਸਾਨ ਦੀ ਗੱਲ ਕਰਦੇ ਹਾਂ ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਮਨੁੱਖ 'ਚ ਇੱਕ ਬੁਨਿਆਦੀ ਗੁਣ ਹੁੰਦਾ ਹੈ ਕਿ ਉਹ ਕਿਰਤ ਕਰ ਸਕਦਾ ਹੈ, ਕਿਰਤ ਦੇ ਸੰਦ-ਸੰਦੇੜੇ ਬਣਾ ਸਕਦਾ ਹੈ। ਇੱਥੇ ਵੀ ਇੱਕ ਸਵਾਲ ਇਹ ਖੜ੍ਹਾ ਹੋ ਜਾਂਦਾ ਹੈ ਕਿ ਜੇਕਰ ਕੋਈ ਮਨੁੱਖ ਅਪਾਹਜ ਹੈ ਤਾਂ ਉਹ ਕਿਵੇਂ ਇਹ ਕਰ ਸਕੇਗਾ? ਹਾਂ, ਇਹ ਠੀਕ ਹੈ ਕਿ ਅਪਾਹਜ ਇਨਸਾਨ ਇਹ ਨਹੀਂ ਕਰ ਸਕੇਗਾ। ਪਰ ਸਮੁੱਚੀ ਮਨੁੱਖਤਾ ਤਾਂ ਅਪਾਹਜ ਨਹੀਂ ਹੈ ਨਾ! ਇਸ ਲਈ ਜਦੋਂ ਅਸੀਂ ਕਿਰਤ ਕਰਨ ਦੀ ਗੱਲ ਕਰਦੇ ਹਾਂ ਇਹ ਸਮੁੱਚੀ ਮਨੁੱਖਤਾ 'ਤੇ ਇਸ ਲਈ ਢੁਕਦੀ ਹੈ ਕਿ ਇਹ ਕਿਸੇ ਵਿਅਕਤੀ ਵਿਸ਼ੇਸ਼ ਦਾ ਗੁਣ ਨਹੀਂ ਬਲਕਿ ਮਨੁੱਖੀ ਸਮੂਹ ਦਾ ਇੱਕ ਆਮ ਤੇ ਬੁਨਿਆਦੀ ਗੁਣ ਹੈ। ਇੱਕੋ-ਇੱਕ ਕਿਰਤ ਹੀ ਹੈ ਜਿਹੜੀ ਮਨੁੱਖ ਅਤੇ ਪਸ਼ੂ ਦਰਮਿਆਨ ਵਖਰੇਵੇਂ ਦਾ ਆਧਾਰ ਬਣਦੀ ਹੈ। ਅਤੇ ਇਹ ਕਿਰਤ ਹੀ ਹੈ ਜਿਸ ਕਰਕੇ ਮਨੁੱਖ ਕੁਦਰਤ ਨਾਲ ਸੰਘਰਸ਼ ਕਰਦਾ ਹੈ ਅਤੇ ਉਸ ਵਿੱਚੋਂ ਆਪਣੇ ਲਈ ਲੋੜੀਂਦੇ ਪਦਾਰਥ ਪ੍ਰਾਪਤ ਕਰਦਾ ਹੈ। ਇਸੇ ਲਈ ਭਗਤ ਸਿੰਘ ਨੇ ਸਾਨੂੰ ਸਿੱਖਿਆ ਦਿੱਤੀ ਸੀ ਕਿ "ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉੱਤੇ ਆਪਣੀ ਸੇਵਾ ਵਾਸਤੇ ਗਲਬਾ ਪਾਉਣਾ ਹੈ"।

ਆਓ 23 ਮਾਰਚ ਦੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ ਉਨ੍ਹਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਦਿਆਂ ਉਨ੍ਹਾਂ ਵੱਲੋਂ ਅਧੂਰਾ ਰਹਿ ਗਿਆ ਕਾਰਜ ਕਰਨ ਲਈ ਅੱਗੇ ਆਈਏ। **98769-53561**

(ਸਾਰੇ ਹਵਾਲੇ ਕਿਤਾਬ "ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ", ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪ੍ਰਕਾਸ਼ਨ ਸਾਲ 2000 'ਚੋਂ ਲਏ ਗਏ ਹਨ।)

ਪ੍ਰਤੀਕਰਮ

ਮੁੱਖ ਪੰਨਾ, ਸੰਪਾਦਕੀ, ਆਖ਼ਰੀ ਪੰਨਾ, ਡਾਰ ਚਿਰਾਗਾਂ ਵਾਲੀ, ਨਵਾਂ ਇਤਿਹਾਸ ਲਿਖਣ ਦਾ ਤਰਕ, ਮੇਰਾ ਦਾਗਿਸਤਾਨ, ਕਲਪਨਾ ਕਰੋ: ਕੋਈ ਧਰਮ ਨਹੀਂ: ਅਤੇ ਇਹ 'ਵਿਸ਼ਵ ਕੱਪ' ਕ੍ਰਿਕਟ ਨਹੀਂ ਹੈ, ਲਿਖਤਾਂ ਬਹੁਤ ਵਧੀਆ ਲੱਗੀਆਂ। ਇਨ੍ਹਾਂ ਲਿਖਤਾਂ ਦੀਆਂ ਅਤੇ ਬਾਕੀ ਮੈਟਰ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਨੋਟ ਕਰਨ ਵਾਲੀਆਂ ਹਨ ਜਿਨ੍ਹਾਂ ਵਿੱਚ ਕੁੱਝ ਕੁ ਦਾ ਜ਼ਿਕਰ ਕਰਨਾ ਮੈਨੂੰ ਜ਼ਰੂਰੀ ਲੱਗਿਆ ਜਿਵੇਂ: ਜੇ ਰੋਟੀ ਦਿੰਦਾ ਦੇਸ਼ ਨੀ ਮਾਂ, ਤਾਂ ਮੈਂ ਕਿਉਂ ਜਾਂਦਾ ਪ੍ਰਦੇਸ਼ ਨੀ ਮਾਂ।*ਅੰਧ-ਵਿਸ਼ਵਾਸ ਤੇ ਤਰਕ ਵਿਚਕਾਰ ਲੜਾਈ ਮਨੁੱਖ ਦੀ ਮਨੁੱਖ ਬਣਨ ਦੀ ਲੜਾਈ ਹੈ। ਹਿੰਦੂਤਵੀ ਇਤਿਹਾਸ ਅਸਾਵੇਂਪਣ ਤੇ ਤੱਥਾਂ ਦੀਆਂ ਗਲਤੀਆਂ ਨਾਲ ਭਰਿਆ ਪਿਆ ਹੈ। ਬੱਚਿਆਂ ਨੂੰ ਠੀਕ ਗਲਤ ਦਾ ਫ਼ਰਕ ਸਮਝਾਉਣ ਲਈ ਕੌੜੇ ਸ਼ਬਦਾਂ ਦੀ ਵਰਤੋਂ ਨਾ ਕਰੋ। ਹਵਾ ਵਿੱਚ ਉਡਣ ਤੋਂ ਪਹਿਲਾਂ ਹਵਾਈ ਜਹਾਜ਼ ਬਹੁਤ ਸ਼ੋਰ ਮਚਾਉਂਦਾ ਹੈ...। ਜੇ ਸਮਾਜ ਨੂੰ ਲੱਗੀ ਔਹਰ ਗੰਭੀਰ ਹੈ ਤਾਂ ਸਾਨੂੰ ਵੀ ਵੱਧ ਗੰਭੀਰਤਾ ਨਾਲ ਉਹਦਾ ਇਲਾਜ ਲੱਭਣਾ/ਕਰਨਾ ਪਵੇਗਾ। ਪੇਪਰ ਦੇ ਬਾਕੀ ਮੈਟਰ ਨੂੰ ਵੀ ਘੱਟ ਮਹੱਤਵਪੂਰਨ ਨਹੀਂ ਕਿਹਾ ਜਾ ਸਕਦਾ। ਕੋਸ਼ਿਸ਼ ਹੋਵੇ ਕਿ ਕਿਸੇ ਵੀ ਲਿਖ਼ਤ ਲਈ ਬਾਕੀ ਪੰਨਾ... 'ਤੇ ਲਿਖਣ ਦੀ ਲੋੜ ਨਾ ਪਵੇ। ਸਮੁੱਚੇ ਰੂਪ ਵਿੱਚ 'ਤਰਕਸ਼ੀਲ' ਮੈਗਜ਼ੀਨ ਇਨਕਲਾਬੀ, ਉਦਾਸੀਆਂ ਦੂਰ ਕਰਨ ਵਾਲਾ, ਜੋਸ਼ ਤੇ ਹੋਸ਼ ਦਾ ਸੋਮਾ, ਮਨੁੱਖਤਾ ਨੂੰ ਪਿਆਰ ਕਰਨਾ ਸਿਖਾਉਣ ਵਾਲਾ, ਦੁੱਖਾਂ ਤਕਲੀਫਾਂ ਦਾ ਰਾਹ ਦਸੇਰਾ ਤੇ ਕਦਮ ਕਦਮ ਤੇ ਦਿਸ਼ਾ ਤੇ ਦਸ਼ਾ ਦਾ ਚਾਨਣ ਮੁਨਾਰਾ ਹੈ। ਸਮੁੱਚੇ ਅਦਾਰੇ ਨੂੰ ਲਾਲ ਸਲਾਮ।


ਅਜੀਤ ਪ੍ਰਦੇਸੀ (ਰੋਪੜ)

ਫਾਸ਼ਿਜ਼ਮ ਜਾਂ ਸੋਸ਼ਲਿਜ਼ਮ



ਰਾਜਪਾਲ ਸਿੰਘ

ਪੜ੍ਹਨਯੋਗ ਪੁਸਤਕਾਂ ਵਿੱਚ ਇਸ ਵਾਰ ਅਸੀਂ ਇੱਕ ਇਤਿਹਾਸਕ ਪੁਸਤਕ ਨਾਲ ਜਾਣ ਪਛਾਣ ਕਰਵਾ ਰਹੇ ਹਾਂ। ਇਹ ਪੁਸਤਕ ਚਾਹੇ ਅੱਜ ਤੋਂ 80 ਸਾਲ ਪਹਿਲਾਂ 1942 ਵਿੱਚ ਲਿਖੀ ਗਈ ਸੀ ਪਰ ਅੱਜ ਦੇ ਸਮੇਂ ਵਿੱਚ ਇਸ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਉਸ ਸਮੇਂ ਨਾਲੋਂ ਵੀ ਵੱਧ ਹੈ। ਇਸੇ ਕਰਕੇ ਇਸ ਨੂੰ ਹੁਣ 5 ਆਬ ਪ੍ਰਕਾਸ਼ਨ ਜਲੰਧਰ ਵੱਲੋਂ 'ਫਾਸ਼ਿਜ਼ਮ ਜਾਂ ਸੋਸ਼ਲਿਜ਼ਮ' ਦੇ ਨਾਂ ਹੇਠ ਮੁੜ ਛਾਪਿਆ ਗਿਆ ਹੈ। ਅਸਲ ਵਿੱਚ ਉਸ ਸਮੇਂ ਇਹ 40-40 ਸਫ਼ਿਆਂ ਦੇ ਦੋ ਅੱਡ ਅੱਡ ਟ੍ਰੈਕਟ (ਕਿਤਾਬਚੇ) ਸਨ ਜੋ ਫਾਸ਼ੀਵਾਦ ਅਤੇ ਸਮਾਜਵਾਦ ਬਾਰੇ ਆਮ ਲੋਕਾਂ ਨੂੰ ਬਹੁਤ ਸੌਖੇ ਸ਼ਬਦਾਂ ਵਿੱਚ ਜਾਣਕਾਰੀ ਦੇਣ ਲਈ ਲਿਖੇ ਗਏ ਸਨ। ਇਨ੍ਹਾਂ ਦੇ ਲੇਖਕ ਉੱਘੇ ਪੰਜਾਬੀ ਲੇਖਕ ਗਿਆਨੀ ਹੀਰਾ ਸਿੰਘ ਦਰਦ ਸਨ। ਪ੍ਰਗਤੀਵਾਦੀ ਸੋਚ ਰੱਖਣ ਵਾਲੇ ਗਿਆਨੀ ਹੀਰਾ ਸਿੰਘ ਦਰਦ ਕੇਂਦਰੀ ਲੇਖਕ ਸਭਾ ਦੇ ਮੋਢੀਆਂ ਵਿੱਚੋਂ ਸਨ ਅਤੇ ਆਪਣੇ ਸਮੇਂ ਦੇ ਪ੍ਰਸਿੱਧ ਸਾਹਿਤਕ ਮੈਗਜ਼ੀਨ 'ਫੁਲਵਾੜੀ' ਦੇ ਸੰਪਾਦਕ ਸਨ। ਇਹ ਪੁਸਤਕ ਅੱਜ ਦੇ ਲੇਖਕਾਂ ਲਈ ਵੀ ਇੱਕ ਮਿਸਾਲ ਹੈ ਕਿ ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਵਾਰਤਕ ਕਿਵੇਂ ਲਿਖੀ ਜਾਂਦੀ ਹੈ।



ਜਿਸ ਸਮੇਂ ਇਹ ਕਿਤਾਬਚੇ ਲਿਖੇ ਗਏ ਉਸ ਸਮੇਂ ਇਨ੍ਹਾਂ ਦੀ ਲੋੜ ਹੋਰ ਕਿਸਮ ਦੀ ਸੀ ਅਤੇ ਅੱਜ ਹੋਰ ਕਿਸਮ ਦੀ, ਪਰ ਇਨ੍ਹਾਂ ਦੀ ਮਹੱਤਤਾ ਘਟੀ ਨਹੀਂ ਬਲਕਿ ਵਧੀ ਹੀ ਹੈ। ਉਸ ਸਮੇਂ ਦੂਜੀ ਸੰਸਾਰ ਜੰਗ ਲੱਗੀ ਹੋਈ ਸੀ ਅਤੇ ਹਿਟਲਰ ਦੀ ਚੜ੍ਹਾਈ ਸੀ। ਜੰਗ ਵਿੱਚ ਕਿਉਂਕਿ ਜਰਮਨੀ ਅਤੇ ਇਟਲੀ ਅੰਗਰੇਜ਼ਾਂ ਦੇ ਖਿਲਾਫ਼ ਲੜ ਰਹੇ ਸਨ ਇਸ ਲਈ ਸਾਧਾਰਣ ਭਾਰਤੀ ਲੋਕਾਂ ਦੇ ਮਨਾਂ ਵਿੱਚ ਜਰਮਨੀ ਪ੍ਰਤੀ ਹਮਦਰਦੀ ਸੀ ਜਦ ਕਿ ਸੰਸਾਰ ਸਿਆਸਤ ਨੂੰ ਸਮਝਣ ਵਾਲੇ ਸੂਝਵਾਨ ਲੋਕ ਜਾਣਦੇ ਸਨ ਕਿ ਹਿਟਲਰ ਦੀ ਭਾਰਤ ਪ੍ਰਤੀ ਹਮਦਰਦੀ ਇੰਗਲੈਂਡ ਦੇ ਵਿਰੋਧ ਵਿਚੋਂ ਹੀ ਹੈ। ਉਸ ਦੀ ਫਿਲਾਸਫ਼ੀ ਤਾਂ ਦਬਾਈਆਂ ਹੋਈਆਂ ਕੌਮਾਂ ਨੂੰ ਹਮੇਸ਼ਾਂ ਲਈ ਦਬਾ ਕੇ ਰੱਖਣ ਦੀ ਹੈ, ਅਜਾਦੀ, ਭਾਈਚਾਰੇ ਅਤੇ ਬਰਾਬਰੀ ਵਰਗੇ ਸੰਕਲਪਾਂ ਦੀ ਉਸਦੀ ਸੋਚ ਵਿੱਚ ਕੋਈ ਥਾਂ ਨਹੀਂ ਹੈ। ਦੂਸਰਾ ਉਸ ਵਕਤ ਸੋਵੀਅਤ ਰੂਸ ਅਤੇ ਸਮਾਜਵਾਦ ਖਿਲਾਫ਼ ਭੰਡੀ ਪ੍ਰਚਾਰ ਬਹੁਤ ਜ਼ੋਰ 'ਤੇ ਸੀ ਅਤੇ ਇਸ ਬਾਰੇ ਲੋਕਾਂ ਵਿੱਚ ਗਲਤ ਧਾਰਨਾਵਾਂ ਫੈਲਾਈਆਂ ਜਾ ਰਹੀਆਂ ਸਨ। ਸੋ ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਬਾਰੇ ਜਨਤਾ ਨੂੰ ਸਹੀ ਜਾਣਕਾਰੀ ਦੇਣੀ ਬਹੁਤ ਜਰੂਰੀ ਸੀ।

ਅੱਜ ਇਸਦੀ ਮਹੱਤਤਾ ਇਸ ਕਰਕੇ ਵੱਧ ਹੈ ਕਿ ਉਸ ਸਮੇਂ ਜੋ ਫਾਸ਼ੀਵਾਦੀ ਸੋਚ ਇਟਲੀ ਅਤੇ ਜਰਮਨੀ ਵਿੱਚ ਪੈਦਾ ਹੋਈ ਸੀ ਉਸ ਸੋਚ ਵਾਲਾ ਰੁਝਾਨ ਹੁਣ ਸਾਡੇ ਆਪਣੇ ਦੇਸ਼ ਵਿੱਚ ਚੱਲ ਰਿਹਾ ਹੈ। ਜਦ ਪਾਠਕ ਇਸਦੇ ਪਹਿਲੇ ਭਾਗ ਨੂੰ ਪੜ੍ਹਦਾ ਹੈ ਤਾਂ ਉਹ ਖ਼ੁਦ ਦੇਖ ਸਕਦਾ ਹੈ ਕਿ ਸਾਡੇ ਦੇਸ਼ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਮੌਜੂਦਾ ਨੀਤੀਆਂ ਕਿੰਨੀਆਂ ਉਸ ਸਮੇਂ ਦੇ ਫਾਸ਼ੀਵਾਦ ਨਾਲ ਮਿਲਦੀਆਂ ਹਨ। ਗਿਆਨੀ ਜੀ ਫਾਸ਼ਿਜ਼ਮ ਦੀ ਫਿਲਾਸਫੀ ਦਾ ਨਿਚੋੜ ਕੱਢ ਕੇ ਲਿਖਦੇ ਹਨ

"ਫਾਸ਼ਿਜ਼ਮ ਦੀ ਫਿਲਾਸਫ਼ੀ ਹੈ ਰੂਹਾਨੀਅਤ ਅਤੇ ਧਰਮ ਦਾ ਆਸਰਾ ਲੈ ਕੇ ਆਜ਼ਾਦੀ, ਪੰਚਾਇਤਸ਼ਾਹੀ, ਸਮਾਨਤਾ ਅਤੇ ਸਾਂਝੀਵਾਲਤਾ ਦੇ ਅਸੂਲਾਂ ਦੀ ਵਿਰੋਧਤਾ ਕਰਨੀ, ਫਿਰਕੂ ਅਤੇ ਕੌਮੀ ਜਜ਼ਬੇ ਭੜਕਾ ਕੇ ਦੂਜੇ ਮੁਲਕਾਂ ਅਤੇ ਕੌਮਾਂ ਦੇ ਧੱਕੇ ਤੇ ਵੈਰ ਵਿਰੋਧ ਯਾਦ ਕਰਵਾ ਕੇ ਜਨਤਾ ਨੂੰ ਗੁੰਮਰਾਹ ਕਰਨਾ, ਉਸ ਨੂੰ ਯੁੱਧਾਂ ਜੰਗਾਂ ਵਿੱਚ ਮਰਵਾਉਣਾ ਅਤੇ ਸਰਮਾਏਦਾਰੀ ਤੇ ਗੱਦੀਦਾਰੀ ਦੇ ਨਿਜ਼ਾਮ ਨੂੰ ਕਾਇਮ ਰੱਖਣਾ।" ਕੋਈ ਵੀ ਪਾਠਕ ਆਸਾਨੀ ਨਾਲ ਦੇਖ ਸਕਦਾ ਹੈ ਭਾਰਤ ਵਿੱਚ ਹੁਣ ਇਸੇ ਤਰ੍ਹਾਂ ਹੋ ਰਿਹਾ ਹੈ।

ਚਾਹੇ ਇਹ ਲਿਖਤਾਂ ਸਾਧਾਰਣ ਲੋਕਾਂ ਲਈ ਲਿਖੀਆਂ ਗਈਆਂ ਪਰ ਇਨ੍ਹਾਂ ਵਿਚਲੀ ਜਾਣਕਾਰੀ ਸਤਹੀ ਕਿਸਮ ਦੀ ਨਹੀਂ ਹੈ। ਫਾਸ਼ੀਵਾਦੀ ਵਿਚਾਰਧਾਰਾ ਦੇ ਫਿਲਾਸਫ਼ਰਾਂ ਦੀਆਂ ਬਕਾਇਦਾ ਟੂਕਾਂ ਦੇ ਕੇ ਇਸਦੇ ਲੱਛਣਾਂ ਦੀ ਵਿਆਖਿਆ ਕੀਤੀ ਗਈ ਹੈ। ਜਿਵੇਂ ਇੱਕ ਫਾਸ਼ੀਵਾਦੀ ਫਿਲਾਸਫ਼ਰ ਜੈਂਟਾਈਲ ਦੀ ਪੁਸਤਕ 'ਫਾਸਿਜ਼ਮ ਅਤੇ ਕਲਚਰ' ਵਿੱਚੋਂ ਦਰਜ ਹੈ ਕਿ, 'ਫਾਸਿਜ਼ਮ ਭਾਵਵਾਦੀ, ਰੈਸ਼ਨਲਿਸਟ, ਗੈਰ-ਧਾਰਮਿਕ ਵਿਚਾਰਾਂ ਅਤੇ ਆਜਾਦ ਖਿਆਲੀ (Free thinking) ਦਾ ਕੱਟੜ ਵਿਰੋਧੀ ਹੈ।' ਇਵੇਂ ਹਿਟਲਰ ਦੇ 26 ਜਨਵਰੀ 1936 ਨੂੰ ਵਿਦਿਆਰਥੀਆਂ ਨੂੰ ਕੀਤੇ ਸੰਬੋਧਨ ਦਾ ਹਵਾਲਾ ਦੇ ਕੇ ਤੀਜੀ

ਦੁਨੀਆਂ ਦੇ ਗੁਲਾਮ ਦੇਸ਼ਾਂ ਪ੍ਰਤੀ ਉਸ ਦੀ ਪਹੁੰਚ ਸਪਸ਼ਟ ਕੀਤੀ ਗਈ ਹੈ। ਇਸ ਭਾਸ਼ਨ ਵਿੱਚ ਉਹ ਕਹਿੰਦਾ ਹੈ "ਗੁਲਾਮ ਬਸਤੀਆਂ ਤਲਵਾਰ ਦੇ ਜ਼ੋਰ ਹਾਸਲ ਕੀਤੀਆਂ ਗਈਆਂ ਸਨ। ਯੌਰਪ ਨੂੰ ਕੱਚੇ ਮਾਲ ਅਤੇ ਬਸਤੀਆਂ ਦੀ ਲੋੜ ਹੈ ਅਤੇ ਜੀਵਨ ਦੇ ਬੀਰਤਾ ਭਰੇ ਭਾਵਾਂ ਦੇ ਕਾਰਨ ਗੋਰੀ ਕੌਮ ਦੇ ਭਾਗਾਂ ਵਿੱਚ ਹੀ ਹਕੂਮਤ ਕਰਨਾ ਲਿਖਿਆ ਹੈ।"

ਦੂਜੇ ਪਾਸੇ 'ਸੋਸ਼ਲਿਜ਼ਮ ਕੀ ਹੈ' ਵਿੱਚ ਸਮਾਜਵਾਦ ਦੇ ਲੱਛਣਾਂ ਨੂੰ ਬਹੁਤ ਹੀ ਸੌਖੇ ਨੁਕਤੇ ਬਣਾ ਕੇ ਸਮਝਾਇਆ ਗਿਆ ਹੈ। ਇਹ ਕਿਤਾਬਚਾ ਪਾਠਕ ਨੂੰ ਕਿਵੇਂ ਪ੍ਰਭਾਵਿਤ ਕਰਦਾ ਸੀ ਇਸ ਬਾਰੇ ਭਾਪਾ ਪ੍ਰੀਤਮ ਸਿੰਘ ਆਪਣੀਆਂ ਯਾਦਾਂ ਵਿੱਚ ਜੋ ਕੁਝ ਦੱਸਦੇ ਹਨ ਉਸ ਤੋਂ ਜਾਣਿਆ ਜਾ ਸਕਦਾ ਹੈ। ਵਰਣਨਯੋਗ ਹੈ ਕਿ ਭਾਪਾ ਪ੍ਰੀਤਮ ਸਿੰਘ ਨਵਯੁੱਗ ਪ੍ਰਕਾਸ਼ਨ ਦੇ ਮਾਲਕ ਅਤੇ ਪ੍ਰਸਿੱਧ ਸਾਹਿਤਕ ਮੈਗਜ਼ੀਨ "ਆਰਸੀ" ਦੇ ਸੰਪਾਦਕ ਸਨ। ਉਹ ਆਪਣੇ ਮੁਢਲੇ ਸਮੇਂ ਵਿੱਚ ਗਿਆਨੀ ਹੀਰਾ ਸਿੰਘ ਦਰਦ ਹੋਰਾਂ ਦੀ ਪ੍ਰੈਸ ਵਿੱਚ ਕੰਮ ਕਰਦੇ ਹੁੰਦੇ ਸਨ। ਉਹ ਬਲਦੇਵ ਸਿੰਘ ਨਾਲ ਆਪਣੀ ਮੁਲਾਕਾਤ ਵਿਚ ਕਹਿੰਦੇ ਹਨ– "ਗਿਆਨੀ ਹੀਰਾ ਸਿੰਘ ਨੇ 'ਸੋਸ਼ਲਿਜ਼ਮ ਕੀ ਹੈ' ਦੇ ਨਾਂ ਦਾ ਇੱਕ ਟ੍ਰੈਕਟ ਲਿਖਿਆ। ਜਦੋਂ ਮੈਂ ਇਸ ਨੂੰ ਕੰਪੋਜ਼ ਕੀਤਾ ਤਾਂ ਮੇਰੇ ਮਨ ਉੱਤੇ ਅਜਿਹਾ ਪ੍ਰਭਾਵ ਪਿਆ ਕਿ ਮੇਰੇ ਮਨ ਅੰਦਰਲੀ ਧਾਰਮਿਕਤਾ ਉੱਤੇ ਰਤਾ ਤਰੇੜ ਪੈਣੀ ਸ਼ੁਰੂ ਹੋ ਗਈ। ਗੁਰਬਾਣੀ ਨੂੰ ਮੈਂ ਨਵੇਂ ਸਿਰਿਓਂ ਪੜ੍ਹਨਾ ਵਾਚਨਾ ਸ਼ੁਰੂ ਕੀਤਾ। ਅਰਥ ਬਦਲ ਗਏ, ਬਹੁਤ ਵੱਡੇ ਹੋ ਗਏ।"

ਡਾ. ਹਰਜੀਤ ਸਿੰਘ ਨੇ ਇਹਨਾਂ ਦੋਵਾਂ ਕਿਤਾਬਚਿਆਂ ਨੂੰ ਇਕੱਠਾ ਕਰਕੇ ਇੱਕ ਕਿਤਾਬ ਦੇ ਰੂਪ ਵਿੱਚ ਸੰਪਾਦਿਤ ਕਰਨ ਦਾ ਵਧੀਆ ਕਾਰਜ ਕੀਤਾ ਹੈ। ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਦਾ ਟਕਰਾਅ ਤਾਂ ਲਗਭਗ ਪਿਛਲੇ ਸੌ ਸਾਲ ਤੋਂ ਚਲਦਾ ਆ ਹੀ ਰਿਹਾ ਹੈ ਪਰ ਹੁਣ ਇਸ ਟਕਰਾਅ ਦਾ ਮੈਦਾਨ ਸਾਡਾ ਆਪਣਾ ਦੇਸ਼ ਬਣਿਆ ਹੋਇਆ ਹੈ। ਸੋ ਇਨ੍ਹਾਂ ਦੇ ਬਾਰੇ ਜਾਣਨਾ ਹਰ ਵਿਅਕਤੀ ਲਈ ਜਰੂਰੀ ਬਣ ਗਿਆ ਹੈ ਤਾਂ ਜੋ ਠੀਕ ਗਲਤ ਦੀ ਪਹਿਚਾਣ ਕਰਕੇ ਸਹੀ ਪੱਖ ਦੇ ਹੱਕ ਵਿੱਚ ਖੜ੍ਹਿਆ ਜਾ ਸਕੇ। ਜਿਹੜੇ ਵਿਅਕਤੀ ਇਨ੍ਹਾਂ ਵਿਚਾਰਧਾਰਾਵਾਂ ਬਾਰੇ ਬਹੁਤਾ ਗੂੜ੍ਹ ਸਾਹਿਤ ਨਹੀਂ ਪੜ੍ਹਨਾ ਚਾਹੁੰਦੇ ਉਨ੍ਹਾਂ ਲਈ ਇਹ ਪੁਸਤਕ ਪੜ੍ਹਨੀ ਬਹੁਤ ਹੀ ਜਰੂਰੀ ਹੈ।

ਔਰਤਾਂ ਅੰਗਦਾਨ ਕਰਨ ਵਿੱਚ ਅੱਗੇ, ਮਰਦ ਪ੍ਰਾਪਤ ਕਰਨ ਵਿੱਚ ਅੱਗੇ

"ਟਾਈਮਜ਼ ਆਫ਼ ਇੰਡੀਆ" ਦੀ ਇੱਕ ਰਿਪੋਰਟ ਮੁਤਾਬਿਕ ਜਿਉਂਦੇ ਜੀਅ ਅੰਗਦਾਨ ਕਰਨ ਵਾਲੀਆਂ 80% ਔਰਤਾਂ ਹਨ ਜਦ ਕਿ ਇਹ ਅੰਗ ਲਗਵਾਉਣ ਵਾਲੇ 80% ਮਰਦ ਹਨ। 1995 ਤੋਂ 2021 ਤੱਕ ਦੇ ਅੰਕੜਿਆਂ ਮੁਤਾਬਿਕ ਇਸ ਸਮੇਂ ਦੌਰਾਨ ਭਾਰਤ ਵਿੱਚ ਲਗਭਗ 36640 ਅੰਗ ਬਦਲੀ ਦੇ ਓਪਰੇਸ਼ਨ ਹੋਏ ਜਿਨ੍ਹਾਂ ਵਿੱਚੋਂ ਅੰਗਦਾਨ ਦਾ ਲਾਭ ਉਠਾਉਣ ਵਾਲੇ 29000 ਮਰਦ ਸਨ ਅਤੇ 7640 ਔਰਤਾਂ ਸਨ। ਨੈਸ਼ਨਲ ਆਰਗਨ ਐਂਡ ਟਰਾਂਸਪਲਾਂਟੇਸ਼ਨ ਸੰਸਥਾ ਦੇ ਡਾਇਰੈਕਟਰ ਡਾ. ਅਨਿਲ ਕੁਮਾਰ ਨੇ ਦੱਸਿਆ ਕਿ ਮਰਨ ਉਪਰੰਤ ਸਰੀਰ ਪ੍ਰਦਾਨ ਕਰਨ ਵਾਲਿਆਂ ਵਿੱਚ ਆਦਮੀ ਵਧੇਰੇ ਹਨ ਪਰ ਜਿਉਂਦੇ ਜੀਅ ਅੰਗ ਪ੍ਰਦਾਨ ਕਰਨ ਵਾਲੀਆਂ ਔਰਤਾਂ ਵੱਧ ਹਨ। ਵਰਣਨਯੋਗ ਹੈ ਕਿ ਜਿਗਰ ਜਾਂ ਗੁਰਦੇ ਖਰਾਬ ਹੋਣ ਦੀ ਹਾਲਤ ਵਿੱਚ ਕਿਸੇ ਹੋਰ ਵਿਅਕਤੀ ਤੋਂ ਜਿਗਰ ਦਾ ਇੱਕ ਟੁਕੜਾ ਜਾਂ ਇੱਕ ਗੁਰਦਾ ਲੈ ਕੇ ਲਾਇਆ ਜਾਂਦਾ ਹੈ।

ਇਸ ਅਧਿਐਨ ਦੌਰਾਨ ਔਰਤ ਦਾਨੀਆਂ ਦੀ ਗਿਣਤੀ ਵੱਧ ਹੋਣ ਦਾ ਮੂਲ ਕਾਰਣ ਇਹ ਲੱਭਿਆ ਗਿਆ ਕਿ ਬਹੁਤੇ ਮਾਮਲਿਆਂ ਵਿੱਚ ਘਰ ਦੀ ਕਮਾਈ ਆਦਮੀ ਉੱਤੇ ਨਿਰਭਰ ਕਰਦੀ ਹੈ ਇਸ ਲਈ ਉਹ ਅੰਗਦਾਨ ਲਈ ਕੋਈ ਸਰਜਰੀ ਵਗੈਰਾ ਕਰਵਾਉਣ ਤੋਂ ਝਿਜਕਦੇ ਰਹਿੰਦੇ ਹਨ। ਪੂਨੇ ਮੈਡੀਕਲ ਕਾਲਜ ਤੋਂ ਡਾ. ਮਯੂਰੀ ਬਰਵੇ ਨੇ ਕਿਹਾ ਕਿ ਉਹ ਪਿਛਲੇ 15 ਸਾਲ ਤੋਂ ਇਸ ਖੇਤਰ ਵਿੱਚ ਕੰਮ ਕਰ ਰਹੀ ਹੈ। ਇਸ ਦੌਰਾਨ ਕੇਵਲ ਇੱਕ ਵਾਰ ਹੀ ਅਜਿਹਾ ਹੋਇਆ ਕਿ ਪਤੀ ਨੇ ਆਪਣੀ ਪਤਨੀ ਨੂੰ ਅੰਗਦਾਨ ਕੀਤਾ। ਅਕਸਰ ਪਤਨੀਆਂ, ਮਾਵਾਂ ਅਤੇ ਕਦੇ ਕਦੇ ਪਿਤਾ ਅੰਗਦਾਨ ਕਰਦੇ ਹਨ। ਮਾਪਿਆਂ ਵੱਲੋਂ ਅੰਗਦਾਨ ਕਰਨ ਦੀ ਸਥਿਤੀ ਵਿੱਚ 70% ਇਹ ਕੰਮ ਮਾਵਾਂ ਵੱਲੋਂ ਕੀਤਾ ਜਾਂਦਾ ਹੈ ਜਦ ਕਿ ਪਤੀ ਪਤਨੀ ਵੱਲੋਂ ਇੱਕ ਦੂਜੇ ਨੂੰ ਅੰਗਦਾਨ ਕਰਨ ਵਿੱਚ 90% ਔਰਤਾਂ ਹਨ ਅਤੇ 10% ਮਰਦ।

ਡਾ. ਮਯੂਰੀ ਬਰਵੇ ਅਨੁਸਾਰ, "ਜੇ ਅੰਗ ਪ੍ਰਾਪਤ ਕਰਨ ਵਾਲਾ ਕਮਾਊ ਆਦਮੀ ਹੈ ਤਾਂ ਉਸਦੀ ਪਤਨੀ ਜਾਂ ਮਾਪੇ ਆਪਣਾ ਅੰਗ ਦੇਣਾ ਫਰਜ਼ ਸਮਝਦੇ ਹਨ। ਔਰਤਾਂ ਨੂੰ ਜੇ ਅੰਗ ਦੀ ਲੋੜ ਹੋਵੇ ਤਾਂ ਉਹ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦੀਆਂ ਹਨ ਅਤੇ ਪਰਿਵਾਰ ਤੋਂ ਅੰਗ ਲੈਣ ਨੂੰ ਨਾਂਹ ਵੀ ਕਰ ਦਿੰਦੀਆਂ ਹਨ। ਆਰਥਿਕ ਕਾਰਣਾਂ ਅਤੇ ਸਭਿਆਚਾਰਕ ਪਰੰਪਰਾਵਾਂ ਕਾਰਣ ਔਰਤ ਨੂੰ ਪਰਿਵਾਰ ਦੀ ਦੇਖ ਭਾਲ ਕਰਨ ਦੀ ਜ਼ਿੰਮੇਵਾਰੀ ਲਈ ਤਿਆਰ ਕੀਤਾ ਜਾਂਦਾ ਹੈ। ਇਹੀ ਕਾਰਣ ਹੈ ਕਿ ਔਰਤਾਂ ਅੰਗਦਾਨ ਕਰਨ ਲਈ ਜਲਦੀ ਤਿਆਰ ਹੋ ਜਾਂਦੀਆਂ ਹਨ ਜਦ ਕਿ ਮਰਦ ਜਿਆਦਾ ਗਿਣਤੀ ਵਿੱਚ ਪ੍ਰਾਪਤ ਕਰਤਾ ਹਨ।"

ਕਲ਼ਮ ਦਾ ਧਨੀ: ਸ਼ਹੀਦ ਏ ਆਜ਼ਮ



ਕਲਮ ਦਾ ਧਨੀ ਤਾਂ ਉਹ ਹੈ ਹੀ ਸੀ। ਹਿੰਦੀ, ਉਰਦੂ, ਪੰਜਾਬੀ ਤੇ ਅੰਗਰੇਜ਼ੀ ਵਿੱਚ ਉਸਨੂੰ ਬਰਾਬਰ ਦੀ ਮੁਹਾਰਤ ਹਾਸਲ ਸੀ। ਉਹਨਾਂ ਦਿਨਾਂ ਵਿੱਚ ਕਾਮਰੇਡ ਸੋਹਣ ਸਿੰਘ ਜੋਸ਼ ਅੰਮ੍ਰਿਤਸਰ ਤੋਂ ਗੁਰਮੁਖੀ ਅਤੇ ਉਰਦੂ ਵਿੱਚ ਇੱਕ ਮਹੀਨਾਵਾਰ ਰਸਾਲਾ 'ਕਿਰਤੀ' ਕੱਢਦੇ ਸਨ। ਭਗਤ ਸਿੰਘ ਉਸ ਵਿੱਚ ਲਗਾਤਾਰ ਲਿਖਦਾ ਸੀ। ਵੱਖੋ ਵੱਖਰੇ ਨਾਵਾਂ ਹੇਠ ਇਨਕਲਾਬੀ ਸ਼ਹੀਦਾਂ ਦੀਆਂ ਜੋ ਜੀਵਨੀਆਂ ਛਪੀਆਂ, ਉਹ ਭਗਤ ਸਿੰਘ ਦੀ ਕਲਮ ਦੀ ਹੀ ਦੇਣ ਸਨ। ਹਿੰਦੀ ਵਿੱਚ ਉਸਨੇ ਖਾਸ ਕਰਕੇ 'ਪ੍ਰਤਾਪ' ਅਤੇ 'ਪ੍ਰਭਾ' (ਕਾਨਪੁਰ), 'ਮਹਾਂਰਥੀ' (ਦਿੱਲੀ) ਅਤੇ 'ਚਾਂਦ' (ਇਲਾਹਾਬਾਦ) ਵਿੱਚ ਵੀ ਲਿਖਿਆ। ਅੰਗਰੇਜ਼ੀ ਵਿੱਚ ਲਿਖੇ ਉਸਦੇ ਲੇਖ, ਅਦਾਲਤ ਵਿੱਚ ਦਿੱਤੇ ਉਸਦੇ ਬਿਆਨ, ਚਿੱਠੀਆਂ ਅਤੇ ਪਰਚੇ ਆਦਿ ਉਸਦੀ ਵਿਲੱਖਣ ਸ਼ੈਲੀ ਦਾ ਪ੍ਰਮਾਣ ਹਨ। ਨੌਜਵਾਨ ਭਾਰਤ ਸਭਾ ਦੇ ਐਲਾਨਨਾਮੇ ਦਾ ਅੰਗਰੇਜ਼ੀ ਅਨੁਵਾਦ ਭਗਵਤੀ ਚਰਨ ਨੇ ਭਗਤ ਸਿੰਘ ਨਾਲ਼ ਮਿਲ ਕੇ 1928 ਵਿੱਚ ਤਿਆਰ ਕੀਤਾ। ਭਾਸ਼ਾ, ਸ਼ੈਲੀ ਅਤੇ ਦੇਸ਼ ਦੇ ਉਸ ਸਮੇਂ ਦੇ ਰਾਜਨੀਤਿਕ ਪੱਧਰ ਨੂੰ ਵੇਖਦੇ ਹੋਏ, ਵਿਚਾਰਾਂ ਦੀ ਪ੍ਰਪੱਕਤਾ ਦੇ ਪੱਖੋਂ ਅੱਜ ਵੀ ਇਸਦਾ ਇਤਿਹਾਸਕ ਮਹੱਤਵ ਹੈ। ਅਸੈਂਬਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਫੜ੍ਹੇ ਜਾਣ 'ਤੇ ਉਸਨੇ ਅਦਾਲਤ ਵਿੱਚ ਜੋ ਬਿਆਨ ਦਿੱਤਾ ਉਹ ਤਾਂ ਉਸ ਸਮੇਂ ਇੱਕ ਅੰਤਰਰਾਸ਼ਟਰੀ ਪੱਧਰ ਦਾ ਦਸਤਾਵੇਜ਼ ਬਣ ਗਿਆ ਸੀ।

ਉਸਨੂੰ ਲਿਖਣ ਦਾ ਬੇਹੱਦ ਸ਼ੌਂਕ ਸੀ। ਉਹ ਜਦੋਂ ਵੀ ਕਾਨਪੁਰ ਆਉਂਦਾ ਤਾਂ ਆਪਣੇ ਨਾਲ ਦੋ ਚਾਰ ਕਿਤਾਬਾਂ ਜਰੂਰ ਲੈ ਕੇ ਆਉਂਦਾ। ਬਾਅਦ ਵਿੱਚ ਫ਼ਰਾਰ ਜੀਵਨ ਦੌਰਾਨ ਜਦੋਂ ਉਸ ਨਾਲ ਰਹਿਣ ਦਾ ਮੌਕਾ ਮਿਲਿਆ ਤਾਂ ਵੇਖਿਆ ਕਿ ਪਿਸਤੌਲ ਤੇ ਕਿਤਾਬ ਨਾਲ ਉਸਦਾ ਚੌਵੀ ਘੰਟਿਆਂ ਦਾ ਸਾਥ ਸੀ। ਮੈਨੂੰ ਇੱਕ ਵੀ ਅਜਿਹਾ ਮੌਕਾ ਯਾਦ ਨਹੀਂ ਜਦੋਂ ਮੈਂ ਉਸ ਕੋਲ ਕੋਈ ਨਾ ਕੋਈ ਕਿਤਾਬ ਨਾ ਵੇਖੀ ਹੋਵੇ।

ਸੁਹਿਰਦ ਇਨਕਲਾਬੀ ਸੁਖਦੇਵ



ਭਗਤ ਸਿੰਘ ਦੇ ਮੁਕਾਬਲੇ ਸੁਖਦੇਵ ਘੱਟ ਪੜ੍ਹਦਾ ਲਿਖਦਾ ਸੀ ਪ੍ਰੰਤੂ ਉਸਦੀ ਯਾਦ ਸ਼ਕਤੀ ਬਹੁਤ ਤੇਜ਼ ਸੀ। ਆਮ ਤੌਰ 'ਤੇ ਫਿਲਾਸਫੀ ਜਾਂ ਸਿਧਾਂਤ ਦੀਆਂ ਜਿਹੜੀਆਂ ਕਿਤਾਬਾਂ ਨੂੰ ਦੂਸਰੇ ਸਾਥੀ ਹਫ਼ਤਿਆਂ ਵਿੱਚ ਪੜ੍ਹ ਪਾਉਂਦੇ ਸੀ, ਸੁਖਦੇਵ ਉਨ੍ਹਾਂ ਨੂੰ ਦੋ ਦਿਨਾਂ ਵਿੱਚ ਹੀ ਪੜ੍ਹ ਲੈਂਦਾ ਸੀ। ਉਸ ਨੇ ਕਦੇ ਵੀ ਨੋਟਿਸ ਨਹੀਂ ਸਨ ਬਣਾਏ, ਫਿਰ ਵੀ ਸਰਸਰੀ ਪੜ੍ਹੀਆਂ ਕਿਤਾਬਾਂ ਵਿੱਚੋਂ ਉਸ ਕੋਲ਼ੋਂ ਵਿਸਥਾਰ ਵਿੱਚ ਉਦਾਹਰਣਾਂ ਮਹੀਨਿਆਂ ਬਾਅਦ ਵੀ ਪੁੱਛੀਆਂ ਜਾ ਸਕਦੀਆਂ ਸਨ। ਜੇਲ੍ਹ ਵਿਚਲੇ ਸਾਥੀਆਂ ਵਿੱਚੋਂ ਭਗਤ ਸਿੰਘ ਤੋਂ ਬਾਅਦ ਸਮਾਜਵਾਦ ਉੱਪਰ ਜੇਕਰ ਕਿਸੇ ਨੇ ਸਭ ਤੋਂ ਜਿਆਦਾ ਅਧਿਐਨ ਕੀਤਾ ਸੀ ਤਾਂ ਉਹ ਸੁਖਦੇਵ ਸੀ। ਉਸਨੂੰ ਇਨਕਲਾਬੀਆਂ ਦੇ ਨਿਸ਼ਾਨੇ ਦੀ ਸਫਲਤਾ ਉੱਪਰ ਜਿਨ੍ਹਾਂ ਅਡੋਲ ਵਿਸ਼ਵਾਸ ਸੀ ਉਸਦਾ ਪ੍ਰਮਾਣ ਫਾਂਸੀ ਤੋਂ ਕੁਝ ਦਿਨ ਪਹਿਲਾਂ ਉਸ ਵੱਲੋਂ ਗਾਂਧੀ ਜੀ ਦੇ ਨਾਂ ਲਿਖੀ ਉਸਦੀ ਚਿੱਠੀ ਤੋਂ ਮਿਲਦਾ ਹੈ।

ਇਨਕਲਾਬੀਆਂ ਦਾ ਨਿਸ਼ਾਨਾ ਇਸ ਦੇਸ਼ ਵਿੱਚ ਸਮਾਜਵਾਦੀ ਜਮਹੂਰੀ ਪ੍ਰਬੰਧ ਸਥਾਪਤ ਕਰਨਾ ਹੈ। ਇਸ ਨਿਸ਼ਾਨੇ ਵਿੱਚ ਤਬਦੀਲੀ ਦੀ ਜ਼ਰਾ ਜਿੰਨੀ ਵੀ ਗੁੰਜਾਇਸ਼ ਨਹੀਂ ਹੈ। ਮੇਰਾ ਖਿਆਲ ਹੈ ਕਿ ਤੁਹਾਡੀ ਇਹ ਧਾਰਨਾ ਨਹੀਂ ਹੋਵੇਗੀ ਕਿ ਇਨਕਲਾਬੀ ਤਰਕਹੀਣ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਰਫ਼ ਵਿਨਾਸ਼ਕਾਰੀ ਕੰਮਾਂ ਵਿੱਚ ਹੀ ਆਨੰਦ ਆਉਂਦਾ ਹੈ। ਅਸੀਂ ਤੁਹਾਨੂੰ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲ ਵਿੱਚ ਗੱਲ ਇਸ ਤੋਂ ਐਨ ਉਲਟ ਹੈ। ਉਹ ਹਰ ਇੱਕ ਕਦਮ ਅੱਗੇ ਵਧਾਉਣ ਤੋਂ ਪਹਿਲਾਂ ਆਪਣੇ ਆਲੇ ਦੁਆਲੇ ਦੇ ਹਾਲਾਤ ਉੱਪਰ ਵਿਚਾਰ ਕਰਦੇ ਹਨ। ਉਨ੍ਹਾਂ ਨੂੰ ਹਰ ਵੇਲ਼ੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਬਣਿਆ ਰਹਿੰਦਾ ਹੈ।.... ਉਹ ਦਿਨ ਦੂਰ ਨਹੀਂ ਜਦੋਂ ਉਨ੍ਹਾਂ (ਇਨਕਲਾਬੀਆਂ) ਦੀ ਅਗਵਾਈ ਵਿੱਚ ਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਸਮਾਜਵਾਦੀ ਜਮਹੂਰੀਅਤ ਦੇ ਨਿਸ਼ਾਨੇ ਵੱਲ ਵਧਦੀ ਦਿਖਾਈ ਦੇਵੇਗੀ।

ਸ਼ਿਵ ਵਰਮਾ (ਸ਼ਹੀਦਾਂ ਦੇ ਅੰਗ ਸੰਗ)

ਹਨੇਰੇ ਰਾਹ ਹਯਾਤੀ ਦੇ ਸਦਾ ਉਜਿਆਲਦੇ ਰਹਿਣਾ। ... ਮਹਿੰਦਰ ਸਾਥੀ

ਅਸ਼ਫ਼ਾਕ ਉੱਲਾ ਖਾਂ ਦਾ ਇੱਕ ਖ਼ਤ

"ਤੁਹਾਨੂੰ ਪਤਾ ਹੈ ਕਿ ਮੇਰੇ ਕੋਲ ਫੁੱਟੀ ਕੌਡੀ ਵੀ ਨਹੀਂ ਜਿਸ ਨਾਲ਼ ਮੈਂ ਕੰਮ ਚਲਾ ਸਕਾਂ। ਨੌਕਰੀ ਦਾ ਅਰਥ ਹੈ ਕਿ ਮੈਂ ਅਪਣੀਆਂ ਭਾਵਨਾਵਾਂ ਦਾ ਖਣਨ ਕਰ ਦੇਵਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਅਜ਼ਾਦ ਜ਼ਿੰਦਗੀ ਜਿਉਣਾ ਚਾਹੁੰਦਾ ਹਾਂ। ਮੈਂ ਤਾਂ ਅਜ਼ਾਦੀ ਦਾ ਆਸ਼ਕ ਹਾਂ ਤੇ ਉਸਦੀ ਇੱਕ ਝਲਕ ਵੇਖਣ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਸਕਦਾ ਹਾਂ। ਗੁਲਾਮੀ ਦੀ ਮਾਲਾ ਚਾਹੇ ਕਿਸੇ ਵੀ ਤਰ੍ਹਾਂ ਦੀ ਹੋਵੇ ਮੈਂ ਅਪਣੇ ਗਲੇ 'ਚ ਪਹਿਨਣਾ ਨਹੀਂ ਚਾਹੁੰਦਾ। ਗੁਲਾਮੀ ਦਾ ਮਨ 'ਚ ਵਿਚਾਰ ਆਂਉਦਿਆਂ ਹੀ ਮੈਂ ਘੰਟਿਆਂ ਬੱਧੀ ਰੋਂਦਾ ਰਹਿੰਦਾ ਹਾਂ। ਪਰ ਰਿਸ਼ਤੇਦਾਰਾਂ ਦੀ ਇੱਛਾ ਹੈ ਕਿ ਮੈਂ ਨੌਕਰੀ ਕਰ ਲਵਾਂ ਤੇ ਅਪਣੀ ਬਿਰਧ ਮਾਂ ਦੀ ਸੇਵਾ ਕਰਾਂ। ਗੱਲ ਕਾਫੀ ਹੱਦ ਤੱਕ ਠੀਕ ਵੀ ਹੈ, ਪਰ ਫਿਰ ਮੈਨੂੰ ਦੇਸ਼ ਦੀਆਂ ਮਾਵਾਂ ਦਾ ਖਿਆਲ ਆਉਂਦਾ ਹੈ।



ਜੇ ਮੈਂ ਅੱਜ ਭੋਪਾਲ 'ਚ ਨੌਕਰੀ ਕਰਨੀ ਚਾਹਾਂ ਤਾਂ ਸਰ ਅਸਰਾਰ ਹਸਨ ਖਾਨ ਮੈਨੂੰ ਕੋਈ ਨਾ ਕੋਈ ਨੌਕਰੀ ਦਿਵਾ ਦੇਣਗੇ। ਮੇਰੇ ਭਰਾ ਨੇ ਮੈਨੂੰ ਉਹਨਾਂ ਨੂੰ ਮਿਲਣ ਲਈ ਕਿਹਾ ਤੇ ਉਹਨਾਂ ਦੀ ਸਿਫਾਰਸ਼ ਨਾਲ਼ ਮੈਨੂੰ ਫੌਜ 'ਚ ਸੂਬੇਦਾਰੀ ਤੁਰੰਤ ਮਿਲ ਜਾਵੇਗੀ ਪਰ ਇਸ ਨਾਲ਼ ਮੇਰੀਆਂ ਸਾਰੀਆਂ ਯੋਜਨਾਵਾਂ 'ਤੇ ਪਾਣੀ ਫਿਰ ਜਾਵੇਗਾ। ਮੈਂ ਸਿਰਫ਼ ਇਸ ਲਈ ਤਾਂ ਆਪਣੇ ਜੀਵਨ ਨੂੰ ਪਿਆਰ ਨਹੀਂ ਕਰਦਾ ਕਿ ਖੂਬ ਰੁਪਏ ਕਮਾਵਾਂ ਤੇ ਮੌਜਾਂ ਕਰਾਂ, ਸਗੋਂ ਮੈਂ ਤਾਂ ਇਸ ਲਈ ਜਿਉਂਦਾਂ ਰਹਿਣਾ ਚਾਹੁੰਦਾ ਹਾਂ ਕਿ ਮਾਤ ਭੂਮੀ ਲਈ ਅਜ਼ਾਦੀ ਪ੍ਰਾਪਤ ਕਰ ਸਕਾਂ। ਮੈਂ ਵੱਡੇ ਤੋਂ ਵੱਡੇ ਖ਼ਤਰੇ ਦੀ ਵੀ ਕੋਈ ਚਿੰਤਾ ਨਹੀਂ ਕਰਦਾ ਤੇ ਨਾ ਮੈਨੂੰ ਇਸ ਗੱਲ ਦਾ ਫਿਕਰ ਹੈ ਕਿ ਦੁਨੀਆ ਮੈਨੂੰ ਦੀਵਾਨਾ ਜਾ ਪਾਗਲ ਕਹਿੰਦੀ ਹੈ। ਇਹ ਮੇਰਾ ਵਿਸ਼ਵਾਸ ਹੈ ਕਿ ਮੈਂ ਇਸ ਲਈ ਹੀ ਜੀਵਾਂਗਾ ਤੇ ਇਸ ਲਈ ਹੀ ਮਰਾਂਗਾ।"

ਅਮੋਲਕ ਸਿੰਘ


ਸ਼ਾਹ ਅਸਵਾਰ

ਕਿਸਮਤ, ਕਰਮਾਂ ਦੀ ਛਾਂ ਹੇਠ ਗੂੜ੍ਹੀ ਨੀਂਦ ਸੁੱਤੇ ਲੋਕ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ। ਸੁੱਖਣਾਂ, ਅਰਦਾਸਾਂ ਵਿਚੋਂ ਸਫਲਤਾ ਤੇ ਖ਼ੁਸ਼ੀਆਂ ਭਾਲਦੇ। ਦੂਜੇ ਬੰਨੇ ਲੋਕਾਂ ਨੂੰ ਜਗਾਉਂਦੇ ਤਰਕਸ਼ੀਲ ਕਾਮੇ; ਨਾਟਕਾਂ, ਗੀਤਾਂ ਤੇ ਪੁਸਤਕਾਂ ਨਾਲ ਚੇਤਨਾ ਦਾ ਚਾਨਣ ਬਿਖੇਰਦੇ। ਜ਼ਿੰਦਗੀ ਦੇ ਸਾਊ ਪੁੱਤ ਜਾਪਦੇ। ਲੇਖਕ, ਕਲਾਕਾਰ ਤੇ ਰੰਗਕਰਮੀ ਚਾਨਣ ਦੇ ਰਾਹ ਦੀ ਪੈੜ ਬਣਦੇ। ਜ਼ਿੰਦਗੀ ਸਿਰ ਉਠਾ ਕੇ ਤੁਰਦੀ। ਦਿਨ ਰਾਤ ਹੱਕਾਂ ਹਿਤਾਂ ਦੀ ਜਾਗ ਲਾਉਂਦੇ। ਕਿਰਤੀ, ਕਾਮਿਆਂ ਨੂੰ ਜਗਾਉਂਦੇ। ਅਨਿਆਂ ਖ਼ਿਲਾਫ਼ ਸੰਘਰਸ਼ਾਂ ਦੇ ਰਾਹ ਤੁਰਦੇ। ਭਗਤ, ਸਰਾਭੇ ਤੇ ਗ਼ਦਰੀ ਬਾਬਿਆਂ ਦੀ ਵਿਰਾਸਤ 'ਤੇ ਪਹਿਰਾ ਦਿੰਦੇ। ਜ਼ਿੰਦਗੀ ਆਪਣੇ ਅਜਿਹੇ ਸਰਵਣ ਪੁੱਤਰ ਧੀਆਂ 'ਤੇ ਰਸ਼ਕ ਕਰਦੀ।

ਨਿੱਤ ਨਵੇਂ ਉਤਸ਼ਾਹ ਨਾਲ ਮੰਜ਼ਿਲ ਦਾ ਰਾਹ ਫੜਦੇ। ਔਕੜਾਂ ਵਿਚ ਵੀ ਆਸਾਂ ਦੇ ਦੀਵੇ ਜਗਾ ਕੇ ਰੱਖਦੇ। ਹਰ ਪਹੁ ਫੁਟਾਲਾ ਉਨ੍ਹਾਂ ਲਈ ਨਵੀਆਂ ਉਮੰਗਾਂ ਦਾ ਪ੍ਰਤੀਕ ਹੁੰਦਾ। ਹਮੇਸ਼ਾ ਕੁਝ ਨਵਾਂ, ਅਨੂਠਾ ਕਰਨ ਲਈ ਤਤਪਰ ਰਹਿੰਦੇ। ਅਜਿਹੇ ਸਾਹਸੀ, ਸਿਦਕਵਾਨ, ਸੱਚੇ, ਸਮਰਪਿਤ, ਸੁਘੜ-ਸਿਆਣੇ, ਸਿਰੜੀ ਤੇ ਸਾਝਾਂ ਪਾਲਣ ਵਾਲੇ ਮਨੁੱਖ ਜ਼ਿੰਦਗੀ ਦੇ ਸ਼ਾਹ ਅਸਵਾਰ ਅਖਵਾਉਂਦੇ ਜਿਨ੍ਹਾਂ ਦੀਆਂ ਪੈੜਾਂ ਉਜਲੇ ਭਵਿੱਖ ਦੇ ਰਾਹਾਂ ਦੀ ਰੌਸ਼ਨੀ ਬਣਦੀਆਂ ਹਨ।

ਆਜ਼ਾਦੀ

ਮੈਂ ਜੱਗੂ ਤੋਂ ਸੁਣਿਆਂ, ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸ ਦੇ, ਉਦਾਲੇ , ਖੜ੍ਹੀ ਸੀ।
ਬਿਰਲੇ ਦੇ ਘਰ ਵਲ , ਅਗਾੜ੍ਹੀ ਸੀ ਉਸ ਦੀ
ਤੇ ਲੋਕਾਂ ਦੇ ਮੂੰਹ ਵੱਲ,ਪਛਾੜ੍ਹੀ ਸੀ ਉਸਦੀ।



ਆਈ ਨੂੰ ਭਾਵੇਂ, 76 ਸਾਲ ਬੀਤੇ,
ਅਜੇ ਤੱਕ ਉਸਦੇ ਦਰਸ਼ਨ ਨੀਂ ਕੀਤੇ।
ਦਿੱਲੀ 'ਚ ਆਉਂਦੀ ਹੈ, ਸਰਦੀ ਦੀ ਰੁੱਤੇ,
ਤੇ ਹਾੜ੍ਹਾਂ ਨੂੰ ਰਹਿੰਦੀ, ਪਹਾੜਾਂ ਦੇ ਉੱਤੇ।

ਗੁਰਦਾਸ ਰਾਮ ਆਲਮ

'ਦੇਵਤੇ' ਨੂੰ ਖ਼ੁਸ਼ ਕਰਨ ਦੇ ਨਾਮ 'ਤੇ ਚਾਰ ਦਲਿਤ ਔਰਤਾਂ ਨਾਲ ਬਲਾਤਕਾਰ: ਰਾਜਸਥਾਨ ਦੇ ਬੂੰਦੀ ਵਿੱਚ ਇੱਕ ਢੌਂਗੀ ਬਾਬੇ ਵੱਲੋਂ 'ਦੇਵਤੇ' ਨੂੰ ਖ਼ੁਸ਼ ਕਰਨ ਦੇ ਨਾਮ 'ਤੇ ਚਾਰ ਦਲਿਤ ਔਰਤਾਂ ਨਾਲ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਢੌਂਗੀ ਨੇ ਇਨ੍ਹਾਂ ਔਰਤਾਂ ਦੀ ਇੱਕ ਅਸ਼ਲੀਲ ਵੀਡਿਓ ਵੀ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਹੈ। ਪੀੜਤ ਔਰਤਾਂ ਨੇ ਹੁਣ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਇਹਨਾਂ ਔਰਤਾਂ ਦੀ ਮੁਲਾਕਾਤ ਇਸ ਢੌਂਗੀ ਨਾਲ 10 ਮਹੀਨੇ ਪਹਿਲਾਂ ਮਜ਼ਦੂਰੀ ਕਰਨ ਸਮੇਂ ਹੋਈ ਸੀ। ਢੌਂਗੀ ਨੇ ਆਪਣੇ ਵਿੱਚ 'ਦੇਵਤੇ' ਦੇ ਆਉਣ ਦਾ ਦਾਅਵਾ ਕੀਤਾ। ਦੇਵਤੇ ਦੇ ਖ਼ੁਸ਼ ਹੋਣ 'ਤੇ ਇਨ੍ਹਾਂ ਔਰਤਾਂ ਦੇ ਪੈਸਿਆਂ ਨੂੰ ਦੁੱਗਣੇ ਕਰਨ ਅਤੇ ਇੱਕ ਪੁੱਤਰ ਹੀਣ ਔਰਤ ਨੂੰ ਪੁੱਤਰ ਦੇਣ ਦਾ ਝਾਂਸਾ ਦੇ ਕੇ ਇਨ੍ਹਾਂ ਨਾਲ ਵਾਰੀ-ਵਾਰੀ ਬਲਾਤਕਾਰ ਕੀਤਾ। ਔਰਤਾਂ ਨੇ ਕਿਹਾ ਕਿ ਇਸ ਢੌਂਗੀ ਨੇ ਆਪਣੇ ਨਾਲ ਦੇ ਚਾਰ ਹੋਰ ਮਰਦਾਂ ਤੋਂ ਇਨ੍ਹਾਂ ਦੀ ਅਸ਼ਲੀਲ ਵੀਡਿਓ ਵੀ ਬਣਵਾਈ। ਬਾਅਦ ਵਿੱਚ ਇਸ ਵੀਡਿਓ ਦੀ ਆੜ ਵਿੱਚ ਬਲੈਕਮੇਲ ਕਰਕੇ ਉਹਨਾਂ ਨੇ ਵੀ ਔਰਤਾਂ ਦਾ ਯੌਨ ਸ਼ੋਸ਼ਣ ਕੀਤਾ। ਜਦ ਔਰਤਾਂ ਨੇ ਉੱਥੇ ਜਾਣਾ ਬੰਦ ਕਰ ਦਿੱਤਾ ਤਾਂ ਉਹਨਾਂ ਨੇ ਇਹ ਵੀਡਿਓ ਵਾਇਰਲ ਕਰ ਦਿੱਤੀ। ਪੈਸੇ ਦੁੱਗਣੇ ਕਰਨ ਦੇ ਨਾਮ 'ਤੇ ਢੌਂਗੀ ਨੇ ਉਹਨਾਂ ਤੋਂ ਤਿੰਨ ਲੱਖ ਰੁਪਏ ਵੀ ਹੜੱਪ ਲਏ।

ਕਲਵਾਣੂ ਨੇੜੇ ਨਹਿਰ 'ਚ ਨਾਰੀਅਲ ਤਾਰਦਿਆਂ ਔਰਤ ਬੱਚੇ ਸਣੇ ਰੁੜ੍ਹੀ : ਸਮਾਣਾ ਨੇੜਲੇ ਪਿੰਡ ਕਲਵਾਣੂ ਨੇੜੇ ਭਾਖੜਾ ਨਹਿਰ 'ਚ ਨਾਰੀਅਲ ਤਾਰਨ ਮੌਕੇ ਪੈਰ ਤਿਲਕਣ ਕਾਰਨ ਇੱਕ ਔਰਤ ਆਪਣੇ ਡੇਢ ਸਾਲ ਦੇ ਬੱਚੇ ਸਣੇ ਨਹਿਰ ਵਿੱਚ ਰੁੜ੍ਹ ਗਈ। ਸੂਚਨਾ ਮਿਲਣ 'ਤੇ ਪੁਲੀਸ ਨੇ ਔਰਤ ਦੀ ਲਾਸ਼ ਨਹਿਰ 'ਚੋਂ ਬਰਾਮਦ ਕਰ ਲਈ ਪਰ ਬੱਚੇ ਦੀ ਭਾਲ ਅਜੇ ਜਾਰੀ ਹੈ। ਮ੍ਰਿਤਕ ਔਰਤ ਦੀ ਪਛਾਣ ਗੁਰਪ੍ਰੀਤ ਕੌਰ (30) ਵਜੋਂ ਹੋਈ ਹੈ। ਪਿੰਡ ਜਣੇਤਪੁਰ, ਕੈਥਲ ਦਾ ਸ਼ੌਕੀਨ ਸਿੰਘ ਆਪਣੀ ਪਤਨੀ ਗੁਰਪ੍ਰੀਤ ਕੌਰ ਅਤੇ ਦੋ ਬੱਚਿਆਂ ਨਿਸ਼ਾਨ ਸਿੰਘ (4) ਅਤੇ ਗੁਰਨਾਜ਼ ਸਿੰਘ (ਡੇਢ ਸਾਲ) ਨਾਲ ਹਰਮੰਦਿਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ ਕਿ ਰਸਤੇ ਵਿੱਚ ਪਿੰਡ ਕਲਵਾਣੂ ਨੇੜੇ ਇਹ ਹਾਦਸਾ ਵਾਪਰ ਗਿਆ। ਸ਼ੌਕੀਨ ਸਿੰਘ ਦੇ ਪਿਤਾ ਅਮਰੀਕ ਸਿੰਘ ਵਾਸੀ ਦਫ਼ਤਰੀਵਾਲਾ ਨੇ ਪੁਲੀਸ ਨੂੰ ਦੱਸਿਆ ਕਿ ਉਹ ਪਿੰਡ ਕਲਵਾਣੂ ਨੇੜੇ ਭਾਖੜਾ ਨਹਿਰ 'ਚ ਨਾਰੀਅਲ ਤਾਰਨ ਲਈ ਰੁਕੇ। ਇਸ ਦੌਰਾਨ ਗੁਰਪ੍ਰੀਤ ਕੌਰ ਦਾ ਪੈਰ ਤਿਲਕ ਗਿਆ ਜਿਸ ਕਾਰਨ ਉਹ ਤੇ ਉਸ ਦਾ ਛੋਟਾ ਲੜਕਾ ਗੁਰਨਾਜ਼ ਸਿੰਘ ਨਹਿਰ ਵਿੱਚ ਰੁੜ੍ਹ ਗਏ।

(ਪੰਜਾਬੀ ਟ੍ਰਿਬਿਊਨ-16-01-2024)

ਸ਼ਰਾਬ ਪਾਰਟੀ ਨੂੰ ਲੈ ਕੇ ਸਾਧਾਂ ਵਿੱਚ ਚਾਕੂ ਚਿਮਟੇ ਚੱਲੇ

ਸੀਕਰ (ਰਾਜਸਥਾਨ) ਦੇ ਰੇਲਵੇ ਸਟੇਸ਼ਨ 'ਤੇ ਸ਼ਾਮ ਸਮੇਂ ਸਾਧਾਂ ਦੇ ਦੋ ਗੁੱਟਾਂ ਵਿੱਚ ਸ਼ਰਾਬ ਪਾਰਟੀ ਨੂੰ ਲੈ ਕੇ ਵਿਵਾਦ ਹੋ ਗਿਆ। ਉਹ ਨੇੜਲੇ ਇੱਕ 'ਧਾਮ' ਤੋਂ ਭੰਡਾਰੇ ਵਿੱਚ ਸ਼ਾਮਲ ਹੋ ਕੇ ਰੇਲਵੇ ਸਟੇਸ਼ਨ 'ਤੇ ਪਹੁੰਚੇ ਸਨ। ਵਿਵਾਦ ਵਿੱਚ ਇੱਕ ਪੱਖ ਨੇ ਦੂਜੇ 'ਤੇ ਚਾਕੂ ਅਤੇ ਚਿਮਟੇ ਨਾਲ ਹਮਲਾ ਕਰ ਦਿੱਤਾ। ਇੱਕ ਸਾਧੂ ਦਾ ਕੰਨ ਕੱਟਿਆ ਗਿਆ। ਦੂਜੇ ਦੇ ਸਿਰ 'ਤੇ ਸੱਟ ਵੱਜੀ।

ਵਸ਼ੀਕਰਨ ਦੇ ਢੌਂਗ ਰਾਹੀਂ ਮਾਂ-ਧੀ ਦਾ ਕਤਲ ਕਰਨ ਵਾਲਾ ਜੋਤਸ਼ੀ ਕਾਬੂ: ਢੌਂਗੀ ਜੋਤਸ਼ੀ ਆਖ਼ਰ 18 ਸਾਲਾਂ ਬਾਅਦ ਜ਼ਿਲ੍ਹਾ ਪੁਲੀਸ ਦੇ ਅੜਿੱਕੇ ਚੜ੍ਹ ਗਿਆ ਹੈ। ਪੁਲੀਸ ਨੇ ਇਸ ਮੁਲਜ਼ਮ ਦਾ ਖੁਰਾ ਖੋਜ ਲੱਭ ਕੇ ਇਸ ਨੂੰ ਅੰਬਾਲਾ ਤੋਂ ਕਾਬੂ ਕੀਤਾ ਹੈ ਜਿਸ ਦਾ ਨਾਂ ਸੁਨੀਲ ਕੁਮਾਰ ਦੱਸਿਆ ਜਾ ਰਿਹਾ ਹੈ ਜੋ ਰਾਜਸਥਾਨ ਦੇ ਕੋਟ ਉਦੇਪੁਰ ਦਾ ਰਹਿਣ ਵਾਲਾ ਹੈ। ਮੁਲਜ਼ਮ 'ਤੇ ਪਠਾਨਕੋਟ ਦੇ ਮੁਹੱਲਾ ਸ਼ਾਸਤਰੀ ਨਗਰ ਵਿੱਚ ਕਿਰਾਏ ਉੱਤੇ ਰਹਿੰਦੀ ਔਰਤ ਸਰਿਤਾ ਅਤੇ ਉਸ ਦੀ ਸੱਤਵੀਂ ਕਲਾਸ 'ਚ ਪੜ੍ਹਦੀ ਧੀ ਮਹਿਕ ਦੀ ਹੱਤਿਆ ਕਰਨ ਦਾ ਦੋਸ਼ ਹੈ ਜਿਸ ਖ਼ਿਲਾਫ਼ 16 ਮਾਰਚ 2005 ਨੂੰ ਧਾਰਾ 302, 212, 216 ਤੇ 34 ਤਹਿਤ ਪਠਾਨਕੋਟ ਦੇ ਥਾਣਾ ਡਿਵੀਜ਼ਨ ਨੰਬਰ 1 ਵਿੱਚ ਕੇਸ ਦਰਜ ਹੈ। ਸੁਨੀਲ ਕੁਮਾਰ ਖ਼ੁਦ ਨੂੰ ਇੱਕ ਜੋਤਸ਼ੀ ਦੱਸਦਾ ਸੀ ਅਤੇ ਇਸ ਦੀ ਆੜ ਹੇਠ ਭੋਲੇ-ਭਾਲ਼ੇ ਲੋਕਾਂ ਨੂੰ ਆਪਣੇ ਪਿੱਛੇ ਲਾ ਕੇ ਉਨ੍ਹਾਂ ਦੀ ਲੁੱਟ ਕਰਦਾ ਸੀ। ਮੁਲਜ਼ਮ ਸਾਲ 2005 ਵਿੱਚ ਰਾਮਲੀਲ੍ਹਾ ਗਰਾਊਂਡ ਵਿੱਚ ਇੱਕ ਹੋਟਲ 'ਚ ਕਮਰਾ ਕਿਰਾਏ 'ਤੇ ਲੈ ਕੇ ਰਹਿੰਦਾ ਸੀ। ਇਸੇ ਦੌਰਾਨ ਪਠਾਨਕੋਟ ਦੇ ਮੁਹੱਲਾ ਸ਼ਾਸਤਰੀ ਨਗਰ ਵਿੱਚ ਰਹਿੰਦੀ ਸਰਿਤਾ ਨਾਂ ਦੀ ਔਰਤ ਇਸ ਦੇ ਸੰਪਰਕ ਵਿੱਚ ਆ ਗਈ। ਉਸ ਦਾ ਪਤੀ ਸੁਭਾਸ਼ ਸਿੰਘ 5-6 ਸਾਲਾਂ ਤੋਂ ਵਿਦੇਸ਼ (ਗਰੀਸ) ਵਿੱਚ ਰਹਿ ਰਿਹਾ ਸੀ ਜਿਸ ਦੇ ਭਾਰਤ ਨਾ ਆਉਣ ਕਾਰਨ ਉਹ ਕਾਫ਼ੀ ਨਿਰਾਸ਼ ਸੀ। ਸੁਨੀਲ ਕੁਮਾਰ ਨੇ ਸਰਿਤਾ ਨੂੰ ਝਾਂਸਾ ਦਿੱਤਾ ਕਿ ਉਸ ਦੇ ਪਤੀ ਨੂੰ ਵਾਪਸ ਬੁਲਾਉਣ

ਬਾਕੀ ਸਫਾ 32 'ਤੇ

ਸਵਿੱਤਰੀ ਬਾਈ ਫੂਲੇ

ਸਵਿੱਤਰੀ ਬਾਈ ਫੂਲੇ ਦਾ ਜਨਮ ਉਸ ਸਮੇਂ ਹੋਇਆ ਜਦ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਉਸ ਸਮੇਂ ਭਾਰਤ ਦੇ ਆਮ ਲੋਕਾਂ ਲਈ ਸਿੱਖਿਆ ਬਹੁਤ ਦੂਰ ਦੀ ਚੀਜ਼ ਸੀ। ਗ਼ਰੀਬ ਅਤੇ ਅਖੌਤੀ ਨੀਵੀਂ ਜਾਤ ਦੇ ਲੋਕਾਂ ਅਤੇ ਲੜਕੀਆਂ ਦੇ ਪੜ੍ਹਨ-ਲਿਖਣ ਦੀ ਗੱਲ ਤਾਂ ਸੁਪਨੇ ਵਿੱਚ ਵੀ ਨਹੀਂ ਸੋਚੀ ਜਾ ਸਕਦੀ ਸੀ। ਬਾਲ ਵਿਆਹ, ਸਤੀ ਪ੍ਰਥਾ (ਔਰਤ ਨੂੰ ਉਸ ਦੇ ਪਤੀ ਦੀ ਮੌਤ ਬਾਅਦ ਉਸ ਦੀ ਚਿਤਾ ਵਿੱਚ ਜਿਉਂਦਿਆਂ ਜਲਾ ਦੇਣਾ), ਛੂਆ-ਛੂਤ ਵਰਗੀਆਂ ਸਮਾਜਿਕ ਬੁਰਾਈਆਂ ਨੇ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਜਮਾ ਰੱਖੀਆਂ ਸਨ। ਖ਼ੁਦ ਸਵਿੱਤਰੀ ਬਾਈ ਦਾ ਵਿਆਹ 9 ਸਾਲ ਦੀ ਉਮਰ ਵਿੱਚ ਹੋ ਗਿਆ ਸੀ, ਉਦੋਂ ਉਸ ਦੇ ਪਤੀ ਜਯੋਤੀ ਰਾਇ ਫੂਲੇ ਵੀ ਸਿਰਫ਼ 13 ਸਾਲ ਦੇ ਸਨ। ਜਯੋਤੀ ਰਾਇ ਫੂਲੇ ਨੂੰ ਇਸਾਈ ਮਿਸ਼ਨਰੀ ਸਕੂਲਾਂ ਵਿੱਚ ਪੜ੍ਹਣ ਦਾ ਮੌਕਾ ਮਿਲਿਆ ਸੀ। ਉਹ ਸਿੱਖਿਆ ਦੇ ਮਹੱਤਵ ਨੂੰ ਸਮਝਣ ਲੱਗੇ ਸੀ। ਉਹਨਾਂ ’ਤੇ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦੇ ਵਿਚਾਰਾਂ ਅਤੇ ਅੰਦੋਲਨਾਂ ਦਾ ਡੂੰਘਾ ਪ੍ਰਭਾਵ ਪਿਆ। ਉਹਨਾਂ ਦੇ ਨਾਲ ਰਹਿੰਦੇ ਹੋਏ ਅਤੇ ਉਹਨਾਂ ਦੀ ਪ੍ਰੇਰਨਾ ਨਾਲ ਸਵਿੱਤਰੀ ਬਾਈ ਨੇ ਸਿੱਖਿਆ ਦੀ ਲੋੜ ਨੂੰ ਸਮਝਿਆ ਅਤੇ ਪੂਰੀ ਰੁਚੀ ਨਾਲ ਸਿੱਖਿਆ ਪ੍ਰਾਪਤ ਕੀਤੀ।



ਸਮਾਜਿਕ ਬੁਰਾਈਆਂ ਖ਼ਿਲਾਫ਼ ਲੜ੍ਹਣ ਅਤੇ ਔਰਤ ਸਿੱਖਿਆ ਦੀ ਅਲਖ ਜਗਾਉਣ ਵਾਲੀ ਭਾਰਤ ਦੀ ਪਹਿਲੀ ਅਧਿਆਪਕਾ

ਸਵਿੱਤਰੀ ਬਾਈ ਸਿੱਖਿਆ ਪ੍ਰਾਪਤ ਕਰਕੇ ਘਰੇ ‘ਗਿਆਨੀ’ ਬਣ ਕੇ ਨਹੀਂ ਬੈਠ ਗਈ। ਸਮਾਜ ਵਿੱਚ ਜਿਨ੍ਹਾਂ ਲੋਕਾਂ ਲਈ ਸਿੱਖਿਆ ਦੇ ਦਰਵਾਜ਼ੇ ਬੰਦ ਸੀ, ਉਹਨਾਂ ਨੂੰ ਸਿੱਖਿਅਤ ਕਰਨ ਦਾ ਉਹਨਾਂ ਨੇ ਬੀੜਾ ਚੁੱਕਿਆ। ਉਸ ਸਮੇਂ ਦੀਆਂ ਪ੍ਰਚਲਿਤ ਰੀਤਾਂ, ਰਿਵਾਜਾਂ ਅਤੇ ਸਿੱਖਿਆ ਦੇ ਵਿਰੋਧੀਆਂ ਦੀ ਉਹਨਾਂ ਨੇ ਭੋਰਾ ਪ੍ਰਵਾਹ ਨਹੀਂ ਕੀਤੀ। ਇੱਕ ਅਜਿਹੇ ਸਮੇਂ ਜਦ ਲੜਕੀਆਂ ਦਾ ਪੜ੍ਹਨਾ ਵੀ ਜ਼ੁਰਮ ਸਮਝਿਆ ਜਾਂਦਾ ਸੀ, ਉਹਨਾਂ ਨੇ ਕੁੜੀਆਂ ਦੇ ਸਕੂਲ ਖੋਲ੍ਹੇ। ਪੈਸੇ ਦੀ ਤੰਗੀ ਦੇ ਕਾਰਣ ਕੁੜੀਆਂ ਨੂੰ ਵਿੱਚ ਹੀ ਸਕੂਲ ਨਾ ਛੱਡਣਾ ਪਵੇ, ਇਸ ਦੇ ਲਈ ਉਹਨਾਂ ਨੇ ਵਜ਼ੀਫ਼ਾ ਦੇਣ ਦਾ ਪ੍ਰਬੰਧ ਕੀਤਾ। ਪਰ ਸਮਾਜ ਦੇ ਉੱਚੇ ਕਹਾਉਣ ਵਾਲੇ ਲੋਕਾਂ ਨੂੰ, ਜੋ ਸਿੱਖਿਆ ਨੂੰ ਸਿਰਫ਼ ਆਪਣਾ ਹੱਕ ਸਮਝਦੇ ਸਨ, ਉਹਨਾਂ ਦਾ ਲੜਕੀਆਂ ਨੂੰ ਪੜ੍ਹਾਉਣਾ ਬਿਲਕੁਲ ਪਸੰਦ ਨਹੀਂ ਸੀ। ਉਹ ਸਵਿੱਤਰੀ ਬਾਈ ਦੇ ਹਰ ਕਦਮ ਦਾ ਵਿਰੋਧ ਕਰਦੇ ਸੀ। ਜਦ ਉਹ ਸਕੂਲ ਵਿੱਚ ਪੜ੍ਹਾਉਣ ਜਾਂਦੀ ਤਾਂ ਉਸ ਨੂੰ ਆਪਣੇ ਝੋਲੇ ਵਿੱਚ ਇੱਕ ਹੋਰ ਸਾੜ੍ਹੀ ਰੱਖਣੀ ਪੈਂਦੀ ਸੀ। ਜਾਣਦੇ ਹੋ ਕਿਉਂ!? ਕਿਉਂਕਿ ਰਸਤੇ ਵਿੱਚ ਇਹ ਅਖੌਤੀ ਉੱਚੇ ਲੋਕ ਉਸ ’ਤੇ ਗੋਹਾ, ਚਿੱਕੜ ਆਦਿ ਸੁੱਟ ਕੇ ਉਸ ਦੀ ਸਾੜ੍ਹੀ ਗੰਦੀ ਕਰ ਦਿੰਦੇ। ਲੜਕੀਆਂ ਨੂੰ ਸਿੱਖਿਅਤ ਕਰਨ ਕਾਰਣ ਉਹ ਉਸ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਹ ਸੋਚਦੇ ਸੀ ਕਿ ਅਜਿਹਾ ਕਰਕੇ ਉਹ ਉਸ ਦੀ ਹਿੰਮਤ ਤੋੜ ਦੇਣਗੇ, ਪਰ ਉਹ ਭੋਰਾ ਵੀ ਨਹੀਂ ਡੋਲੀ ਅਤੇ ਸਾਰੇ ਵਿਰੋਧਾਂ ਦੇ ਬਾਵਜੂਦ ਸਿੱਖਿਆ ਦੇ ਪ੍ਰਸਾਰ ਲਈ ਅਤੇ ਹਰ ਤਰ੍ਹਾਂ ਦੀਆਂ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਡਟੀ ਰਹੀ।

ਸਵਿੱਤਰੀ ਬਾਈ ਫੂਲੇ ਨੇ ਜਯੋਤੀ ਰਾਇ ਫੂਲੇ ਨਾਲ ਮਿਲ ਕੇ ਲੜਕੀਆਂ ਦੀ ਸਿੱਖਿਆ ਲਈ ਇੱਕ ਦੇ ਬਾਅਦ ਇੱਕ 18 ਸਕੂਲ ਖੋਲ੍ਹੇ। ਸਭ ਤੋਂ ਪਹਿਲਾ ਸਕੂਲ 1848 ਵਿੱਚ ਪੂਨੇ (ਮਹਾਂਰਾਸ਼ਟਰ) ਦੇ ਭਿੜੇਵਾੜਾ ਵਿੱਚ ਖੋਲ੍ਹਿਆ। ਉਸ ਤੋਂ ਬਾਅਦ 5 ਸਾਲਾਂ ਦੇ ਅੰਦਰ ਹੀ ਉਹਨਾਂ ਦੋਵਾਂ ਨੇ 17 ਹੋਰ ਸਕੂਲ ਖੋਲ੍ਹੇ। ਉਹਨਾਂ ਦੇ ਰਾਹ ਵਿੱਚ ਹਰ ਤਰ੍ਹਾਂ ਦੇ ਅੜਿੱਕੇ ਆਏ, ਜਾਨ ਤੱਕ ’ਤੇ ਬਣ ਆਈ ਪਰ ਉਹਨਾਂ ਨੂੰ ਆਪਣੇ ਵਰਗੇ ਲੋਕਾਂ ਦਾ ਸਹਿਯੋਗ ਵੀ ਮਿਲਿਆ। ਅਜਿਹੇ ਲੋਕਾਂ ਵਿੱਚ ਸਭ ਤੋਂ ਪਹਿਲਾ ਨਾਮ ਫ਼ਾਤਿਮਾ ਸ਼ੇਖ਼ ਦਾ ਆਉਂਦਾ ਹੈ। ਫ਼ਾਤਿਮਾ ਸ਼ੇਖ਼ ਅਤੇ ਉਸ ਦੇ ਪੂਰੇ ਪਰਿਵਾਰ ਨੇ ਸਵਿੱਤਰੀ ਬਾਈ ਫੂਲੇ ਅਤੇ ਜਯੋਤੀ ਰਾਇ ਫੂਲੇ ਦਾ ਸਾਥ ਦਿੱਤਾ। ਜਦ ਸਵਿੱਤਰੀ ਬਾਈ ਫੂਲੇ ਅਤੇ ਜਯੋਤੀ ਰਾਇ ਫੂਲੇ ਨੂੰ ‘ਉੱਚੇ ਅਤੇ ਵੱਡੇ ਲੋਕਾਂ’ ਦੇ ਵਿਰੋਧ ਦੇ ਚਲਦੇ ਆਪਣਾ ਘਰ ਛੱਡਣਾ ਪਿਆ ਤਾਂ ਫ਼ਾਤਿਮਾ ਸ਼ੇਖ਼ ਦੇ ਭਰਾ ਉਸਮਾਨ ਸ਼ੇਖ਼ ਨੇ ਉਹਨਾਂ ਨੂੰ ਆਪਣੇ ਘਰ ਵਿੱਚ ਜਗ੍ਹਾ ਦਿੱਤੀ। ਉੱਥੇ ਹੀ ਲੜਕੀਆਂ ਦੇ ਪਹਿਲੇ ਸਕੂਲ ਦੀ ਸਥਾਪਨਾ ਹੋਈ। ਇਹ ਉਹ ਸਮਾਂ ਸੀ ਜਦ ਅੰਗਰੇਜ਼ਾਂ ਨੇ ‘ਫੁੱਟ ਪਾਓ ਅਤੇ ਰਾਜ ਕਰੋ’ ਦੀ ਨੀਤੀ ਨੂੰ ਬਹੁਤ ਜ਼ੋਰ-ਸ਼ੋਰ ਨਾਲ ਅੱਗੇ ਵਧਾਇਆ ਅਤੇ ਹਿੰਦੂ-ਮੁਸਲਮਾਨਾਂ ਵਿੱਚ ਨਫ਼ਰਤ ਦੀ ਜ਼ਹਿਰ ਫੈਲਾਉਣੀ ਸ਼ੁਰੂ ਕਰ

ਦਿੱਤੀ ਸੀ ਪਰ ਸਵਿੱਤਰੀ ਬਾਈ ਅਤੇ ਫ਼ਾਤਿਮਾ ਸ਼ੇਖ਼ 'ਤੇ ਅੰਗਰੇਜ਼ਾਂ ਦੀ ਇਸ ਚਾਲ ਦਾ ਕੋਈ ਅਸਰ ਨਹੀਂ ਪਿਆ। ਉਹਨਾਂ ਦੀ ਦੋਸਤੀ ਬਣੀ ਰਹੀ ਅਤੇ ਉਹਨਾਂ ਨੇ ਇਕੱਠਿਆਂ ਮਿਲ ਕੇ ਕੰਮ ਕੀਤਾ। ਅੱਜ ਜਦ ਕੁੜੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੋਇਆ ਹੈ, ਬਹੁਤਿਆਂ ਨੂੰ ਪਾਇਲਟ, ਡਾਕਟਰ, ਵਕੀਲ, ਜੱਜ, ਵਿਗਿਆਨਕ ਅਤੇ ਅਧਿਆਪਕਾ ਬਣਨ ਦਾ ਮੌਕਾ ਪ੍ਰਾਪਤ ਹੈ, ਉਦੋਂ ਸਾਨੂੰ ਇਹ ਜ਼ਰੂਰ ਜਾਨਣਾ ਚਾਹੀਦਾ ਕਿ ਸਿੱਖਿਆ ਪ੍ਰਾਪਤੀ ਪਹਿਲਾਂ ਏਨੀ ਆਸਾਨ ਨਹੀਂ ਸੀ ਜਿੰਨੀ ਅੱਜ ਦਿਖਣ ਵਿੱਚ ਲੱਗਦੀ ਹੈ। ਇਸ ਦੇ ਲਈ ਸਵਿੱਤਰੀ ਬਾਈ ਅਤੇ ਫ਼ਾਤਿਮਾ ਸ਼ੇਖ਼ ਵਰਗੇ ਲੋਕਾਂ ਨੂੰ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ। ਲੜਕੀਆਂ ਨੂੰ ਸਿੱਖਿਆ ਮਿਲ ਸਕੇ, ਇਸ ਦੇ ਲਈ ਉਹਨਾਂ ਨੂੰ ਕਿੰਨੀਆਂ ਹੀ ਬੇਇੱਜ਼ਤੀਆਂ ਸਹਿਣੀਆਂ ਪਈਆਂ। ਉਹਨਾਂ ਨੂੰ ਸਮਾਜ ਵਿੱਚ ਅਜਿਹੇ ਹਰ ਤਰ੍ਹਾਂ ਦੇ ਲੋਕਾਂ ਵੱਲੋਂ ਬੁਰਾ ਵਰਤਾਅ ਝੱਲਣਾ ਪਿਆ ਜੋ ਚਾਹੁੰਦੇ ਸੀ ਕਿ ਗਲ੍ਹੀਆਂ-ਸੜ੍ਹੀਆਂ ਰੀਤੀਆਂ, ਰਿਵਾਜ, ਰਵਾਇਤਾਂ ਸਮਾਜ ਵਿੱਚ ਜਿਉਂ ਦੀਆਂ ਤਿਉਂ ਬਣੀਆਂ ਰਹਿਣ, ਪਰ ਉਹਨਾਂ ਨੇ ਨਾ ਕਦੇ ਹਾਰ ਮੰਨੀ ਅਤੇ ਨਾ ਕਦੇ ਉਹਨਾਂ ਦੇ ਕਦਮ ਰੁਕੇ।

ਸਵਿੱਤਰੀ ਬਾਈ ਨੇ ਸਿਰਫ਼ ਲੜਕੀਆਂ ਦੇ ਸਕੂਲ ਹੀ ਨਹੀਂ ਖੋਲ੍ਹੇ, ਪ੍ਰੌੜ (ਵੱਡੀ ਉਮਰ ਦੀਆਂ ਔਰਤਾਂ ਅਤੇ ਆਦਮੀਆਂ ਲਈ) ਸਕੂਲ ਵੀ ਖੋਲ੍ਹੇ। ਵਿਧਵਾ ਔਰਤਾਂ ਲਈ ਉਹਨਾਂ ਨੇ ਵਿਧਵਾ-ਆਸ਼ਰਮ ਬਣਵਾਏ। ਉਸ ਸਮੇਂ ਪ੍ਰਚੱਲਿਤ ਮਨੌਤ ਦੇ ਵਿਰੋਧ ਵਿੱਚ ਜਾ ਕੇ ਉਹਨਾਂ ਨੇ ਵਿਧਵਾ-ਸਮਾਜ ਨੂੰ ਉਤਸ਼ਾਹਿਤ ਕੀਤਾ। ਇੰਨਾ ਹੀ ਨਹੀਂ, ਉਹਨਾਂ ਨੇ ਵਿਧਵਾ ਔਰਤਾਂ ਦੇ ਜਬਰੀ ਸਿਰ ਮੁੰਨਣ ਦੇ ਖ਼ਿਲਾਫ਼ ਵੀ ਸੰਘਰਸ਼ ਕੀਤਾ। ਉਹ ਆਪਣਾ ਪੂਰਾ ਜੀਵਨ ਅਜਿਹੀਆਂ ਸਮਾਜਿਕ ਬੁਰਾਈਆਂ ਖ਼ਿਲਾਫ਼ ਲੜਦੇ ਰਹੇ। ਜਾਤ ਅਤੇ ਧਰਮ ਦੇ ਭੇਦਭਾਵ ਅਤੇ ਵਿਖਾਵੇ ਦੇ ਵੀ ਉਹ ਹਮੇਸ਼ਾ ਕੱਟੜ ਵਿਰੋਧੀ ਰਹੇ। ਉਹਨਾਂ ਨੇ ਸ਼ੁਰੂਆਤ ਤੋਂ ਹੀ ਅਜਿਹੀ ਸਿੱਖਿਆ 'ਤੇ ਜ਼ੋਰ ਦਿੱਤਾ ਕਿ 'ਕੀ-ਕਿਉਂ-ਕਿਵੇਂ' ਸਮਝਣਾ ਸਿਖਾਇਆ ਜਾਵੇ। ਅੰਧਵਿਸ਼ਵਾਸਾਂ ਤੋਂ ਛੁਟਕਾਰਾ ਪਾਉਣਾ ਸਿਖਾਇਆ ਜਾਵੇ। ਇਹ ਗੱਲਾਂ ਅੱਜ ਤੋਂ ਪੌਣੇ ਦੋ ਸੌ ਸਾਲ ਪਹਿਲਾਂ ਦੀਆਂ ਹਨ ਜਦੋਂ ਸਿੱਖਿਆ ਸਿਰਫ਼ ਸਮਾਜ ਦੇ ਅਮੀਰ ਅਤੇ ਉੱਚ-ਹੈਸੀਅਤ ਲੋਕਾਂ ਤੱਕ ਸੀਮਤ ਸੀ। ਬਾਕੀ ਲੋਕਾਂ ਲਈ ਪੜ੍ਹਨਾ ਲਿਖਣਾ ਇੱਕ ਬੁਰਾਈ ਮੰਨਿਆ ਜਾਂਦਾ ਸੀ। ਜੇ ਕੋਈ ਅਜਿਹਾ ਕਰਦਾ ਤਾਂ ਉਸ ਨੂੰ ਸਮਾਜ ਦੀ ਸਜ਼ਾ ਵੀ ਭੁਗਤਣੀ ਪੈਂਦੀ। ਇਸ ਸਮੇਂ ਵਿੱਚ ਸਮਾਜ ਦੇ ਦਰਕਾਰੇ 'ਹੇਠਲੇ/ਮਾਮੂਲੀ' ਲੋਕਾਂ ਤੱਕ ਸਿੱਖਿਆ ਪਹੁੰਚਾਉਣਾ ਬਹੁਤ ਸਾਹਸ ਦਾ ਕੰਮ ਸੀ। ਔਰਤਾਂ ਇਸ ਤੋਂ ਵੀ ਹੇਠਾਂ ਸਮਝੀਆਂ ਜਾਂਦੀਆਂ ਸੀ। ਇਸ ਲਈ ਉਹਨਾਂ ਦੀ ਸਿੱਖਿਆ ਲਈ ਸਮਾਜ ਨਾਲ ਟਕਰਾਉਣ ਦਾ ਕੰਮ ਉਹੀ ਕਰ ਸਕਦਾ ਸੀ ਜੋ ਸੱਚੇ ਅਰਥਾਂ ਵਿੱਚ ਸਮਾਜ ਨੂੰ ਅੱਗੇ ਵਧਾਉਣਾ, ਉੱਪਰ ਚੁੱਕਣਾ ਚਾਹੁੰਦਾ ਹੋਵੇ।

3 ਜਨਵਰੀ, 1831 ਨੂੰ ਸਤਾਰਾ ਜ਼ਿਲ੍ਹੇ ਦੇ ਨਾਯ ਪਿੰਡ ਵਿੱਚ ਜਨਮੀ ਸਵਿੱਤਰੀ ਬਾਈ ਆਪਣੇ ਜੀਵਨ ਸਾਥੀ ਜਯੋਤੀ ਰਾਇ ਫੂਲੇ ਦੀ ਮੌਤ ਤੋਂ ਬਾਅਦ ਵੀ ਆਪਣੇ ਆਖਰੀ ਸਾਹਾਂ ਤੱਕ ਸਮਾਜ ਅਤੇ ਆਮ ਲੋਕਾਂ ਲਈ ਕੰਮ ਕਰਦੀ ਰਹੀ। 1897 ਵਿੱਚ ਪਲੇਗ ਦੀ ਮਹਾਂਮਾਰੀ ਫੈਲੀ। ਰੋਗੀਆਂ ਦੀ ਸਾਰ-ਸੰਭਾਲ ਅਤੇ ਇਲਾਜ ਲਈ ਉਸ ਨੇ ਕਲੀਨਿਕ ਬਣਾਉਣ ਦਾ ਪ੍ਰਬੰਧ ਕੀਤਾ। ਪਲੇਗ ਨਾਲ ਪੀੜਤ ਰੋਗੀਆਂ ਦੀ ਸਹਾਇਤਾ ਕਰਦੇ ਹੋਏ ਉਹ ਖ਼ੁਦ ਇਸ ਰੋਗ ਦੀ ਜਕੜ ਵਿੱਚ ਆ ਗਈ ਅਤੇ **10 ਮਾਰਚ 1897** ਨੂੰ ਉਹਨਾਂ ਦੀ ਮੌਤ ਹੋ ਗਈ। ਸਵਿੱਤਰੀ ਬਾਈ ਫੂਲੇ ਨੇ ਆਪਣੇ ਕੰਮਾਂ ਰਾਹੀਂ ਸਮਾਜ ਨੂੰ ਸਿੱਖਿਆ ਦਾ ਮਹੱਤਵ ਸਮਝਾਇਆ। ਉਹਨਾਂ ਨੇ ਸਿੱਖਿਆ ਦੀ ਲੋੜ 'ਤੇ ਕਵਿਤਾਵਾਂ ਲਿਖੀਆਂ। "ਕਾਵਿ-ਫੂਲੇ" ਵਿੱਚ ਉਹਨਾਂ ਦੀਆਂ ਇਹ ਕਵਿਤਾਵਾਂ ਸ਼ਾਮਲ ਹਨ।

ਸਵਿੱਤਰੀ ਬਾਈ ਫੂਲੇ ਨੇ ਜਿਸ ਤਰ੍ਹਾਂ ਸਿੱਖਿਆ ਅਤੇ ਗਿਆਨ ਦੇ ਮਹੱਤਵਪੂਰਨ ਕੰਮ ਨੂੰ ਬਿਨ੍ਹਾਂ ਰੁਕੇ ਅਤੇ ਬਿਨ੍ਹਾਂ ਥੱਕੇ ਕੀਤਾ, ਬਹਾਦੁਰੀ ਅਤੇ ਹਿੰਮਤ ਨਾਲ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕੀਤਾ, ਉਸ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਅਧਿਆਪਕ ਦਿਵਸ ਮਨਾਉਣ ਲਈ ਉਹਨਾਂ ਦੇ ਜਨਮ ਦਿਨ 3 ਜਨਵਰੀ ਤੋਂ ਬਿਹਤਰ ਹੋਰ ਕੋਈ ਦਿਨ, ਤਾਰੀਖ਼ ਨਹੀਂ ਹੋ ਸਕਦੀ।

ਸ੍ਰੋਤ : ਤਿਮਾਹੀ ਹਿੰਦੀ ਬਾਲ ਮੈਗਜ਼ੀਨ "ਕੋਂਪਲ"

ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ

ਸਫਾ 30 ਦੀ ਬਾਕੀ

ਲਈ ਉਹ ਉਪਾਅ ਕਰੇਗਾ ਤੇ ਇਸ ਲਈ ਉਸ ਨੇ ਸਮੱਗਰੀ ਮੰਗਵਾ ਲਈ। ਮੁਲਜ਼ਮ ਮਕਾਨ ਵਿੱਚ ਚਲਾ ਗਿਆ ਤੇ ਰਾਤ ਨੂੰ ਧੂਣੀ ਵਗੈਰਾ ਲਗਾ ਕੇ ਸਰਿਤਾ ਨੂੰ ਸੰਮੋਹਿਤ ਕਰ ਦਿੱਤਾ ਤੇ ਫਿਰ ਉਸ ਦੀ ਅਤੇ ਉਸ ਦੀ ਬੇਟੀ ਦੀ ਹੱਤਿਆ ਕਰ ਦਿੱਤੀ ਤੇ ਉੱਥੋਂ ਉਨ੍ਹਾਂ ਦੇ ਗਹਿਣੇ ਤੇ ਨਕਦੀ ਲੈ ਕੇ ਫ਼ਰਾਰ ਹੋ ਗਿਆ।

> ਜੇਕਰ ਅਨਿਆ ਨਾਲ ਲੜ੍ਹਦੇ ਲੜ੍ਹਦੇ ਤੁਹਾਡੀ ਮੌਤ ਹੋ ਜਾਂਦੀ ਹੈ ਤਾਂ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਬਦਲਾ ਜਰੂਰ ਲੈਣਗੀਆਂ। ਪਰ ਜੇ ਤੁਸੀਂ ਅਨਿਆ ਨੂੰ ਸਹਾਰਦਿਆਂ ਮਰਦੇ ਹੋ ਤਾਂ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਗੁਲਾਮ ਬਣਕੇ ਰਹਿ ਜਾਣਗੀਆਂ। **ਡਾ. ਬੀ. ਆਰ ਅੰਬੇਦਕਰ**

ਸਕੂਲ ਵਿੱਚ 'ਭੂਤ'



ਸਤਨਾਮ ਉੱਭਾਵਾਲ

ਲਗਭਗ ਚਾਰ ਕੁ ਸਾਲ ਪਹਿਲਾਂ ਮੈਂ ਨੌਂਵੀਂ ਕਲਾਸ ਵਿੱਚ ਪੜ੍ਹਾ ਰਿਹਾ ਸਾਂ ਕਿ ਮੇਰੀ ਕਲਾਸ ਦੀ ਇੱਕ ਬੱਚੀ ਅਚਾਨਕ ਹੀ ਆਪਣੇ ਬੈਂਚ ਤੋਂ ਡਿੱਗ ਜਾਂਦੀ ਹੈ ਅਤੇ ਦਸ ਕੁ ਮਿੰਟ ਬਿਲਕੁਲ ਬੇਹੋਸ਼ ਰਹਿੰਦੀ ਹੈ। ਮੇਰੇ ਸਮੇਤ ਸਾਰੇ ਸਟਾਫ ਦੇ ਹੱਥ ਪੈਰ ਫੁੱਲ ਜਾਂਦੇ ਹਨ। ਜਲਦੀ ਜਲਦੀ ਬੱਚਿਆਂ ਰਾਹੀਂ ਉਸ ਵਿਦਿਆਰਥਣ ਦੇ ਘਰ ਸੁਨੇਹਾ ਭੇਜਿਆ ਜਾਂਦਾ ਹੈ। ਦੋ ਵਿਦਿਆਰਥਣਾਂ ਅਤੇ ਹੈੱਡ ਮਿਸਟਰੈੱਸ ਦੀ ਸਹਾਇਤਾ ਨਾਲ ਮੈਂ ਬੱਚੀ ਨੂੰ ਸਟਾਫ ਰੂਮ ਵਿੱਚ ਲੈ ਆਉਂਦਾ ਹਾਂ ਅਤੇ ਉਸਦੇ ਜੁੱਤੇ ਖੋਲ੍ਹ ਕੇ ਉਹਦੇ ਪੈਰਾਂ ਉੱਤੇ ਹੱਥਾਂ ਨਾਲ ਮਾਲਿਸ਼ ਕਰਨਾ ਸ਼ੁਰੂ ਕਰ ਦਿੰਦਾ ਹਾਂ। ਦਸ ਕੁ ਮਿੰਟਾਂ ਬਾਅਦ ਬੱਚੀ ਨੂੰ ਹੋਸ਼ ਆਉਂਦੀ ਹੈ ਅਤੇ ਉਹ ਉੱਚੀ ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੰਦੀ ਹੈ। ਬੋਲਦੀ ਕੁਝ ਨਹੀਂ ਪਰ ਬੜੀਆਂ ਡਰਾਉਣੀ ਕਿਸਮ ਦੀਆਂ ਚੀਕਾਂ ਮਾਰ ਰਹੀ ਸੀ। ਉਸ ਦੀਆਂ ਆਵਾਜ਼ਾਂ ਸੁਣ ਕੇ ਸਕੂਲ ਦੇ ਵਿਦਿਆਰਥੀ ਅਤੇ ਦੂਜੀਆਂ ਕਲਾਸਾਂ ਵਿੱਚ ਪੜ੍ਹਾ ਰਹੇ ਅਧਿਆਪਕ ਸਾਹਿਬਾਨ ਵੀ ਸਟਾਫ ਰੂਮ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਸਾਡੀ ਮਿਡ ਡੇ ਮੀਲ ਵਰਕਰ ਆ ਕੇ ਦੰਦ ਕਥਾਵਾਂ ਵਾਲਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੰਦੀ ਹੈ। ਬੱਚੀ ਦੀਆਂ ਚੀਕਾਂ ਪੰਜ ਕੁ ਮਿੰਟਾਂ ਬਾਅਦ ਬੰਦ ਹੋ ਜਾਂਦੀਆਂ ਹਨ ਅਤੇ ਉਹ ਸ਼ਾਂਤ ਚਿੱਤ ਹੋ ਕੇ ਆਲੇ ਦੁਆਲੇ ਹੋ ਰਹੇ ਵਾਰਤਾਲਾਪ ਨੂੰ ਸੁਣਨਾ ਸ਼ੁਰੂ ਕਰ ਦਿੰਦੀ ਹੈ। ਕੁਝ ਸਮੇਂ ਬਾਅਦ ਬੱਚੀ ਦੀ ਮਾਤਾ ਅਤੇ ਪਿਤਾ ਆ ਕੇ ਸਾਡੇ ਨਾਲ ਗੱਲਬਾਤ ਕਰਦੇ ਹਨ ਅਤੇ ਦੱਸਦੇ ਹਨ ਕਿ ਇਹ ਇੱਕ ਦੋ ਵਾਰੀ ਪਹਿਲਾਂ ਘਰ ਵਿੱਚ ਵੀ ਐਵੇਂ ਹੋ ਚੁੱਕਿਆ ਹੈ ਤੁਸੀਂ ਸਕੂਲ ਵਿੱਚ 'ਪਾਠ' ਕਰਵਾਓ।

ਮਿਡ-ਡੇ-ਮੀਲ ਵਰਕਰ ਦੀਆਂ ਗੱਲਾਂ ਦੀ ਉਹ ਵੀ ਤਸਦੀਕ ਕਰਦੇ ਹਨ ਕਿ ਸਕੂਲ ਦੇ ਚੜ੍ਹਦੇ ਵਾਲੇ ਪਾਸੇ ਦੋ ਬੰਦੇ ਜਿਉਂਦੇ ਦਫਨਾ ਦਿੱਤੇ ਗਏ ਸਨ। ਜੋ ਸਕੂਲ ਦੇ ਵਿਦਿਆਰਥੀਆਂ ਅਤੇ ਹੋਰ ਲੋਕਾਂ ਦਾ ਨੁਕਸਾਨ ਕਰਨਾ ਆਪਣਾ ਪਰਮ ਕਰਤਬ ਸਮਝਦੇ ਹਨ। ਮੈਨੂੰ ਉਹਨਾਂ ਦੀਆਂ ਗੱਲਾਂ 'ਤੇ ਹਾਸੀ ਆ ਰਹੀ ਸੀ ਕਿ ਮੈਂ ਇਸ ਸਕੂਲ ਵਿੱਚ ਪਿਛਲੇ ਪੰਜ ਸਾਲ ਤੋਂ ਪੜ੍ਹਾ ਰਿਹਾ ਸਾਂ ਅਤੇ ਮੈਨੂੰ ਕਦੀ ਕੋਈ ਬੁਰਾ ਕਰਨ ਵਾਲਾ ਨਹੀਂ ਟੱਕਰਿਆ ਸੀ। ਕੁੱਝ ਅਧਿਆਪਕ ਸਾਥੀ ਵੀ ਦਬਵੀਂ ਆਵਾਜ ਵਿੱਚ ਇਹ ਕਹਿ ਰਹੇ ਸਨ ਕਿ ਪਾਠ ਕਰਾਉਣ ਵਿੱਚ ਕੋਈ ਹਰਜ ਨਹੀਂ। ਮੈਂ ਮੁੱਖ ਅਧਿਆਪਕਾ ਨਾਲ ਗੱਲ ਕੀਤੀ ਕਿ ਆਪਾਂ ਇਸ ਦਾ ਡਾਕਟਰੀ ਇਲਾਜ ਕਰਵਾਵਾਂਗੇ।

ਮਾਪੇ ਬੱਚੀ ਨੂੰ ਲੈ ਕੇ ਬੁੜਬੜਾਉਂਦੇ ਘਰ ਚਲੇ ਗਏ ਅਤੇ ਬੱਚੀ ਲਗਭਗ 20 ਦਿਨ ਸਕੂਲ ਨਾ ਆਈ। ਜਿਸ ਦਿਨ ਉਹ ਬੱਚੀ ਦੁਬਾਰਾ ਸਕੂਲ ਆਈ ਤਾਂ ਉਹ ਛੇਵੇਂ ਪੀਰੀਅਡ ਵਿੱਚ ਦੁਬਾਰਾ ਫਿਰ ਡਿੱਗ ਗਈ ਅਤੇ ਉੱਚੀ ਉੱਚੀ ਚੀਕਾਂ ਮਾਰਨ ਵਾਲਾ ਸਾਰਾ ਵਰਤਾਰਾ ਫੇਰ ਵਾਪਰਿਆ। ਇਸ ਵਾਰ ਬੱਚੀ ਦੀ ਮਾਤਾ ਮੇਰੇ ਨਾਲ ਕਾਫੀ ਖਹਿਬੜ ਕੇ ਗਈ ਕਿ 'ਤੁਸੀਂ ਨਹੀਂ ਮੰਨਦੇ, ਜਿਸ ਨਾਲ ਬੀਤਦੀ ਹੈ ਉਸਨੂੰ ਹੀ ਪਤਾ ਲੱਗਦਾ ਹੈ।'

ਮੈਂ ਉਸ ਨੂੰ ਬਾਰ-ਬਾਰ ਇਹੋ ਪੁੱਛ ਰਿਹਾ ਸਾਂ ਕਿ ਤੁਸੀਂ ਕਿਸੇ ਡਾਕਟਰ ਨੂੰ ਦਿਖਾਇਆ ਹੈ ਜਾਂ ਨਹੀਂ। ਉਹ ਕਹਿ ਰਹੀ ਸੀ ਕਿ ਡਾਕਟਰ ਇਸ ਵਿੱਚ ਕੀ ਕਰੇਗਾ। ਸਕੂਲ ਆ ਕੇ ਹੀ ਇਹ 'ਬਿਮਾਰ' ਹੋਈ ਹੈ। ਉੱਪਰੋਂ ਸਾਡੀ ਮਿਡ ਡੇ ਮੀਲ ਵਰਕਰ ਕੁੱਝ ਨਵੀਆਂ ਕਹਾਣੀਆਂ ਬੱਚਿਆਂ ਅਤੇ ਹੋਰ ਇਕੱਠੇ ਹੋਏ ਲੋਕਾਂ ਦੇ ਕੰਨਾਂ ਵਿੱਚ ਪਾ ਰਹੀ ਸੀ। ਬਿਨਾਂ ਮੇਰੇ ਕੁੱਝ ਅਧਿਆਪਕ ਸਾਥੀਆਂ ਦੇ ਅਤੇ ਮੁੱਖ ਅਧਿਆਪਕਾ ਦੇ ਬਾਕੀ ਸਾਰਿਆਂ ਨੂੰ ਮੈਂ ਮੁੱਖ ਦੋਸ਼ੀ ਲੱਗ ਰਿਹਾ ਸੀ ਜੋ ਮਾਪਿਆਂ ਦੀ ਗੱਲ ਨਾ ਮੰਨ ਕੇ ਉਹਨਾਂ ਨੂੰ ਡਾਕਟਰ ਕੋਲੇ ਜਾਣ ਦੀ ਸਲਾਹ ਦੇ ਰਿਹਾ ਸਾਂ। ਕੁਝ ਦਿਨਾਂ ਬਾਅਦ ਬੱਚੀ ਦੀ ਮਾਂ ਕੁੜੀ ਨੂੰ ਨਾਲ ਲੈ ਕੇ ਫਿਰ ਸਕੂਲ ਆਈ ਅਤੇ ਕਿਹਾ "ਵੇਖੋ! ਘਰ ਵਿੱਚ ਜਾ ਕੇ ਬੱਚੀ ਬਿਲਕੁਲ ਠੀਕ ਰਹਿੰਦੀ ਹੈ ਪਰ ਸਕੂਲ ਵਿੱਚ ਹੀ ਆ ਕੇ ਇਹ ਡਿੱਗ ਜਾਂਦੀ ਹੈ ਅਤੇ ਫਿਰ ਚੀਖਾਂ ਮਾਰਦੀ ਹੈ। ਤੁਸੀਂ ਮੇਰੀ ਗੱਲ ਮੰਨੋ ਸਕੂਲ ਵਿੱਚ ਕੋਈ ਸਿਆਣਾ ਬੁਲਾ ਕੇ ਪਾਠ ਕਰਵਾਓ।"

ਅਸੀਂ ਉਸ ਨੂੰ ਸਮਝਾਇਆ ਕਿ ਅਜਿਹਾ ਕੁੱਝ ਨਹੀਂ ਹੁੰਦਾ। ਤੁਸੀਂ ਬੱਚੀ ਨੂੰ ਡਾਕਟਰ ਨੂੰ ਦਿਖਾਓ। ਲਾਜਮੀ ਤੌਰ 'ਤੇ ਸਮੱਸਿਆ ਦਾ ਹੱਲ ਹੋਵੇਗਾ। ਮੈਂ ਉਹਨਾਂ ਨੂੰ ਇੱਕ ਨਵੀਂ ਗੱਲ ਕਹੀ ਕਿ ਅਸੀਂ ਤਰਕਸ਼ੀਲ ਸੁਸਾਇਟੀ ਦੇ ਸਾਥੀਆਂ ਨੂੰ ਬੁਲਾ ਕੇ ਸਾਰੀ ਸਮੱਸਿਆ ਤੋਂ ਜਾਣੂ ਕਰਵਾਵਾਂਗੇ ਅਤੇ ਉਹ ਸਾਡੀ ਇਸ ਸਮੱਸਿਆ ਦਾ ਹੱਲ ਲੱਭਣਗੇ। ਮੇਰੀ ਗੱਲ ਸਾਡੀ ਹੈੱਡ ਮਿਸਟਰੈੱਸ ਸਾਹਿਬਾ ਨੂੰ ਜਚ ਗਈ। ਉਹਨਾਂ ਨੇ ਮਾਪਿਆਂ ਨੂੰ ਸਮਝਾਇਆ ਕਿ ਤੁਸੀਂ ਇੱਕ ਵਾਰੀ ਡਾਕਟਰ ਨੂੰ ਜਰੂਰ ਮਿਲੋ। ਤਰਕਸ਼ੀਲ ਸੁਸਾਇਟੀ ਦੀ ਗੱਲ ਸੁਣ ਕੇ ਬੱਚੀ ਦੀ ਮਾਤਾ ਨਾਲ ਆਈ ਗੁਆਂਢਣ ਨੇ ਕਿਹਾ ਕਿ ਚਲੋ ਅਗਰ

ਬਾਕੀ ਸਫਾ 53 'ਤੇ

'ਰੂਹਾਂ' ਦਾ ਵਾਸਾ ਕੀਤਾ ਖਤਮ



ਭਰਪੂਰ ਦੀਵਾਨਾ

ਮੇਰਾ ਨਾਮ ਭਰਪੂਰ ਸਿੰਘ ਹੈ, ਮੇਰਾ ਪਿੰਡ ਦੀਵਾਨੇ ਜਿਲ੍ਹਾ ਬਰਨਾਲਾ ਹੈ। ਮੈਨੂੰ ਘਰਦਿਆਂ ਵੱਲੋਂ 2004 ਵਿੱਚ ਮਨੀਲਾ ਫਲੀਪੀਨ ਭੇਜ ਦਿੱਤਾ ਗਿਆ ਸੀ। ਹੁਣ ਵੀ ਮੈਂ ਇਸ ਸਮੇਂ ਮਨੀਲਾ ਹੀ ਹਾਂ। ਗੱਲ ਉਸ ਸਮੇਂ ਦੀ ਹੈ ਜਦੋਂ ਮੈਂ ਮਨੀਲਾ ਆਇਆ ਹੀ ਸੀ, ਮੈਂ ਇੱਕਲਾ ਘਰ ਕਿਰਾਏ 'ਤੇ ਲੈਣ ਦੇ ਸਮਰੱਥ ਨਹੀਂ ਸੀ। ਮੇਰੇ ਕੋਲ ਨਾ ਤਾਂ ਕੰਮ ਸੀ, ਪੈਸਾ ਤਾਂ ਆਉਂਣਾ ਹੀ ਕਿੱਥੋਂ ਸੀ। ਮੈਨੂੰ ਤਿੰਨ ਮੁੰਡੇ ਮਿਲੇ। ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਜਿਸ ਪਰਿਵਾਰ ਨੇ ਮਨੀਲਾ ਲਿਆਂਦਾ ਹੈ, ਉਹ ਇੱਕਠੀ ਫੈਮਲੀ ਰਹਿੰਦੀ ਹੈ। ਮੈਂ ਉਹਨਾਂ ਤੋਂ ਵੱਖਰਾ ਘਰ ਲੈਣਾ ਚਾਹੁੰਦਾ ਹਾਂ। ਪਰ ਮੇਰੇ ਵਿੱਚ ਇਕੱਲਾ ਘਰ ਲੈਣ ਦਾ ਵਿੱਤ ਨਹੀਂ। ਬੜੀ ਮੇਹਰਬਾਨੀ ਹੋਵੇਗੀ ਜੇਕਰ ਤੁਸੀਂ ਮੈਨੂੰ ਆਪਣੇ ਨਾਲ ਰੱਖ ਲਵੋ। ਉਹ ਮੁੰਡੇ ਮੈਨੂੰ ਕਹਿੰਦੇ "ਯਾਰ! ਅਸੀਂ ਤਾਂ ਪਹਿਲਾਂ ਹੀ ਬਹੁਤ ਛੋਟੇ ਘਰ ਵਿੱਚ ਰਹਿ ਰਹੇ ਹਾਂ। ਤੈਨੂੰ ਅਸੀਂ ਆਪਣੇ ਨਾਲ ਨਹੀਂ ਰੱਖ ਸਕਦੇ। ਹਾਂ, ਇੱਕ ਗੱਲ ਹੋ ਸਕਦੀ ਹੈ ਆਪਾਂ ਚਾਰੇ ਜਾਣੇ ਰਲ ਕੇ ਕਿਤੇ ਹੋਰ ਵੱਡਾ ਘਰ ਲੱਭ ਲਈਏ।" ਚਾਰਾਂ ਦੀ ਇਸ 'ਤੇ ਸੁਰ ਮਿਲ ਗਈ। ਅਗਲੇ ਹੀ ਦਿਨ ਅਸੀਂ ਚਾਰ ਮੁੰਡਿਆਂ ਨੇ ਰਲ ਕੇ ਮਨੀਲਾ ਵਿੱਚ ਕਿਰਾਏ 'ਤੇ ਘਰ ਲੱਭਣਾ ਸ਼ੁਰੂ ਕੀਤਾ। ਇੱਕ ਹਫਤਾ ਘਰ ਲੱਭਦੇ ਰਹੇ। ਆਖੀਰ ਨੂੰ ਇੱਕ ਘਰ ਕਿਰਾਏ 'ਤੇ ਰਹਿਣ ਲਈ ਮਿਲ ਗਿਆ। ਉਸ ਘਰ ਨੂੰ ਵੇਖ ਕੇ ਪਤਾ ਲੱਗਦਾ ਸੀ ਕਿ ਇਹ ਘਰ ਕਾਫੀ ਸਾਲਾਂ ਤੋਂ ਬੇਅਬਾਦ ਪਿਆ ਹੈ ਅਤੇ ਘਾਹ ਉੱਗਿਆ ਹੋਇਆ ਸੀ। ਚਾਰ ਚੁਫੇਰੇ ਬਾਗਲਾ ਵੀ ਨਹੀਂ ਸੀ। ਬੜਾ ਡਰਾਉਣਾ ਜਿਹਾ ਲੱਗਦਾ ਸੀ। ਸਾਡੀ ਵੀ ਮਜਬੂਰੀ ਸੀ। ਆਖਰ ਨੂੰ ਅਸੀਂ ਚਾਰਾਂ ਜਣਿਆਂ ਨੇ ਰਲ ਕੇ ਉਹ ਘਰ ਕਿਰਾਏ 'ਤੇ ਰਹਿਣ ਲਈ ਲੈ ਲਿਆ। ਅਸੀਂ ਚਾਰ ਕੌਣ-ਕੌਣ ਸਾਂ? ਇੱਕ ਬਠਿੰਡੇ ਕੋਲੋਂ ਗੁੰਮਟੀ ਪਿੰਡ ਤੋਂ ਸੱਤਪਾਲ ਸਿੰਘ ਲੰਬੜਦਾਰ, ਲੋਕਾਂ ਤੋਂ ਸੁਣਿਆ ਲੰਬੜਦਾਰ ਮੱਥੇ ਲੱਗਿਆ ਮਾੜਾ ਹੁੰਦਾ। ਪਰ ਇੱਥੇ ਤਾਂ ਮੇਰੇ ਮੱਥੇ ਇਹ ਰੋਜ ਲੱਗਦਾ ਸੀ, ਪਰ ਮੇਰੀ ਕਾਮਯਾਬੀ ਵਿੱਚ ਉਸ ਦਾ ਪੂਰਾ ਸਹਿਯੋਗ ਸੀ। ਦੂਸਰਾ ਸੀ ਇਕਬਾਲ ਸਿੰਘ ਜਲਾਲ ਕੋਲੋਂ ਅਕਲੀਆ ਪਿੰਡ ਤੋਂ। ਤੀਜਾ ਇੰਦਰਜੀਤ ਸਿੰਘ ਬਾਜੇਖਾਨੇ ਤੋਂ। ਅਸੀਂ ਉਸ ਘਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ।

ਅਸੀਂ ਖਾਣਾ ਬਣਾਉਣ ਲਈ ਅਤੇ ਸਫਾਈ ਲਈ ਇੱਕ ਨੌਕਰ ਰੱਖ਼ ਲਈ। ਉਹ ਨੌਕਰ ਬਹੁਤ ਖੁਸ਼ਮਿਜਾਜ ਸੀ। ਉਹ ਸਾਨੂੰ ਮਨੀਲਾ ਦੀ ਤਗਾਲੋ ਬੋਲੀ ਨੂੰ ਤੋਤਲੀ ਜੁਬਾਨ ਨਾਲ ਬੋਲਦਿਆਂ ਸੁਣ ਕੇ ਬਹੁਤ ਹੱਸਦੀ ਰਹਿੰਦੀ ਅਤੇ ਸਾਨੂੰ ਬੋਲੀ ਸਹੀ ਬੋਲਣਾ ਸਿਖਾਉਂਦੀ। ਸਾਡੇ ਘਰੇ ਹੀ ਰਹਿੰਦੀ ਸੀ। ਉਹ ਖਾਸ ਮਨੀਲਾ ਦੀ ਨਹੀਂ ਸੀ। ਉਹ ਬਕੋਲਡ ਇੱਕ ਟਾਪੂ ਹੈ ਓਥੋਂ ਆਈ ਸੀ। ਗਰੀਬ ਪਰਿਵਾਰ ਵਿੱਚੋਂ ਸੀ। ਤਿੰਨ ਭੈਣਾਂ ਦੀ ਵੱਡੀ ਭੈਣ ਸੀ। ਜਦ ਉਹ ਗੱਲਾਂ ਕਰਦੀ ਤਾਂ ਉਸਦੀ ਗਰੀਬੀ ਮੈਨੂੰ ਟੁੱਟੇ ਕੱਚ ਵਾਂਗ ਚੁਭਦੀ। ਪਤਾ ਹੀ ਨਹੀਂ ਲੱਗਿਆ ਕਦੋਂ ਉਹ ਸਾਨੂੰ ਭੈਣਾਂ ਭਾਈਆਂ ਵਾਂਗ ਘਰ ਦਾ ਮੈਂਬਰ ਹੀ ਲੱਗਣ ਲੱਗ ਗਈ। ਅਸੀਂ ਉਸ ਦੀ ਹਰ ਖਾਣ ਪੀਣ ਵਾਲੀ ਚੀਜ ਦਾ ਖਿਆਲ ਰੱਖਦੇ। ਸਾਡੇ ਘਰ ਨੂੰ ਬਾਗਲਾ ਹੀ ਨਹੀਂ ਸੀ, ਇਸ ਲਈ ਉਸ ਕੋਲ ਹੋਰ ਘਰਾਂ ਦੀਆਂ ਔਰਤਾਂ ਵੀ ਆ ਖੜ੍ਹਦੀਆਂ। ਅਚਾਨਕ ਉਸ ਨੇ ਮੈਨੂੰ 'ਕੁਈਆ' ਆਖ ਕੇ ਆਵਾਜ ਮਾਰੀ। 'ਕੁਈਆ' ਮਨੀਲਾ ਦੀ ਤਗਾਲੋ ਬੋਲੀ ਵਿੱਚ 'ਵੀਰ' ਨੂੰ ਕਹਿੰਦੇ ਹਨ। ਮੈਂ ਉਸ ਦੀ ਢਿੱਲੀ ਅਵਾਜ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਕੋਈ ਗੱਲ ਆ। ਉਸ ਨੇ ਮੈਨੂੰ ਦੱਸਿਆ ਕਿ ਮੈਨੂੰ ਰਾਤ ਨੂੰ ਡਰ ਲੱਗਦਾ। ਮੈਂ ਉਸ ਨੂੰ ਕਿਹਾ ਕਿ ਤੂੰ ਰਾਤ ਨੂੰ ਕਮਰੇ ਦੀ ਲਾਇਟ ਬੰਦ ਨਾ ਕਰਿਆ ਕਰ। ਉਸ ਨੇ ਰਾਤ ਨੂੰ ਲਾਇਟ ਜਲਾ ਕੇ ਰੱਖਣੀ ਸ਼ੁਰੂ ਕਰ ਦਿੱਤੀ। ਦੋ ਦਿਨਾਂ ਬਾਅਦ ਉਸ ਨੇ ਮੈਨੂੰ ਦੱਸਿਆ ਕਿ ਉਸ ਨੂੰ ਅਜੇ ਵੀ ਰਾਤ ਨੂੰ ਨੀਂਦ ਨਹੀਂ ਆਉਂਦੀ। ਲਾਇਟ ਦੇ ਚਾਨਣੇ ਵੀ ਡਰ ਲੱਗਦਾ। ਮੈਂ ਉਸ ਨੂੰ ਡਾਕਟਰ ਕੋਲ ਲੈ ਕੇ ਜਾਣ ਲਈ ਕਿਹਾ ਪਰ ਉਸ ਨੇ ਨਾਂਹ ਕਰ ਦਿੱਤੀ। ਉਸ ਨੇ ਮੈਨੂੰ ਕਿਹਾ ਕਿ ਉਸ ਨੂੰ ਆਪਣੇ ਪਰਿਵਾਰ ਦੀ ਬਹੁਤ ਯਾਦ ਆਉਂਦੀ ਹੈ। ਮੈਂ ਆਪ ਆਪਣੇ ਪਰਿਵਾਰ ਤੋਂ ਦੂਰ ਹੋਣ ਕਰਕੇ ਉਸ ਦੀ ਇਸ ਗੱਲ 'ਤੇ ਯਕੀਨ ਕਰ ਗਿਆ ਅਤੇ ਉਸ ਨੇ ਸਾਨੂੰ 'ਸੌਰੀ' ਆਖ ਕੇ ਮਹੀਨਾ ਪੂਰਾ ਹੋਣ 'ਤੇ ਆਪਣੇ ਪਿੰਡ ਟਾਪੂ 'ਤੇ ਜਾਣ ਲਈ ਨੌਕਰੀ ਤੋਂ 'ਅਸਤੀਫਾ' ਦੇ ਦਿੱਤਾ ਅਤੇ ਜਾਣ ਵੇਲੇ ਉਸਨੇ ਸਾਡੇ ਤੋਂ ਮੰਗ ਕੀਤੀ ਕਿ ਜੋ ਤੁਹਾਡੇ ਕੋਲ ਪੁਰਾਣੇ ਕੱਪੜੇ ਨੇ, ਉਹ ਮੈਨੂੰ ਦੇ ਦੇਵੋ। ਮੇਰਾ ਬਾਪ ਤੇ ਭੈਣ ਭਾਈ ਉਹ ਕੱਪੜੇ ਪਾ ਕੇ ਹੰਢਾ ਲੈਣਗੇ। ਅਸੀਂ ਉਸ 'ਤੇ ਤਰਸ ਖਾ ਕੇ ਉਸ ਨੂੰ ਬਹੁਤ ਸਾਰੇ ਕੱਪੜੇ ਅਤੇ ਖਾਣ ਵਾਲੀਆਂ ਚੀਜਾਂ ਦੇ ਦਿੱਤੀਆਂ। ਉਸ ਨੂੰ ਚਾਰਾਂ ਨੇ ਫੋਨ ਨੰਬਰ ਵੀ ਲਿਖ ਕੇ ਦਿੱਤੇ ਅਤੇ ਕਿਹਾ ਕਿ ਜੇਕਰ ਤੂੰ ਵਾਪਸ ਸਾਡੇ ਕੋਲ ਆਉਣਾ ਹੋਇਆ ਤਾਂ ਫ਼ੋਨ ਕਰ ਦੇਣਾ। ਅਸੀਂ ਤੈਨੂੰ ਆਉਣ ਲਈ 'ਸ਼ਿੱਪ' (ਸਮੁੰਦਰੀ ਜਹਾਜ) ਦਾ ਕਿਰਾਇਆ ਭੇਜ ਦੇਵਾਂਗੇ।

ਉਸ ਨੇ ਵਾਪਸ ਜਾਣ ਵੇਲੇ ਗੁਆਂਢੀਆਂ ਦੀ ਨੌਕਰ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ। ਕਿਉਂਕਿ ਉਹ ਕਾਫੀ

ਗੱਲਾਂ ਦੀ ਜਾਣਕਾਰੀ ਉਸ ਨੂੰ ਦਿੰਦੀ ਰਹਿੰਦੀ ਸੀ। ਅਸੀਂ ਉਸ ਨੂੰ ਬੰਦਰਗਾਹ ’ਤੇ ਸ਼ਿੱਪ ਵਿੱਚ ਛੱਡ ਆਏ। ਦੂਸਰੇ ਦਿਨ ਸਵੇਰਾ ਹੋਇਆ ਤਾਂ ਨਾ ਸਰਹਾਣੇ ਚਾਹ ਸੀ, ਨਾ ਫਰਸ ’ਤੇ ਪੋਚਾ ਲੱਗਿਆ ਸੀ ਤੇ ਨਾ ਬਾਥਰੂਮ ਵਿੱਚ ਤੌਲੀਆ। ਪਰ ਉਹ ਜਾਣ ਲੱਗੀ ਸਾਰਿਆਂ ਦੇ ਕੱਪੜੇ ਪ੍ਰੈੱਸ ਕਰ ਗਈ ਸੀ ਅਤੇ ਅਸੀਂ ਨੌਕਰ ਦੀ ਭਾਲ ਫੇਰ ਸ਼ੁਰੂ ਕਰ ਦਿੱਤੀ। ਉਸ ਤੋਂ ਬਾਅਦ ਦੋ ਨੌਕਰਾਂ ਹੋਰ ਆਈਆ ਪਰ ਉਹ ਵੀ ਬਹੁਤਾ ਚਿਰ ਨਾ ਰੁਕੀਆਂ। ਅਸੀਂ ਸਾਡੇ ਗੁਆਂਢੀ ਨੂੰ ਨੌਕਰ ਲੱਭ ਕੇ ਦੇਣ ਲਈ ਕਿਹਾ। ਉਸ ਨੇ ਸਾਨੂੰ ਦੱਸਿਆ ਕਿ ਤੁਹਾਡੇ ਨਾਲ ਕਿਸੇ ਵੀ ਨੌਕਰ ਨੇ ਨਹੀਂ ਰਹਿਣਾ ਕਿਉਂਕਿ ਤੁਹਾਡੇ ਘਰ ਵਿੱਚ ‘ਰੂਹਾਂ’ ਦਾ ਵਾਸਾ ਹੈ। ਮਨੀਲਾ ਦੀ ਬੋਲੀ ਵਿੱਚ ‘ਰੂਹ’, ‘ਭੂਤ’ ਨੂੰ ਮੁਲਤੋ ਕਹਿੰਦੇ ਹਨ। ਅਸੀਂ ਕਿਹਾ ਸਾਨੂੰ ਤਾਂ ਦਿਖਾਈ ਨਹੀਂ ਦਿੰਦੀਆਂ ‘ਰੂਹਾਂ’। ਉਸ ਨੇ ਸਾਡੇ ਘਰ ਆ ਕੇ ਸਾਨੂੰ ਮਿੱਟੀ ਦੇ ਢੇਰ ਵਿਖਾਏ। ਉਸ ਨੇ ਦੱਸਿਆ ਕਿ ਇਹਨਾਂ ਵਿੱਚ ‘ਰੂਹਾਂ’ ਨੇ। ਇਹ ਮਿੱਟੀ ਦੇ ਢੇਰ ਆਪਣੇ ਆਪ ਉਪਰ ਵੱਲ ਵਧਣਾ ਸ਼ੁਰੂ ਹੋ ਜਾਂਦੇ ਹਨ।

ਮਨੀਲਾ ਦੇ ਲੋਕ ਵੀ ਬਹੁਤ ਵਹਿਮ ਕਰਦੇ ਹਨ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਤਾਂ ਕਈ ਵਾਰੀ ਰਾਤ ਨੂੰ ਇਹਨਾਂ ‘ਰੂਹਾਂ’ ਉੱਪਰ ਪਿਸ਼ਾਬ ਵੀ ਕਰ ਦਿੰਦੇ ਹਾਂ। ਮੇਰੇ ਨਾਲ ਦੇ ਦੋਸਤ ਥੋੜਾ ਡਰ ਗਏ। ਉਹਨਾਂ ਨੇ ਗੁਆਢੀਂ ਤੋਂ ਪੁੱਛਿਆ ਕਿ ਮਿੱਟੀ ਦੇ ਢੇਰਾਂ ਨੂੰ ਜਦੋਂ ਤੋਂ ਅਸੀਂ ਇਸ ਘਰ ਵਿੱਚ ਆਏ ਹਾਂ, ਉਦੋ ਤੋਂ ਅਸੀਂ ਇਹਨਾਂ ਨੂੰ ਵੱਡੇ ਹੁੰਦੇ ਨਹੀਂ ਵੇਖਿਆ। ਮੈਂ ਵੀ ਇਹੀ ਕਿਹਾ, ਮੈਂ ਇਹਨਾਂ ਗੱਲਾਂ ’ਤੇ ਵਿਸ਼ਵਾਸ ਨਹੀਂ ਕਰਦਾ। ਗੁਆਂਢੀ ਨੇ ਦੱਸਿਆ ਕੇ ਜਦੋਂ ਮੀਂਹ ਪਿਆ ਤਾਂ ਮੈਂ ਤੁਹਾਨੂੰ ਵਿਖਾਵਾਂਗਾ। ਇਹ ਮਿੱਟੀ ਦੇ ਰੂਹਾਂ ਵਾਲੇ ਢੇਰ ਆਪਣੇ ਆਪ ਉੱਪਰ ਵੱਲ ਵਧਣਾ ਸ਼ੁਰੂ ਕਰ ਦੇਣਗੇ। ਅਸੀਂ ਉਸ ਦਿਨ ਤੋਂ ਬਾਅਦ ਉਹਨਾਂ ਢੇਰਾਂ ਉੱਪਰ ਪਿਸ਼ਾਬ ਕਰਨਾ ਬੰਦ ਕਰ ਦਿੱਤਾ ਅਤੇ ਪਰ ਮੈਨੂੰ ਪੱਕ ਜਿਹਾ ਹੋ ਗਿਆ ਕਿ ਜੋ ਨੌਕਰਾਂ ਕੰਮ ’ਤੇ ਨਹੀਂ ਟਿਕਦੀਆਂ, ਇਹ ਮਿੱਟੀ ਦੇ ਢੇਰਾਂ ਦਾ ਡਰ ਹੀ ਹੈ। ਅਸੀਂ ਮੀਂਹ ਦੀ ਬੜੀ ਬੇਸਬਰੀ ਨਾਲ ਉਡੀਕ ਕਰਨ ਲੱਗ ਪਏ। ਮਨੀਲਾ ਸਮੁੰਦਰ ਵਿੱਚ ਟਾਪੂ ਹੈ। ਇੱਥੇ ਮੀਂਹ ਬਹੁਤ ਪੈਂਦਾ ਹੈ। ਥੋੜ੍ਹੇ ਹੀ ਦਿਨਾਂ ਬਾਅਦ ਮੀਂਹ ਪੈਣ ਲੱਗਾ। ਸਾਨੂੰ ਬੜੀ ਉਡੀਕ ਸੀ ਉਸ ਢੇਰਾਂ ਨੂੰ ਉਪਰ ਵੱਲ ਵਧਦੇ ਵੇਖਣ ਦੀ। ਦੋ ਘੰਟੇ ਮੀਂਹ ਪੈਂਦਾ ਰਿਹਾ। ਅਸੀਂ ਚਾਰੇ ਕੁਰਸੀਆਂ ਲੈ ਕੇ ਢੇਰਾਂ ਦੇ ਵਧਣ ਦੀ ਉਡੀਕ ਕਰਦੇ ਰਹੇ। ਰਾਤ ਦੇ ਨੌਂ ਵੱਜ ਗਏ ਪਰ ਉਹ ਢੇਰਾਂ ਨੂੰ ਕੋਈ ਫਰਕ ਨਾ ਪਿਆ। ਅਸੀਂ ਦੂਸਰੇ ਦਿਨ ਗੁਆਢੀ ਨੂੰ ਕਿਹਾ ਕਿ ਢੇਰ ਤਾਂ ਵਧੇ ਨਹੀਂ। ਉਹ ਕਹਿੰਦਾ ਕੱਲ ਤੱਕ ਵਧਣੇ ਸ਼ੁਰੂ ਹੋ ਜਾਣਗੇ। ਅਸੀਂ ਰਾਤ ਨੂੰ ਢੇਰਾਂ ਦੀ ਫੋਟੋ ਕਰ ਕੇ ਰੱਖ ਲਈ। ਜਦੋਂ ਦੂਜਾ ਦਿਨ ਚੜ੍ਹਿਆ ਤਾਂ ਅਸੀਂ ਵੇਖਿਆ ਉਹ ਢੇਰ ਇੱਕ ਇੱਕ ਇੰਚ ਵਧ ਚੁੱਕੇ ਸੀ। ਸਾਨੂੰ ਹੈਰਾਨੀ ਹੋਈ ਪਰ ਮੈਂ ਉਸ ਨੂੰ ਹੋਰ ਨਜਰ ਨਾਲ ਵੇਖਦਾ ਸੀ। ਪਰ ਮੇਰੇ ਨਾਲ ਵਾਲੇ ਹੋਰ ਨਜਰ ਨਾਲ ਵੇਖਦੇ ਸੀ।

ਇਹ ਸਿਲਸਲਾ ਚੱਲਦਾ ਰਿਹਾ। ਮੀਂਹ ਰੁਕ ਜਾਂਦਾ ਤਾਂ ਕਈ ਦਿਨਾਂ ਬਾਅਦ ਉਹ ਢੇਰ ਵੀ ਵਧਣਾ ਰੁਕ ਜਾਂਦੇ। ਇੱਕ ਦਿਨ ਘਰ ਦਾ ਲੱਕੜ ਦਾ ਗੇਟ ਖਰਾਬ ਹੋ ਗਿਆ। ਘਰ ਦੀ ਮਾਲਕ ਨੂੰ ਫ਼ੋਨ ਕੀਤਾ। ਉਸ ਨੇ ਲੱਕੜ ਦੇ ਮਿਸਤਰੀ ਨੂੰ ਸਾਡੇ ਘਰ ਭੇਜਿਆ। ਉਸ ਮਿਸਤਰੀ ਨੇ ਦੱਸਿਆ ਕਿ ਇਸ ਦਰਵਾਜੇ ਨੂੰ ਸਿਉਂਕ ਖਾ ਗਈ। ਇੱਥੇ ਕਿਤੇ ਨੇੜੇ ਸਿਉਂਕ ਦੇ ਘਰ ਹੋਣਗੇ। ਉਹਨਾਂ ਘਰਾਂ ਨੂੰ ਖਤਮ ਕਰਨਾ ਪਵੇਗਾ। ਉਹ ਘਰ ਖਤਮ ਨਾ ਕੀਤੇ ਤਾਂ ਇਹ ਬਦਲੇ ਹੋਏ ਦਰਵਾਜ਼ੇ ਦੀ ਸਾਡੀ ਕੋਈ ਗਰੰਟੀ ਨਹੀਂ ਹੈ। ਉਸ ਮਿਸਤਰੀ ਨੇ ਉਸ ਰੂਹਾਂ ਵਾਲੇ ਢੇਰ ਨੂੰ ਪੁੱਟਿਆਂ। ਇਸ ਵਿੱਚੋਂ ਬਹੁਤ ਸਾਰੀ ਸਿਉਂਕ ਨਿਕਲੀ ਜਿਸ ਨੂੰ ਦਵਾਈ ਨਾਲ ਮਾਰਿਆ ਗਿਆ। ਮੀਂਹ ਪੈਣ ਨਾਲ, ਸਿਉਂਕ ਮਿੱਟੀ ਕੱਢ ਕੇ ਢੇਰਾਂ ਦੇ ਉਪਰ ਲਾਉਣ ਲੱਗ ਜਾਂਦੀ। ਢੇਰ ਉੱਪਰ ਵੱਲ ਵਧਣਾ ਸ਼ੁਰੂ ਕਰ ਦਿੰਦੇ। ਜਿਸ ਨੂੰ ਮਨੀਲਾ ਦੇ ਲੋਕ ਸਦੀਆਂ ਤੋਂ ਇਕ ਡਰ ਬਣਾ ਕੇ ਅੱਗੇ ਤੋਂ ਅੱਗੇ ਆਪਣੀਆਂ ਕਹਾਣੀਆਂ ਰਾਹੀਂ ਫੈਲਾਅ ਰਹੇ ਨੇ। ਉਸ ਢੇਰ ਨੂੰ ਖਤਮ ਕਰਨ ਤੋਂ ਬਾਅਦ, ਰੂਹਾਂ ਵਾਲਾ ਡਰ ਵੀ ਖਤਮ ਹੋ ਗਿਆ। ਇੱਕ ਨੌਕਰ ਸਾਡੇ ਘਰੇ ਤਿੰਨ ਸਾਲ ਤੱਕ ਕੰਮ ਕਰਦੀ ਰਹੀ।

–ਮਨੀਲਾ


ਜ਼ਿੰਦਗੀ ਦਾ ਦੁਖਾਂਤ ਮਿੱਥੇ ਨਿਸ਼ਾਨੇ ਉੱਤੇ ਨਾ ਪਹੁੰਚਣ ਵਿੱਚ ਨਹੀਂ, ਸਗੋਂ ਕਿਸੇ ਨਿਸ਼ਾਨੇ ਤੋਂ ਸੱਖਣੇ ਹੋਣਾ ਹੈ। ਦੁਖਾਂਤ ਅਧੂਰੇ ਸੁਫ਼ਨੇ ਲੈ ਕੇ ਮਰ ਜਾਣਾ ਨਹੀਂ, ਸਗੋਂ ਸੁਫ਼ਨਿਆਂ ਦਾ ਨਾ ਹੋਣਾ ਹੈ। ਇਹ ਕੋਈ ਹੱਤਕ ਨਹੀਂ ਜੇ ਤੁਸੀਂ ਕਿਸੇ ਸਿਤਾਰੇ ’ਤੇ ਨਹੀਂ ਪਹੁੰਚ ਸਕੇ, ਪਰ ਇਹ ਹੱਤਕ ਵਾਲੀ ਗੱਲ ਹੈ ਜੇ ਤੁਹਾਡੀ ਨਜ਼ਰ ਵੱਚ ਕੋਈ ਸਿਤਾਰਾ ਹੀ ਨਾ ਹੋਵੇ।

ਬੈਂਜ਼ਾਮਿਨ

ਮਨੁੱਖ ਨੂੰ ਚਾਰ ਗਜ਼ ਜ਼ਮੀਨ ਹੀ ਨਹੀਂ, ਇੱਕ ਜਾਗੀਰ ਹੀ ਨਹੀਂ, ਸਗੋਂ ਸਾਰੀ ਧਰਤੀ ਦੀ ਲੋੜ ਹੈ, ਸਮੁੱਚੀ ਪ੍ਰਕਿਰਤੀ ਦੀ ਲੋੜ ਹੈ, ਜਿੱਥੇ ਉਹ ਪੂਰੀ ਆਜ਼ਾਦੀ ਨਾਲ ਆਪਣੀ ਸੁਤੰਤਰ ਜ਼ਮੀਰ ਦੇ ਗੁਣ ਅਤੇ ਉਹਦੀ ਸਮਰੱਥਾ ਨੂੰ ਪੂਰੇ ਤੌਰ ’ਤੇ ਪ੍ਰਗਟ ਕਰ ਸਕੇ।

ਚੈਖ਼ਵ

ਕੀ ਅੰਧਵਿਸ਼ਵਾਸ਼ਾਂ ਤੇ ਫਿਰਕਾਪ੍ਰਸਤੀ ਦੇ ਸਾਏ ਹੇਠ ਆਤਮ ਨਿਰਭਰਤਾ ਵੱਲ ਵਧੇਗਾ ਭਾਰਤ ?



- ਜਸਵੰਤ ਜੀਰਖ

ਅੰਧਵਿਸ਼ਵਾਸ਼ਾਂ ਦਾ ਸ਼ਿਕਾਰ ਹੋ ਕੇ ਹਰ ਰੋਜ ਦੇਸ਼ ਦੀ ਵੱਡੀ ਗਿਣਤੀ ਜੋ ਪਹਿਲਾਂ ਹੀ ਗਰੀਬੀ, ਬੇਰੁਜ਼ਗਾਰੀ, ਮੰਦਹਾਲੀ ਦੀ ਜ਼ਿੰਦਗੀ ਨਾਲ ਰੀਂਗ ਰਹੀ ਹੈ, ਉਹ ਅੰਧਵਿਸ਼ਵਾਸ਼ੀ ਅਮਲਾਂ ਰਾਹੀਂ ਹੋਰ ਨਿਘਾਰ ਵੱਲ ਵਧ ਰਹੀ ਹੈ। 'ਦੇਸ਼ ਦੀ ਚੌਂਕੀਦਾਰੀ ਕਰਨ ਵਾਲੇ' ਹਾਕਮ ਜ਼ੋਰ ਸ਼ੋਰ ਨਾਲ ਦਾਅਵੇ ਕਰ ਰਹੇ ਹਨ ਕਿ ਦੇਸ਼ ਆਤਮ ਨਿਰਭਰ ਹੋਣ ਵੱਲ ਤੇਜ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਇਹ ਤੇਜ ਰਫ਼ਤਾਰ ਕਿਹੜੇ ਲੋਕਾਂ ਨੂੰ 'ਆਤਮ ਨਿਰਭਰ' ਬਣਾ ਰਹੀ ਹੈ? ਇਸ ਬਾਰੇ ਦੇਸ਼ ਦੀ ਚੌਂਕੀਦਾਰੀ ਕਰਨ ਵਾਲਿਆਂ ਤੋਂ ਪੁੱਛਣਾ ਜਿਆਦਾ ਢੁਕਵਾਂ ਰਹੇਗਾ ਕਿਉਂਕਿ ਉਹ ਤਾਂ 24 ਘੰਟੇ ਹੀ ਇਸ ਅਖੌਤੀ ਤੇਜ ਰਫਤਾਰ ਦੇ ਨਾਲ ਨਾਲ ਚਲਦੇ ਹਨ। ਪਿਛਲੇ ਦਿਨੀਂ ਦਿੱਲੀ ਦੇ ਇਕ ਪਰਿਵਾਰ ਵੱਲੋਂ ਆਪਣੇ 7 ਸਾਲਾਂ ਬੱਚੇ ਨੂੰ ਬਲੱਡ ਕੈਂਸਰ ਦੀ ਲੱਗੀ ਨਾਮੁਰਾਦ ਬਿਮਾਰੀ ਦੇ ਇਲਾਜ ਲਈ ਉਸ ਨੂੰ ਗੰਗਾ ਨਦੀ ਵਿੱਚ ਨਹਾਇਆ ਗਿਆ। ਬੱਚੇ ਦੀ ਮਾਂ ਅੰਧਵਿਸ਼ਵਾਸ਼ ਦੇ ਵਿੱਚ ਫਸਕੇ ਆਪਣੇ ਬੱਚੇ ਦੀਆਂ ਗੰਗਾ ਵਿੱਚ ਡੁਬਕੀਆਂ ਲਗਾ ਰਹੀ ਟੀ. ਵੀ. ਰਾਹੀਂ ਸਭ ਨੇ ਵੇਖੀ ਹੋਵੇਗੀ । ਬੱਚੇ ਦੀ ਬਿਮਾਰੀ ਭਾਵੇਂ ਇਸ ਨਾਲ ਠੀਕ ਨਹੀਂ ਸੀ ਹੋਣੀ, ਪਰ ਉਸ ਦੇ 'ਆਤਮ ਵਿਸ਼ਵਾਸ਼' ਦੀ ਬੱਚੇ ਦੀ ਜਾਨ ਗੁਆ ਜਾਣ ਵਾਲੀ ਤਸਵੀਰ ਅਜੇ ਵੀ ਅੱਖਾਂ ਅੱਗੇ ਘੁੰਮ ਰਹੀ ਹੈ, ਜਿਸ ਨੇ ਦੇਸ਼ ਦੇ ਚੌਂਕੀਦਾਰਾਂ ਦੀ ਆਤਮ ਨਿਰਭਰਤਾ ਵੱਲ ਵਧਣ ਦੀ ਪਾਈ ਜਾ ਰਹੀ ਦੁਹਾਈ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ। ਇਸ ਦੇਸ਼ ਵਿੱਚ ਅਜਿਹਾ ਕੁੱਝ ਅਣਗਿਣਤ ਵਾਰ ਵਾਪਰ ਚੁੱਕਾ ਹੈ ਅਤੇ ਅੱਗੇ ਵੀ ਜੇ ਅੱਜ ਵਰਗੇ ਚੌਂਕੀਦਾਰ ਰਾਜਸੱਤਾ 'ਤੇ ਕਾਬਜ ਰਹੇ ਤਾਂ ਇਸ ਦੇਸ਼ ਵਿੱਚ ਅੰਧਵਿਸ਼ਵਾਸ਼ਾਂ ਦਾ ਬੋਲਬਾਲਾ ਹੋਰ ਵਧਣ ਤੋਂ ਛੁਟਕਾਰਾ ਨਹੀਂ ਮਿਲੇਗਾ।

ਦੇਸ਼ ਦੇ ਚੌਂਕੀਦਾਰਾਂ ਨੇ ਇਨਸਾਨੀਅਤ ਨੂੰ ਦਰ ਕਿਨਾਰ ਕਰਕੇ ਕੁੱਝ ਅਜਿਹੇ ਅਖੌਤੀ ਧਰਮੀ ਠੇਕੇਦਾਰਾਂ ਦਾ ਘੇਰਾ ਆਪਣੇ ਦੁਆਲੇ ਪਾਲ ਰੱਖਿਆ ਹੈ, ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਬਹੁਤ ਛੇਤੀ ਠੇਸ ਪਹੁੰਚ ਜਾਂਦੀ ਹੈ। ਇਹਨਾਂ ਠੇਕੇਦਾਰਾਂ ਵੱਲੋਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ, ਲੋਕ ਚੇਤਨਾ ਫੈਲਾ ਰਹੀ ਹਰ ਆਵਾਜ ਦਾ, ਸੱਤਾ 'ਤੇ ਬਿਰਾਜਮਾਨ ਚੌਂਕੀਦਾਰਾਂ ਦੀ ਸਰਪ੍ਰਸਤੀ ਹੇਠ, ਗਲਾ ਘੁੱਟਣ ਲਈ ਧਾਰਾ 295 ਅਤੇ 295 ਏ ਨੂੰ ਵਰਤਣ ਵਿੱਚ ਜਰਾ ਜਿੰਨੀ ਵੀ ਦੇਰੀ ਨਹੀਂ ਲਗਦੀ। ਰਾਮ ਮੰਦਰ ਦੇ ਉਦਘਾਟਨੀ ਸਮਾਰੋਹ ਵਿੱਚ ਧਰਮ ਦੇ ਪਰਦੇ ਹੇਠ ਦੇਸ਼ ਨੂੰ ਲੁੱਟਕੇ ਮਾਲੋ ਮਾਲ ਹੋ ਰਹੇ ਵੱਡੇ ਵੱਡੇ ਧਨਾਢਾਂ ਨੂੰ ਸਰਕਾਰੀ ਮਹਿਮਾਨ ਬਣਾਕੇ ਇਸ ਸਮਾਰੋਹ ਵਿੱਚ ਸਰਕਾਰੀ ਮਾਨ ਸਨਮਾਨਾਂ ਨਾਲ ਨਿਵਾਜਿਆ ਗਿਆ। ਕਰੋਨਾ ਦੀ ਮਹਾਂਮਾਰੀ ਦੌਰਾਨ ਕਰੋੜਾਂ ਲੋਕਾਂ ਦੇ ਰੁਜ਼ਗਾਰ ਖਤਮ ਹੋਏ ਤੇ ਕਰੋੜਾਂ ਘਰੋਂ ਬੇ ਘਰ ਹੋਏ। ਸੈਂਕੜੇ ਮੀਲ ਪੈਦਲ ਚੱਲਕੇ ਪੈਰਾਂ ਵਿੱਚ ਛਾਲੇ ਪੈ ਜਾਣ ਦੇ ਬਾਵਜੂਦ ਅਨੇਕਾਂ ਮਜ਼ਦੂਰ ਪੰਜਾਬ ਵਿੱਚੋਂ ਦੂਰ ਦੁਰਾਡੇ ਸੂਬਿਆਂ 'ਚ ਆਪਣੇ ਜੱਦੀ ਘਰਾਂ ਵਿੱਚ ਮੌਤ ਨਾਲ ਲੜਦੇ ਹੋਏ ਪੁੱਜੇ। ਗਰਭਵਤੀ ਔਰਤਾਂ ਨੇ ਇਹਨਾਂ ਬਿਖੜੇ ਪੈਂਡਿਆਂ ਦੌਰਾਨ ਰਸਤੇ ਵਿੱਚ ਬੱਚਿਆਂ ਨੂੰ ਜਨਮ ਦਿੱਤੇ ਅਤੇ ਨਵ ਜੰਮੇ ਬਾਲਾਂ ਨੂੰ ਬਚਾਉ ਲਈ ਮੌਤ ਨਾਲ ਖੇਡਕੇ ਆਪਣੀ ਮਮਤਾ ਨਿਭਾਈ। ਪਰ ਦੇਸ਼ ਦੇ ਚੌਂਕੀਦਾਰਾਂ ਨੇ ਸਭ ਕੁੱਝ ਵੇਖਦੇ ਹੋਏ ਵੀ ਅਣ ਵੇਖਿਆ ਕਰੀ ਰੱਖਿਆ। ਦੂਜੇ ਪਾਸੇ ਸਮੇਂ ਦੇ ਇਸੇ ਦੌਰ ਵਿੱਚ ਸਰਕਾਰੀ ਮਾਨ ਸਨਮਾਨ ਲੈ ਰਹੇ ਇਹ ਵੱਡੇ ਵੱਡੇ ਅਰਬ ਪਤੀ, ਧਨਾਢ ਖਰਬ ਪਤੀ ਕਿਵੇਂ ਬਣੇ? ਦੇਸ਼ ਦੀ ਚੌਂਕੀਦਾਰੀ ਕਰਨ ਵਾਲੇ ਵਧੇਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ। ਰੁਜ਼ਗਾਰ ਤੋਂ ਸੱਖਣੇ ਹੋਏ ਕਰੋੜਾਂ ਦੇਸ਼ ਵਾਸੀਆਂ ਵੱਲੋਂ ਇਹ ਸਵਾਲ ਪੁੱਛਣੇ ਵੀ ਬਣਦੇ ਹਨ। ਕੀ ਰਾਮ ਮੰਦਰ ਦੀ ਉਸਾਰੀ ਅਤੇ ਨਵੀਂ ਸੰਸਦੀ ਇਮਾਰਤ ਆਦਿ ਬਣਾਉਣ ਨਾਲ ਲੋਕਾਂ ਦੇ ਰੁਜ਼ਗਾਰ ਦੀ ਸਮੱਸਿਆ, ਗਰੀਬੀ ਦਾ ਵੀ ਕੋਈ ਹੱਲ ਹੋਵੇਗਾ? ਜੇ ਕੋਈ ਇਹ ਸਵਾਲ ਉਠਾਉਂਦਾ ਹੈ ਤਾਂ ਧਰਮ ਦਾ ਹੋ ਹੱਲਾ ਖੜ੍ਹਾ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾਉਣ ਵਾਲੇ 295 ਏ ਲੈ ਕੇ ਪੁਲਿਸ ਪਾਸ ਪਹੁੰਚ ਜਾਂਦੇ ਹਨ। ਅੱਗੋਂ ਪੁਲਿਸ ਵੀ ਬਿਨ੍ਹਾ ਕੋਈ ਸੱਦ ਪੁੱਛ ਤੋਂ 295 ਏ ਦੇ ਅਧੀਨ ਝੱਟ ਕੇਸ ਦਰਜ ਕਰ ਲੈਂਦੀ ਹੈ। ਪੰਜਾਬ ਵਿੱਚ ਅਜਿਹੇ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਪਰ ਦੂਜੇ ਪਾਸੇ ਜਦੋਂ ਕਠੂਆ ਵਿੱਚ ਇਕ ਬਾਲੜੀ ਨਾਲ ਮੰਦਿਰ ਵਿੱਚ ਹੀ ਬਲਾਤਕਾਰ ਕਰਨ ਦੀ ਘਟਨਾ ਵਾਪਰਦੀ ਹੈ, ਉਦੋਂ ਕਦੀ ਵੀ ਅਜਿਹੇ ਧਰਮੀਆਂ ਦੀ ਭਾਵਨਾ ਨੂੰ ਠੇਸ ਨਹੀਂ ਪਹੁੰਚਦੀ ਸਗੋਂ ਬਲਾਤਕਾਰੀਆਂ ਦੇ ਹੱਕ ਵਿੱਚ ਮਾਰਚ ਕੀਤੇ ਜਾਂਦੇ ਹਨ। ਜਦੋਂ ਬਿਲਕਸ ਬਾਨੋ ਵਰਗੀਆਂ ਔਰਤਾਂ ਦੇ ਬਲਾਤਕਾਰੀ ਦੋਸ਼ੀਆਂ ਦੀ ਉਮਰ ਕੈਦ ਖਤਮ ਕਰਕੇ

ਚੰਗੇ ਆਚਰਣ ਦਾ ਸਰਟੀਫਿਕੇਟ ਦੇ ਕੇ ਬਰੀ ਕੀਤਾ ਜਾਂਦਾ ਹੈ, ਉਦੋਂ ਕਿਸੇ ਦੀ ਵੀ ਭਾਵਨਾ ਨੂੰ ਠੇਸ ਨਹੀਂ ਪੁੱਜਦੀ। ਜਦੋਂ ਪਸ਼ੂਆਂ ਦੇ ਨਾਂ 'ਤੇ ਮਨੁੱਖਾਂ ਨੂੰ ਸ਼ਰੇਆਮ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ, ਉਦੋਂ ਵੀ ਕਿਸੇ ਦੀ ਭਾਵਨਾ ਨੂੰ ਸੱਟ ਨਹੀਂ ਵੱਜਦੀ। ਅਜਿਹਾ ਕੁੱਝ ਇੱਕ ਨਹੀਂ ਸਾਰੇ ਧਰਮਾਂ ਵਿੱਚ ਬਾਰ ਬਾਰ ਵਾਪਰਦਾ ਅਸੀਂ ਸਭ ਵੇਖ ਰਹੇ ਹਾਂ । ਬੇਅਦਬੀ ਦੇ ਨਾਂ ਹੇਠ ਧਰਮ ਅਸਥਾਨਾਂ 'ਤੇ ਕਤਲ ਹੋ ਰਹੇ ਹਨ, ਧਰਮ ਗ੍ਰੰਥਾਂ ਨੂੰ ਮੰਨਣ ਅਤੇ ਨਾ ਮੰਨਣ ਪਿੱਛੇ ਝਗੜੇ ਹੋ ਰਹੇ ਹਨ। ਪੁਰਾਤਨ ਬਣੀਆਂ ਧਰਮ 'ਤੇ ਅਧਾਰਤ ਇਮਾਰਤਾਂ ਦੇ ਨਾਂ ਹੇਠ ਫਿਰਕੂ ਨਫ਼ਰਤ ਰਾਹੀਂ ਮਨੁੱਖਤਾ ਕਤਲ ਹੋ ਰਹੀ ਹੈ, ਪਰ ਅਜਿਹੇ ਹਾਲਾਤਾਂ ਨੂੰ ਜਨਮ ਦੇਣ ਵਾਲੇ, ਇਸ ਦੇਸ਼ ਦੇ ਰਖਵਾਲੇ ਕਹਾਉਣ, ਬੜੇ ਸਿਤਮ ਵਾਲੀ ਗੱਲ ਹੈ।

ਦੁਨੀਆਂ ਨੂੰ ਨਵੀਂ ਰੌਸ਼ਨੀ ਦੇਣ ਵਾਲੇ ਗੈਲੀਲੀਓ, ਬਰੂਨੋ, ਕਾਪਰਨਿਕਸ ਵਰਗੇ ਅਨੇਕਾਂ ਹੀ ਵਿਗਿਆਨੀ ਧਰਮਾਂ ਦੇ ਠੇਕੇਦਾਰਾਂ ਨੇ ਇਸ ਕਰਕੇ ਸਰੀਰਕ ਤਸੀਹੇ ਦੇ ਕੇ ਹਕੂਮਤਾਂ ਪਾਸੋਂ ਕਤਲ ਕਰਵਾਏ, ਕਿਉਂਕਿ ਉਹਨਾਂ ਦੀਆਂ ਵਿਗਿਆਨਕ ਖੋਜਾਂ ਧਰਮ ਵਿੱਚ ਮੰਨੀ ਜਾਂਦੀ ਮਾਨਤਾ ਨੂੰ ਝੁਠਲਾਉਂਦੀਆਂ ਸਨ। ਪਰ ਅੱਜ ਉਹਨਾਂ ਹੀ ਵਿਗਿਆਨੀਆਂ ਦੀਆਂ ਖੋਜਾਂ ਰਾਹੀਂ ਸਿੱਧ ਕੀਤੀਆਂ ਸੱਚਾਈਆਂ ਨੂੰ ਪੂਰੀ ਦੁਨੀਆਂ ਮੰਨ ਰਹੀ ਹੈ। ਇਸ ਦੇ ਬਾਵਜੂਦ ਅੱਜ ਵੀ ਸਾਡੇ ਸਾਹਮਣੇ ਅਜਿਹਾ ਕੁੱਝ ਹੀ ਵਾਪਰ ਰਿਹਾ ਹੈ ਜਿਸ ਰਾਹੀਂ ਧਰਮਾਂ ਦੇ ਪਰਦੇ ਹੇਠ ਗੈਰ ਵਿਗਿਆਨਕ ਮਾਨਤਾਵਾਂ ਨੂੰ ਪ੍ਰਚਾਰ ਕੇ ਦੇਸ਼ ਦੀ ਜਨਤਾ ਨੂੰ ਅੰਧਵਿਸ਼ਵਾਸ਼ਾਂ ਅਤੇ ਫਿਰਕਾਪ੍ਰਸਤੀ ਵੱਲ ਧੱਕਿਆ ਜਾ ਰਿਹਾ ਹੈ। ਜੇਕਰ ਕੋਈ ਉਹਨਾਂ ਨੂੰ ਅਜਿਹੇ ਹਾਲਾਤਾਂ ਤੋਂ ਮੁਕਤ ਕਰਨ ਦੀ ਗੱਲ ਕਰਦਾ ਹੈ ਤਾਂ ਧਰਮ ਦੇ ਅਖੌਤੀ ਚੌਧਰੀਆਂ ਵੱਲੋਂ ਭਾਵਨਾ ਨੂੰ ਠੇਸ ਪਹੁੰਚਣ ਦਾ ਹੋ ਹੱਲਾ ਖੜ੍ਹਾ ਕਰ ਲਿਆ ਜਾਂਦਾ ਹੈ। ਭਾਵੇਂ ਵਿਗਿਆਨ 'ਤੇ ਅਧਾਰਿਤ ਪ੍ਰਚਾਰ ਕਰਕੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਦੇ ਯਤਨ ਕਰਨ ਦੀ ਸੰਵਿਧਾਨਕ ਜ਼ੁੰਮੇਵਾਰੀ ਹਰ ਨਾਗਰਿਕ ਦੀ ਹੈ, ਪਰ ਧਰਮ ਦੇ ਨਾਂ 'ਤੇ ਦੁਕਾਨਾਂ ਚਲਾ ਰਹੇ 'ਧਰਮੀਆਂ' ਨੂੰ ਆਪਣੀ ਗਾਹਕੀ ਘਟਣ ਦੇ ਡਰੋਂ, ਅਜਿਹਾ ਰਾਸ ਨਹੀਂ ਆਉਂਦਾ । ਇਸ ਲਈ ਲੋਕਾਂ ਨੂੰ ਧਰਮਾਂ ਦੁਆਰਾ ਸਥਾਪਤ ਕੀਤੀਆਂ ਗਈਆਂ ਗੈਰ ਵਿਗਿਆਨਕ ਮਾਨਤਾਵਾਂ ਨੂੰ ਨਾ ਮੰਨਣ ਦਾ ਪ੍ਰਚਾਰ ਕਰਨ ਬਦਲੇ, 295/295 ਏ ਵਰਗੇ ਕੇਸ ਦਰਜ ਹੋਣੇ ਸੰਵਿਧਾਨ ਦੀ ਸਰਾਸਰ ਉਲੰਘਣਾ ਹੈ। ਸਮੇਂ ਦੇ ਮੌਜੂਦਾ ਦੌਰ ਅੰਦਰ ਸਮਾਜ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡਕੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਕਰਨ ਬਦਲੇ, ਮਨੁੱਖਤਾ ਦਾ ਖ਼ੂਨ ਵਹਾਉਣ ਵਾਲੇ ਸਿਆਸਤਦਾਨ ਅਤੇ ਧਰਮਾਂ ਦੇ ਅਲੰਬਰਦਾਰਾਂ ਦੀ ਆਪਸੀ ਸਾਂਝ ਦੇ ਅਨੇਕਾਂ ਕਿੱਸਿਆਂ ਰਾਹੀਂ, ਇਹਨਾਂ ਦੀ ਮਿਲੀ ਭੁਗਤ ਦੇ ਨਮੂਨੇ ਵੇਖੇ ਜਾ ਸਕਦੇ ਹਨ। ਇਹ ਨਮੂਨੇ 1947 ਤੋਂ ਬਾਅਦ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਕਈ ਹੋਰ ਵੱਡੇ ਸ਼ਹਿਰਾਂ ਅਤੇ 2002 ਵਿੱਚ ਗੁਜਰਾਤ, 2023 ਵਿੱਚ ਮਨੀਪੁਰ, ਹਰਿਆਣਾ ਆਦਿ ਵਿੱਚ ਇਨਸਾਨਾਂ ਦੇ ਵੱਡੀ ਪੱਧਰ 'ਤੇ ਡੁੱਲ੍ਹੇ ਖ਼ੂਨ ਰਾਹੀਂ ਸਪੱਸ਼ਟ ਵੇਖੇ ਜਾ ਸਕਦੇ ਹਨ।

ਅੱਜ ਹਰ ਪੰਜੀਂ ਸਾਲੀਂ ਰਾਜ ਗੱਦੀਆਂ 'ਤੇ ਬਿਰਾਜਮਾਨ ਹੋ ਰਹੇ ਰੰਗ ਬਰੰਗੀਆਂ ਸਿਆਸੀ ਪਾਰਟੀਆਂ ਦੇ ਆਗੂਆਂ, ਜੋ ਨਵੇਂ ਨਵੇਂ ਵਾਅਦਿਆਂ ਦੀ ਪੂਰਤੀ ਦੀ ਗਰੰਟੀ ਦੇ ਲਾਰਿਆਂ ਰਾਹੀਂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਲੋਕ ਲਭਾਉਣੇ ਫੁਰਮਾਨ ਜਾਰੀ ਕਰ ਰਹੇ ਹਨ, ਨੂੰ ਸਵਾਲ ਪੁੱਛਣ ਦੀ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ। 2024 ਦੀਆਂ ਚੋਣਾਂ ਸਿਰ 'ਤੇ ਹਨ, ਇਸ ਸਮੇਂ ਲੋਕਾਂ ਨੂੰ ਧਰਮਾਂ ਜਾਤਾਂ, ਫਿਰਕਿਆਂ ਵਿੱਚ ਵੰਡਕੇ ਉਹਨਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਦੂਜੇ ਪਾਸੇ ਕਰਨ ਦੇ ਸਿਰਤੋੜ ਯਤਨ ਸੱਤਾ 'ਤੇ ਕਾਬਜ ਧਿਰ ਦੀ ਛਤਰਛਾਇਆ ਹੇਠ ਹੁੰਦੇ ਵੇਖ ਰਹੇ ਹਾਂ। ਅਜਿਹੇ ਸਮੇਂ ਲੋਕਾਂ ਦੀ ਕੀ ਜ਼ੁੰਮੇਵਾਰੀ ਬਣਦੀ ਹੈ, ਬਾਰੇ ਲੋਕ ਚੇਤਨਾ ਫੈਲਾਉਣ ਦਾ ਵਰਤਾਰਾ ਨਿਰੰਤਰ ਜਾਰੀ ਰੱਖਣਾ ਬੇਹੱਦ ਜਰੂਰੀ ਹੈ। ਭਾਵੇਂ ਇਹ ਚੇਤਨਾ ਫੈਲਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਲਈ ਸਰਕਾਰੀ ਸਹਿ ਹੇਠ ਧਰਮ ਦੀ ਹੇਠੀ ਕਰਨ ਦੇ ਬਹਾਨੇ 295/295 ਏ ਦੇ ਅਧੀਨ ਪਰਚੇ ਦਰਜ ਕਰਕੇ ਸਹੀ ਤੇ ਵਿਗਿਆਨ ਅਧਾਰਿਤ ਆਵਾਜ ਬੰਦ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ, ਪਰ ਅੰਤ ਜਿੱਤ ਵਿਗਿਆਨ 'ਤੇ ਅਧਾਰਤ ਵਿਚਾਰਧਾਰਾ ਦੀ ਹੀ ਹੋਣੀ ਹੈ ਅਤੇ ਸਰਕਾਰੀ ਸਰਪ੍ਰਸਤੀ ਹੇਠ ਪਨਪ ਰਹੇ ਅੰਧਕਾਰ ਦਾ ਖਾਤਮਾ ਅਟੱਲ ਹੈ। ਦੇਸ਼ ਦੀ ਚੌਂਕੀਦਾਰੀ ਕਰਨ ਦਾ ਹੋਕਾ ਦੇ ਕੇ ਸੱਤਾ 'ਚ ਆਏ ਇਹ ਗੱਲ ਜਾਣਦੇ ਹੋਏ ਵੀ ਆਪਣੀ ਸੱਤਾ ਦੇ ਗਰੂਰ ਹੇਠ ਵਿਗਿਆਨਕ ਦਲੀਲਾਂ ਦਾ ਜਵਾਬ ਨਾ ਦੇ ਕੇ, ਧਰਮ ਨੂੰ ਪੁਰਾਣੀ ਸੰਸਕ੍ਰਿਤੀ ਬਹਾਲ ਕਰਨ ਲਈ ਵਰਤਦਿਆਂ, ਸੰਵਿਧਾਨਕ ਉਲੰਘਣਾ ਕਰਨ ਦੀ ਵੀ ਪ੍ਰਵਾਹ ਨਹੀਂ ਕਰ ਰਹੇ। ਜਿਹੜੇ ਸੰਵਿਧਾਨ ਨੂੰ ਮੰਨਣ ਦੀ ਸੌਂਹ ਖਾ ਕੇ ਉਸ ਦੀ ਪਾਲਣਾ ਕਰਨ ਦਾ ਵਾਅਦਾ ਕਰਕੇ ਰਾਜ ਗੱਦੀ ਸੰਭਾਲੀ ਸੀ, ਉਸ ਨਾਲ ਵਾਅਦਾ ਖਿਲਾਫ਼ੀ ਹੀ ਨਹੀਂ ਸਗੋਂ ਉਸ ਨੂੰ ਮੰਨਣ ਤੋਂ ਹੀ ਕਿਨਾਰਾ ਕੀਤਾ ਜਾ ਰਿਹਾ ਹੈ। ਇਸ ਲਈ ਸੰਵਿਧਾਨਕ ਜ਼ੁੰਮੇਵਾਰੀਆਂ ਨਾ ਨਿਭਾਉਣ ਵਾਲਿਆਂ ਨੂੰ ਕੋਈ ਹੱਕ ਨਹੀਂ ਕਿ ਉਹ ਧਰਮ ਦੀ ਤੌਹੀਨ ਦੇ ਬਹਾਨੇ ਗੈਰ ਵਿਗਿਆਨਕ

ਬਾਕੀ ਪੰਨਾ 55 'ਤੇ

ਸੁਪਰੀਮ ਕੋਰਟ ਵੱਲੋਂ ਧਰਮ ਤੇ ਜਾਤ ਲਿਖਣ 'ਤੇ ਲਾਈ ਗਈ ਪਾਬੰਦੀ



ਡਾ. ਹਰਿੰਦਰ ਲਾਲੀ

ਸਾਡੇ ਸਮਾਜ ਵਿੱਚ ਕਾਫੀ ਵਰਤਾਰੇ ਅਜਿਹੇ ਚੱਲ ਰਹੇ ਹਨ ਜੋ ਸਾਡੇ ਭਾਈਚਾਰਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਂਦੇ ਚਲੇ ਆ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਹੈ ਵਿਅਕਤੀਆਂ ਦੇ ਨਾਮ ਨਾਲ ਜਾਤ ਅਤੇ ਧਰਮ ਦਾ ਠੱਪਾ ਲਾਇਆ ਜਾਣਾ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਸਮੇਤ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਵੱਲੋਂ ਇਸ ਨੂੰ ਬੰਦ ਕਰਵਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਇਸੇ ਸੰਦਰਭ ਵਿੱਚ ਲਗਭਗ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਸਦੀਆਂ ਤੋਂ ਕਚਿਹਰੀਆਂ-ਥਾਣਿਆਂ ਵਿੱਚ ਅਲੱਗ-ਅਲੱਗ ਮੁਕੱਦਮਿਆਂ ਨਾਲ ਜੁੜੀਆਂ ਧਿਰਾਂ ਦੇ ਨਾਮ ਨਾਲ ਧਰਮ ਅਤੇ ਜਾਤ ਲਿਖਣੀ ਲਾਜ਼ਮੀ ਹੁੰਦੀ ਹੈ। ਤਰਕ ਇਹ ਦਿੱਤਾ ਜਾਂਦਾ ਹੈ ਕਿ ਅਜਿਹਾ ਕਿਸੇ ਬੰਦੇ ਦੀ ਸੌਖੀ ਪਛਾਣ ਕਰਨ ਲਈ ਕੀਤਾ ਜਾਂਦਾ ਹੈ। ਸ਼ਨਾਖ਼ਤ ਕਰਨ ਦਾ ਇਹ ਉਦੋਂ ਇੱਕ ਸੌਖਾ ਤਰੀਕਾ ਸਮਝਿਆ ਜਾਂਦਾ ਹੈ ਜਦੋਂ ਇੱਕ ਹੀ ਇਲਾਕੇ ਵਿੱਚ ਕੁੱਝ ਵਿਅਕਤੀਆਂ ਦੇ ਅਤੇ ਉਹਨਾਂ ਦੇ ਬਾਪਾਂ ਦੇ ਨਾਮ ਆਪਸ ਵਿੱਚ ਮਿਲਦੇ ਹੋਣ, ਤਾਂ ਅਜਿਹੇ ਮੌਕੇ 'ਤੇ ਪਤਾ ਕੀਤਾ ਜਾਂਦਾ ਹੈ ਕਿ ਕਿਹੜਾ ਵਿਅਕਤੀ ਕਿਸ ਜਾਤ ਦਾ ਹੈ ਅਤੇ ਕਿਸ ਧਰਮ ਨੂੰ ਮੰਨਦਾ ਹੈ। ਸੋ ਇਸ ਤਰ੍ਹਾਂ ਧਰਮ-ਜਾਤ ਦੇ ਆਧਾਰ 'ਤੇ ਉਹਨਾਂ ਸਬੰਧਤ ਵਿਅਕਤੀਆਂ ਦਰਮਿਆਨ ਆਪਸ ਵਿੱਚ ਨਿਖੇੜਾ ਕਰ ਲਿਆ ਜਾਂਦਾ ਹੈ। ਪਰ ਧਰਮ-ਜਾਤ ਦੇ ਆਧਾਰ 'ਤੇ ਪਛਾਣ ਕਰਨ ਨਾਲ ਨਾਗਰਿਕਾਂ ਵਿੱਚ ਆਪਸੀ ਬਖੇੜੇ ਸ਼ੁਰੂ ਹੁੰਦੇ ਅਤੇ ਵਧਦੇ ਰਹਿੰਦੇ ਹਨ, ਕਿਤੇ ਅਖੌਤੀ ਉੱਚੀਆਂ-ਨੀਵੀਆਂ ਜਾਤਾਂ ਦੇ ਨਾਮ 'ਤੇ ਅਤੇ ਕਿਤੇ ਧਰਮਾਂ ਦੇ ਅਸੂਲਾਂ ਦੇ ਨਾਮ 'ਤੇ। ਜਦੋਂ ਕਿ ਸਭ ਤੋਂ ਪਹਿਲਾਂ ਆਪਾਂ ਸਾਰੇ ਮਨੁੱਖ ਹਾਂ ਤੇ ਭਾਰਤ ਦੇ ਨਾਗਰਿਕ ਹਾਂ। ਬਾਪ, ਦਾਦੇ, ਪੜਦਾਦੇ ਦੇ ਨਾਮ ਤੋਂ ਵੀ ਤਾਂ ਪਛਾਣ ਕਰਨੀ ਸੌਖੀ ਹੈ। ਫਿਰ ਇਹ ਤਰੀਕਾ ਕਿਉਂ ਨਹੀਂ ਅਪਣਾਇਆ ਜਾਂਦਾ?

ਪਰ ਹੁਣ **No Religion-No Caste** ਦੀ ਧਾਰਨਾ ਨੂੰ ਬਲ ਦੇਣ ਵਾਲਾ ਸੁਪਰੀਮ ਕੋਰਟ ਵੱਲੋਂ ਇੱਕ ਫ਼ੈਸਲਾ ਦਿੱਤਾ ਗਿਆ ਹੈ ਜੋ ਇਤਿਹਾਸਕ ਹੈ।

ਹੋਇਆ ਇਸ ਤਰ੍ਹਾਂ ਕਿ ਪਿਛਲੇ ਦਿਨੀਂ ਮਿਤੀ 10-01-2024 ਨੂੰ ਟਰਾਂਸਫਰ ਪਟੀਸ਼ਨ (ਸਿਵਲ) ਨੰਬਰ 1957/2023, ਕੇਸ ਅਨੁਵਾਨ-ਸ਼ਮਾ ਸ਼ਰਮਾ ਬਨਾਮ ਕਿਸ਼ਨ ਕੁਮਾਰ ਨਾਮ ਦੇ ਇੱਕ ਪਰਿਵਾਰਕ ਮੁਕੱਦਮੇ ਦਾ ਫ਼ੈਸਲਾ ਕਰਦੇ ਹੋਏ ਭਾਰਤ ਦੀ ਸੁਪਰੀਮ ਕੋਰਟ ਵਿਖੇ ਕੋਰਟ ਨੰਬਰ-11 ਦੇ ਜਸਟਿਸ ਹੇਮਾ ਕੋਹਲੀ ਅਤੇ ਜਸਟਿਸ ਅਹਿਸਾਨੂਦੀਨ ਅਮਾਨਉੱਲਾ 'ਤੇ ਅਧਾਰਤ ਬੈਂਚ ਨੇ ਹੁਕਮ ਪਾਸ ਕੀਤਾ ਹੈ ਕਿ ਮੁਕੱਦਮਿਆਂ ਦੀਆਂ ਧਿਰਾਂ ਦੇ ਜਾਤ/ਧਰਮ ਦਰਜ ਕਰਨ ਵਿੱਚ ਸਾਨੂੰ ਕੋਈ ਵੀ ਕਾਰਨ ਨਜ਼ਰ ਨਹੀਂ ਆ ਰਿਹਾ। ਅਜਿਹੇ ਵਰਤਾਰੇ ਨੂੰ ਤਿਆਗ ਦਿੱਤਾ ਜਾਵੇ ਅਤੇ ਤੁਰੰਤ ਬੰਦ ਕਰ ਦਿੱਤਾ ਜਾਵੇ।

ਜਿਸ ਕੇਸ ਦੀ ਸੁਣਵਾਈ ਦੌਰਾਨ ਉਕਤ ਹੁਕਮ ਪਾਸ ਕੀਤਾ ਗਿਆ ਹੈ ਉਸ ਨੂੰ ਰਾਜਸਥਾਨ ਵਿਖੇ ਗੰਗਾਨਗਰ ਦੀ ਇੱਕ ਪਰਿਵਾਰਕ ਅਦਾਲਤ ਵਿੱਚੋਂ ਤਬਦੀਲ ਕਰਕੇ ਬਾਕੀ ਦੀ ਸੁਣਵਾਈ ਅਤੇ ਫ਼ੈਸਲਾ ਕਰਨ ਵਾਸਤੇ ਪੰਜਾਬ ਵਿਚਲੇ ਜ਼ਿਲ੍ਹਾ ਫ਼ਰੀਦਕੋਟ ਦੀ ਇੱਕ ਪਰਿਵਾਰਕ ਅਦਾਲਤ ਵਿੱਚ ਭੇਜਿਆ ਗਿਆ ਹੈ ਜੋ ਪੰਜਾਬੀ ਲੋਕਾਂ ਲਈ ਹੋਰ ਵੀ ਰੋਚਿਕ ਤੱਥ ਹੈ।

ਇਹ ਮਾਮਲਾ ਉਦੋਂ Highlight ਹੋਇਆ ਜਦੋਂ ਉਕਤ ਜੱਜਾਂ ਨੇ ਪਟੀਸ਼ਨਰ ਦੇ ਵਕੀਲ ਸਾਹਿਬ ਤੋਂ ਹੈਰਾਨੀ ਨਾਲ ਪੁੱਛਿਆ ਕਿ ਪਟੀਸ਼ਨ ਵਿੱਚ ਧਿਰਾਂ ਦੇ ਜਾਤੀ-ਧਰਮ ਕਿਉਂ ਲਿਖੇ ਗਏ ਹਨ ਤੇ ਵਕੀਲ ਸਾਹਿਬ ਨੇ ਉੱਤਰ ਦਿੱਤਾ ਕਿ ਕੇਸ ਦਾਇਰ ਕਰਨ ਵੇਲੇ ਉਨ੍ਹਾਂ ਨੂੰ ਖ਼ਦਸ਼ਾ ਸੀ ਜੇਕਰ ਧਿਰਾਂ ਦੇ ਜਾਤ-ਧਰਮ ਦਾ ਵੇਰਵਾ ਪਟੀਸ਼ਨ ਵਿੱਚ ਨਾ ਦਰਜ ਕੀਤਾ ਗਿਆ ਤਾਂ ਕਿਤੇ ਰਜਿਸਟਰੀ ਵੱਲੋਂ ਉਸ ਦੀ ਪਟੀਸ਼ਨ ਉੱਪਰ ਇਤਰਾਜ਼ ਨਾ ਲੱਗ ਜਾਣ ਤੇ ਸਿੱਟੇ ਵਜੋਂ ਉਸ ਦੀ ਪਟੀਸ਼ਨ ਦੀ ਸੁਣਵਾਈ ਲੇਟ ਹੋ ਜਾਵੇ।

'ਰਜਿਸਟਰੀ' ਨਾਮ ਦੀ ਇੱਕ ਅਜਿਹੀ ਬ੍ਰਾਂਚ ਹੁੰਦੀ ਹੈ ਜੋ ਹਰ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਸਥਾਪਤ ਕੀਤੀ ਹੋਈ ਹੁੰਦੀ ਹੈ ਜਿਸ ਨੇ ਸਬੰਧਤ ਅਦਾਲਤਾਂ ਵਿੱਚ ਦਾਇਰ ਕੀਤੇ ਜਾਣ ਵਾਲੇ ਸਾਰੇ ਮੁਕੱਦਮਿਆਂ ਦੀਆਂ ਮਿਸਲਾਂ ਨੂੰ ਸੁਣਵਾਈ ਤੋਂ ਪਹਿਲਾਂ ਚੰਗੀ ਤਰ੍ਹਾਂ ਚੈੱਕ ਕਰਨਾ ਹੁੰਦਾ ਹੈ ਅਤੇ ਜੇਕਰ ਕਿਸੇ ਮਿਸਲ ਵਿੱਚ ਕਿਸੇ ਪ੍ਰਕਾਰ ਦੀ ਕੋਈ ਕਮੀ-ਪੇਸ਼ੀ ਹੋਵੇ ਤਾਂ ਰਜਿਸਟਰੀ ਵੱਲੋਂ ਇਤਰਾਜ਼ ਲਾ ਦਿੱਤਾ ਜਾਂਦਾ ਹੈ। ਜਦੋਂ ਤੱਕ ਸਬੰਧਤ ਇਤਰਾਜ਼ ਦੀ ਪੂਰਤੀ ਨਹੀਂ ਹੋ ਜਾਂਦੀ ਭਾਵ ਇਤਰਾਜ਼ ਵਿੱਚ ਦੱਸੀ ਗਈ ਕਮੀ-ਪੇਸ਼ੀ ਦੂਰ ਨਹੀਂ ਹੋ ਜਾਂਦੀ ਉਦੋਂ ਤੱਕ ਉਹ ਕੇਸ ਕੱਚਾ ਹੀ ਰਹਿੰਦਾ ਹੈ ਅਤੇ ਅਦਾਲਤ ਉਸ 'ਤੇ ਸੁਣਵਾਈ ਹੀ ਨਹੀਂ ਕਰਦੀ। ਅਜਿਹੇ ਇਤਰਾਜ਼ਾਂ ਤੋਂ

ਬਾਕੀ ਪੰਨਾ 40 'ਤੇ

7 ਨਵੰਬਰ 1917 ਨੂੰ ਹੋਏ ਰੂਸੀ ਇਨਕਲਾਬ ਨੂੰ ਕਿਉਂ ਕਿਹਾ ਜਾਂਦਾ "ਅਕਤੂਬਰ ਇਨਕਲਾਬ"?

ਰਾਜਪਾਲ ਸਿੰਘ

ਤਰਕਸ਼ੀਲ ਕੈਲੰਡਰ ਦੇਖ ਕੇ ਇੱਕ ਮਿੱਤਰ ਦਾ ਫ਼ੋਨ ਆਇਆ ਕਿ ਤੁਸੀਂ ਇਸ ਕੈਲੰਡਰ ਵਿੱਚ ਨਿਊਟਨ ਦਾ ਜਨਮ ਦਿਨ 4 ਜਨਵਰੀ ਨੂੰ ਲਿਖਿਆ ਹੈ ਜਦ ਕਿ ਇੰਟਰਨੈੱਟ ਉੱਤੇ ਉਸਦਾ ਜਨਮ 25 ਦਸੰਬਰ ਨੂੰ ਹੋਇਆ ਲਿਖਿਆ ਹੈ। ਉਸ ਨੇ ਦੱਸਿਆ ਕਿ ਉਹ ਸ਼ਹੀਦ ਭਗਤ ਸਿੰਘ ਲਾਇਬਰੇਰੀ ਜੀਦਾ ਵਿਖੇ ਵਿਦਿਆਰਥੀਆਂ ਅਤੇ ਪਾਠਕਾਂ ਨਾਲ ਰਲ ਕੇ ਵਿਗਿਆਨੀਆਂ ਦੇ ਜਨਮ ਦਿਨ ਮਨਾਉਣ ਦਾ ਪ੍ਰੋਗਰਾਮ ਚਲਾ ਰਹੇ ਹਨ, ਇਸ ਲਈ ਉਨ੍ਹਾਂ ਨੂੰ ਸਹੀ ਜਨਮ ਮਿਤੀਆਂ ਦੀ ਲੋੜ ਹੈ। ਨੈੱਟ ਖੋਲ੍ਹ ਕੇ ਵੇਖਿਆ ਤਾਂ ਉਸ ਦੀ ਗੱਲ ਸਹੀ ਸੀ। ਵਿਕੀਪੀਡੀਆ ਉੱਤੇ ਜਨਮ ਮਿਤੀ 25 ਦਸੰਬਰ 1642 ਦਰਜ ਸੀ, ਹਿਸਟਰੀ ਚੈਨਲ ਦੀ ਵੈੱਬਸਾਈਟ 'ਤੇ 4 ਜਨਵਰੀ 1643 ਲਿਖਿਆ ਸੀ ਜਦ ਕਿ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਉੱਤੇ ਦੋਵੇਂ ਮਿਤੀਆਂ ਲਿਖੀਆਂ ਸਨ। ਫਿਰ ਸਹੀ ਮਿਤੀ ਕੀ ਹੋਵੇਗੀ? ਸਹੀ ਮਿਤੀ 4 ਜਨਵਰੀ ਹੀ ਹੈ। ਕਿਉਂ ਸਹੀ ਹੈ, ਇਹ ਇਸ ਪੂਰੇ ਲੇਖ ਵਿੱਚੋਂ ਸਪਸ਼ਟ ਹੋਵੇਗਾ।

ਅਜਿਹਾ ਇੱਕ ਸੁਆਲ ਰੂਸੀ ਇਨਕਲਾਬ ਬਾਰੇ ਵੀ ਉੱਠਦਾ ਹੈ ਕਿ ਰੂਸ ਦਾ ਇਨਕਲਾਬ 7 ਨਵੰਬਰ 1917 ਨੂੰ ਵਾਪਰਿਆ, ਪਰ ਇਸ ਨੂੰ ਕਿਹਾ 'ਅਕਤੂਬਰ ਇਨਕਲਾਬ' ਜਾਂਦਾ ਹੈ, ਕਿਉਂ? ਇਸ ਸਵਾਲ ਦਾ ਜਵਾਬ ਵੀ ਇਸ ਲੇਖ ਵਿੱਚੋਂ ਹੀ ਮਿਲੇਗਾ।

ਜਦ ਮਨੁੱਖ ਨੇ ਰੁੱਤਾਂ ਦੇ ਚੱਕਰ ਨੂੰ, ਅਕਾਸ਼ੀ ਘਟਨਾਵਾਂ ਦੇ ਮੁੜ ਮੁੜ ਵਾਪਰਨ ਅਤੇ ਸਮੇਂ ਦੇ ਗੇੜ ਨੂੰ ਸਮਝਣਾ ਸ਼ੁਰੂ ਕੀਤਾ ਤਾਂ ਉਸ ਨੇ ਸਮੇਂ ਨੂੰ ਵੱਖ ਵੱਖ ਇਕਾਈਆਂ ਵਿੱਚ ਵੰਡਣਾ ਸ਼ੁਰੂ ਕੀਤਾ। ਸਾਲ, ਮਹੀਨੇ, ਦਿਨ, ਪਹਿਰ, ਘੜੀ, ਘੰਟੇ ਸਭ ਸਮੇਂ ਦੇ ਟੁਕੜਿਆਂ ਨੂੰ ਨਿਸ਼ਚਿਤ ਕਰਨ ਦੇ ਢੰਗ ਸਨ। ਇਸੇ ਵਿੱਚੋਂ ਹੀ ਲਗਾਤਾਰ ਚੱਲ ਰਹੇ ਸਮੇਂ ਦਾ ਹਿਸਾਬ ਰੱਖਣ ਲਈ ਕੈਲੰਡਰ ਬਣਾਇਆ ਗਿਆ। ਅੱਡ ਅੱਡ ਸਭਿਆਤਾਵਾਂ ਵਿੱਚ ਅਲੱਗ ਅਲੱਗ ਤਰ੍ਹਾਂ ਦੇ ਕੈਲੰਡਰ ਚਾਲੂ ਹੋਏ। ਕੁੱਝ ਨੇ ਇਸ ਦਾ ਆਧਾਰ ਚੰਦ ਦੀਆਂ ਗਤੀਆਂ ਨੂੰ ਬਣਾਇਆ, ਕੁੱਝ ਨੇ ਸੂਰਜ ਦੀ ਗਤੀ ਨੂੰ ਅਤੇ ਕੁੱਝ ਨੇ ਦੋਹਾਂ ਨੂੰ ਵਰਤਿਆ। ਇਹਨਾਂ ਵਿੱਚੋਂ ਜੋ ਕੈਲੰਡਰ ਸਭ ਤੋਂ ਵੱਧ ਪ੍ਰਚਲਿਤ ਹੋਇਆ ਉਹ ਸੀ ਮਸ਼ਹੂਰ ਰੋਮਨ ਸਮਰਾਟ ਜੂਲੀਅਸ ਸੀਜ਼ਰ ਵੱਲੋਂ ਚਲਾਇਆ ਗਿਆ ਕੈਲੰਡਰ ਜਿਸ ਨੂੰ ਉਸਦੇ ਨਾਮ ਉੱਤੇ ਹੀ ਜੂਲੀਅਨ ਕੈਲੰਡਰ ਵਜੋਂ ਜਾਣਿਆ ਜਾਂਦਾ ਹੈ। ਇਸ ਕੈਲੰਡਰ ਅਨੁਸਾਰ ਸਾਲ ਵਿੱਚ 365 ਦਿਨ ਮੰਨੇ ਗਏ ਪਰ ਵੇਖਿਆ ਗਿਆ ਕਿ 365 ਦਿਨਾਂ ਬਾਅਦ ਸਾਲ ਬਦਲਦੇ ਰਹਿਣ ਨਾਲ ਕੁੱਝ ਸਾਲਾਂ ਬਾਅਦ ਉਨ੍ਹਾਂ ਹੀ ਮਿਤੀਆਂ ਨੂੰ ਮੌਸਮ ਹੋਰ ਹੋਣ ਲੱਗ ਪੈਂਦਾ ਸੀ, ਅਕਾਸ਼ੀ ਘਟਨਾਵਾਂ ਜਿਵੇਂ ਚੰਨ ਤਾਰਿਆਂ ਦੀਆਂ ਪੁਜੀਸ਼ਨਾਂ ਅਤੇ ਗ੍ਰਹਿਣ ਆਦਿ ਲੱਗਣ ਦੇ ਹਿਸਾਬ ਕਿਤਾਬ ਵਿੱਚ ਫਰਕ ਪੈ ਜਾਂਦਾ ਸੀ। ਇਸ ਨੂੰ ਦੂਰ ਕਰਨ ਲਈ ਹਰ ਚਾਰ ਸਾਲ ਬਾਅਦ ਲੀਪ ਦੇ ਸਾਲ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ 366 ਦਿਨ ਕੀਤੇ ਗਏ। ਇਸ ਨਾਲ ਇੱਕ ਵਾਰ ਤਾਂ ਸਮੱਸਿਆ ਹੱਲ ਹੋ ਗਈ ਜਾਪੀ। ਹਰ ਚੌਥੇ ਸਾਲ ਨੂੰ ਲੀਪ ਦਾ ਸਾਲ ਬਣਾ ਲੈਣ ਨਾਲ ਸਾਲ ਵਿੱਚ ਔਸਤ ਦਿਨ 365.25 ਹੋ ਗਏ ਪਰ ਅਸਲ ਵਿੱਚ ਸਾਲ ਦੇ ਕੁੱਲ ਸਮੇਂ ਨੂੰ 24 ਘੰਟੇ ਦੇ ਦਿਨ ਨਾਲ ਵੰਡਿਆ ਜਾਵੇ ਤਾਂ ਇੱਕ ਸਾਲ ਵਿੱਚ ਦਿਨਾਂ ਦੀ ਸਹੀ ਗਿਣਤੀ 365.2422 ਬਣਦੀ ਹੈ ਯਾਨੀ 365 ਦਿਨ 5 ਘੰਟੇ 48 ਮਿੰਟ 46 ਸੈਕਿੰਡ । ਇਸ ਨਾਲ ਕੀ ਹੋਇਆ ਕਿ ਹਰ 100 ਸਾਲ ਮਗਰ 18 ਘੰਟੇ ਅਤੇ ਕੁੱਝ ਮਿੰਟਾਂ ਦਾ ਫਰਕ ਪੈ ਜਾਂਦਾ ਸੀ ਯਾਨੀ 400 ਸਾਲ ਮਗਰੋਂ ਤਿੰਨ ਦਿਨਾਂ ਦੇ ਲਗਭਗ ਫਰਕ ਪੈ ਜਾਂਦਾ ਸੀ। ਸੋ ਇਸ ਕੈਲੰਡਰ ਦੀ ਪੰਦਰਵੀਂ-ਸੋਲਵੀਂ ਸਦੀ ਵਿੱਚ ਇਹ ਮਹਿਸੂਸ ਹੋਣ ਲੱਗ ਪਿਆ ਕਿ ਕੈਲੰਡਰ ਨੂੰ ਫਿਰ ਸੋਧਣ ਦੀ ਲੋੜ ਹੈ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਸਦੀ ਦਾ ਆਖਰੀ ਸਾਲ ਸਿਰਫ਼ ਉਦੋਂ ਹੀ ਲੀਪ ਦਾ ਸਾਲ ਹੋਵੇਗਾ ਜੇ ਉਹ 400 'ਤੇ ਵੰਡਿਆ ਜਾਂਦਾ ਹੈ। ਭਾਵ ਸੰਨ 1700, 1800, 1900 ਲੀਪ ਦੇ ਸਾਲ ਨਹੀਂ ਹੋਣਗੇ ਕੇਵਲ 2000 ਲੀਪ ਦਾ ਸਾਲ ਹੋਵੇਗਾ। ਇਸ ਤਰ੍ਹਾਂ 400 ਸਾਲਾਂ ਵਿੱਚੋਂ 3 ਲੀਪ ਦੇ ਸਾਲ ਛੱਡ ਦਿੱਤੇ ਗਏ ਜਿਸ ਨਾਲ ਕੈਲੰਡਰ ਵੱਧ ਦਰੁੱਸਤ ਹੋ ਗਿਆ। ਇਸ ਨਾਲ ਇਸ ਸਮੱਸਿਆ ਅੱਗੋਂ ਲਈ ਤਾਂ ਠੀਕ ਹੋ ਗਈ ਪਰ ਜੋ ਦਿਨਾਂ ਦਾ ਫਰਕ ਪਹਿਲਾਂ ਪੈ ਗਿਆ ਸੀ ਉਸ ਨੂੰ ਕਿਵੇਂ ਦੂਰ ਕੀਤਾ ਜਾਵੇ? ਇਹ ਫਰਕ ਦੂਰ ਕਰਨ ਲਈ 1582 ਵਿੱਚ ਇਹ ਫੈਸਲਾ ਕੀਤਾ ਗਿਆ ਕਿ ਨਵਾਂ ਕੈਲੰਡਰ ਲਾਗੂ ਕਰਨ ਸਮੇਂ ਇਸ ਵਿੱਚੋਂ 10 ਦਿਨ ਛੱਡ ਦਿੱਤੇ ਜਾਣ। ਇਹ ਨਵਾਂ ਕੈਲੰਡਰ ਲਾਗੂ ਕਰਨ ਅਤੇ ਦਿਨ ਘਟਾਉਣ ਦਾ ਫ਼ੁਰਮਾਣ ਈਸਾਈ ਧਾਰਮਿਕ ਆਗੂ ਪੋਪ ਗਰੈਗਰੀ ਤੇਰਵੇਂ ਵੱਲੋਂ ਲਾਗੂ ਕੀਤਾ ਗਿਆ ਸੀ ਇਸ ਲਈ ਇਸ ਨਵੇਂ ਕੈਲੰਡਰ ਨੂੰ ਗਰੈਗੋਰੀਅਨ ਕੈਲੰਡਰ ਕਿਹਾ ਜਾਂਦਾ ਹੈ।

ਇਹ ਫ਼ੁਰਮਾਣ ਕਿਉਂਕਿ ਪੋਪ ਵੱਲੋਂ ਜਾਰੀ ਕੀਤਾ ਗਿਆ ਸੋ ਪੋਪ ਦਾ ਕਿਹਾ ਮੰਨਣ ਵਾਲੇ ਕੈਥੋਲਿਕ ਦੇਸ਼ਾਂ ਵੱਲੋਂ ਤਾਂ ਇਸ ਨੂੰ ਜਲਦੀ ਹੀ ਲਾਗੂ ਕਰ ਦਿੱਤਾ ਗਿਆ। ਈਸਾਈਆਂ ਦਾ ਪ੍ਰੋਟੈਸਟੈਂਟ ਧੜਾ ਪੋਪ ਨੂੰ ਨਹੀਂ ਮੰਨਦਾ ਸੀ, ਉਨ੍ਹਾਂ ਨੇ

ਇਸਨੂੰ ਜਲਦੀ ਨਹੀਂ ਅਪਣਾਇਆ। ਜਿਵੇਂ ਇਟਲੀ, ਪੋਲੈਂਡ, ਪੁਰਤਗਾਲ, ਸਪੇਨ ਅਤੇ ਫਰਾਂਸ ਨੇ ਇਸ ਨੂੰ ਉਸੇ ਸਾਲ ਲਾਗੂ ਕਰ ਦਿੱਤਾ। ਪਰ ਕਿਉਂਕਿ ਇਹ ਵਿਗਿਆਨਕ ਤੌਰ 'ਤੇ ਦਰੁੱਸਤ ਸੀ ਆਖਰ ਇਹ ਸੁਧਾਰ ਦੂਜੇ ਦੇਸ਼ਾਂ ਨੂੰ ਵੀ ਲਾਗੂ ਕਰਨੇ ਪਏ। ਹੁਣ ਕਿਉਂਕਿ ਸਮਾਂ ਬੀਤਣ ਨਾਲ ਪੁਰਾਣੇ ਕੈਲੰਡਰ ਵਿੱਚ ਦਿਨਾਂ ਦਾ ਫਰਕ ਵਧਦਾ ਜਾਂਦਾ ਸੀ ਇਸ ਲਈ ਜਿਨ੍ਹਾਂ ਦੇਸ਼ਾਂ ਨੇ ਇਸ ਨੂੰ ਜਿੰਨਾ ਲੇਟ ਅਪਣਾਇਆ ਉਨ੍ਹਾਂ ਨੂੰ ਓਨੇ ਹੀ ਵੱਧ ਦਿਨ ਛੱਡਣੇ ਪਏ। ਜਿਵੇਂ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਨੇ ਇਸ ਨੂੰ 1752 ਵਿੱਚ ਅਪਣਾਇਆ, ਉਨ੍ਹਾਂ ਨੂੰ 11 ਦਿਨ ਛੱਡਣੇ ਪਏ। ਜਾਪਾਨ ਨੂੰ 1872 ਵਿੱਚ ਲਾਗੂ ਕਰਨ ਵੇਲੇ 12 ਦਿਨ ਛੱਡਣੇ ਪਏ ਅਤੇ ਰੂਸ ਨੇ ਇਨਕਲਾਬ ਤੋਂ ਬਾਅਦ 1918 ਵਿੱਚ ਇਸ ਨੂੰ ਲਾਗੂ ਕੀਤਾ ਤਾਂ 13 ਦਿਨ ਅੱਗੇ ਲੰਘਣਾ ਪਿਆ। ਇਸੇ ਕਰਕੇ ਇਨਕਲਾਬ ਦੀ ਤਾਰੀਕ ਉਸ ਸਮੇਂ ਉੱਥੇ ਪ੍ਰਚਲਿਤ ਕੈਲੰਡਰ ਮੁਤਾਬਿਕ 26 ਅਕਤੂਬਰ ਸੀ ਜਿਸ ਕਰਕੇ ਇਸ ਨੂੰ ਅਕਤੂਬਰ ਇਨਕਲਾਬ ਵਜੋਂ ਜਾਣਿਆ ਜਾਂਦਾ ਹੈ ਜਦ ਕਿ ਬਾਕੀ ਦੁਨੀਆ ਵਿੱਚ ਨਵਾਂ ਗਰੈਗੋਰੀਅਨ ਕੈਲੰਡਰ ਚਲਦਾ ਹੋਣ ਕਰਕੇ ਉਸ ਦਿਨ ਅਸਲ ਵਿੱਚ 7 ਨਵੰਬਰ ਸੀ।

ਨਿਊਟਨ ਦੇ ਜਨਮ ਦਿਨ ਨਾਲ ਵੀ ਇਹੀ ਗੱਲ ਹੈ। ਜੇ ਇੰਗਲੈਂਡ ਵੀ ਨਵਾਂ ਕੈਲੰਡਰ ਪਹਿਲਾਂ ਅਪਣਾਅ ਲੈਂਦਾ ਤਾਂ ਉਸ ਦਿਨ 4 ਜਨਵਰੀ ਹੀ ਹੋਣਾ ਸੀ। ਪਰ ਜਿਵੇਂ ਪਹਿਲਾਂ ਲਿਖਿਆ ਹੈ, ਇੰਗਲੈਂਡ ਨੇ ਨਵਾਂ ਕੈਲੰਡਰ 1752 ਵਿੱਚ ਲਾਗੂ ਕੀਤਾ ਜਦ ਕਿ ਨਿਊਟਨ ਦਾ ਜਨਮ 1642 ਵਿੱਚ ਹੋ ਚੁੱਕਾ ਸੀ ਜੋ ਪੁਰਾਣੇ ਕੈਲੰਡਰ ਮੁਤਾਬਿਕ 25 ਦਸੰਬਰ ਸੀ। ਸੋ ਮੌਜੂਦਾ ਕੈਲੰਡਰ ਮੁਤਾਬਿਕ ਨਿਊਟਨ ਦਾ ਜਨਮ 4 ਜਨਵਰੀ 1643 ਨੂੰ ਮੰਨਿਆ ਜਾਵੇਗਾ।

ਸੰਨ ਲਿਖਣ ਸਬੰਧੀ ਇੱਕ ਜਰੂਰੀ ਨੋਟ

ਮੌਜੂਦਾ ਕੈਲੰਡਰ ਕਿਉਂਕਿ ਈਸਾਈਆਂ ਨੇ ਸ਼ੁਰੂ ਕੀਤਾ ਸੀ ਇਸ ਲਈ ਇਸ ਨੂੰ ਈਸਵੀ ਸੰਮਤ ਕਿਹਾ ਜਾਂਦਾ ਸੀ/ਹੈ। ਇਸਦੀ ਸ਼ੁਰੂਆਤ ਈਸਾ ਮਸੀਹ ਦੇ ਜਨਮ ਸਾਲ ਤੋਂ ਕੀਤੀ ਗਈ ਹੈ। ਇਸ ਕਰਕੇ ਸੰਨ ਦੇ ਨਾਲ ਅੰਗਰੇਜੀ ਵਿੱਚ A.D. ਜਾਂ B.C. ਲਿਖਿਆ ਜਾਂਦਾ ਸੀ। A.D. ਲਾਤੀਨੀ ਭਾਸ਼ਾ ਦੇ ਸ਼ਬਦਾਂ Anno Domini ਦਾ ਸੰਖੇਪ ਰੂਪ ਹੈ ਅਤੇ ਜਿਸਦਾ ਮਤਲਬ ਹੈ-ਪ੍ਰਭੂ ਦੇ ਸਾਲ ਵਿੱਚ। ਜਦ ਕਿ ਈਸਾ ਤੋਂ ਪਹਿਲੇ ਸਾਲਾਂ ਲਈ B.C. ਲਿਖਿਆ ਜਾਂਦਾ ਸੀ ਜੋ ਅੰਗਰੇਜ਼ੀ ਸ਼ਬਦਾਂ Before Christ ਦਾ ਸੰਖੇਪ ਰੂਪ ਹੈ।

ਇਹ ਕੈਲੰਡਰ ਕਿਉਂਕਿ ਹੁਣ ਲਗਭਗ ਸਾਰੇ ਸੰਸਾਰ ਵਿੱਚ ਵਰਤਿਆ ਜਾਂਦਾ ਹੈ। ਕੰਪਿਊਟਰ ਅਤੇ ਇੰਟਰਨੈੱਟ ਉੱਤੇ ਇਸੇ ਦੀ ਵਰਤੋਂ ਹੁੰਦੀ ਹੈ। ਇਸ ਲਈ ਸਵਾਲ ਉਠਾਇਆ ਗਿਆ ਕਿ ਇਸ ਨੂੰ ਈਸਾਈ ਧਰਮ ਨਾਲ ਕਿਉਂ ਜੋੜ ਕੇ ਰੱਖਿਆ ਹੋਇਆ ਹੈ ਜਦ ਕਿ ਇਸਨੂੰ ਹੁਣ ਸਾਰੇ ਧਰਮਾਂ ਦੇ ਲੋਕ ਅਤੇ ਨਾਸਤਿਕ ਲੋਕ ਵੀ ਵਰਤਦੇ ਹਨ। ਸੋ ਸੈਕੂਲਰ ਅਤੇ ਮਾਨਵਵਾਦੀ ਸੋਚ ਵਾਲੇ ਲੋਕ ਹੁਣ ਇਸ ਨੂੰ 'ਈਸਵੀ ਸੰਮਤ' ਦੀ ਬਜਾਏ 'ਸਾਂਝਾ ਸੰਮਤ' (Common Era) ਕਹਿੰਦੇ ਹਨ। ਅੰਗਰੇਜੀ ਵਿੱਚ ਸੰਨ ਦੇ ਨਾਲ A.D. ਜਾਂ B.C. ਦੀ ਬਜਾਏ ਹੁਣ C.E. (Common Era) ਜਾਂ B.C.E. (Before Common Era) ਲਿਖਿਆ ਜਾਂਦਾ ਹੈ। ਸਾਨੂੰ ਵੀ ਕਿਸੇ ਲਿਖਤ ਵਿੱਚ ਸੰਨ ਲਿਖਦੇ ਸਮੇਂ ਪੰਜਾਬੀ ਵਿੱਚ 'ਸਾਂਝਾ ਸੰਮਤ' ਅਤੇ ਅੰਗਰੇਜੀ ਵਿੱਚ C.E./ B.C.E. ਦੇ ਚਿੰਨ੍ਹ ਵਰਤਣੇ ਚਾਹੀਦੇ ਹਨ।

ਸਫਾ 38 ਦਾ ਬਾਕੀ

ਬਚਣ ਦੀ ਕੋਸ਼ਿਸ਼ ਉਸ ਵਕੀਲ ਵੱਲੋਂ ਵੀ ਕੀਤੀ ਗਈ ਸੀ।

ਸੋ ਸੁਪਰੀਮ ਕੋਰਟ ਵੱਲੋਂ ਆਪਣੀ ਰਜਿਸਟਰੀ, ਦੇਸ਼ ਦੀਆਂ ਸਾਰੀਆਂ ਹਾਈਕੋਰਟਾਂ, ਜ਼ਿਲ੍ਹਾ ਅਦਾਲਤਾਂ ਅਤੇ ਹੇਠਲੀਆਂ ਤਹਿਸੀਲ ਪੱਧਰ ਦੀਆਂ ਅਦਾਲਤਾਂ ਵਿੱਚ ਸਪੱਸ਼ਟ ਹੁਕਮ ਭੇਜਿਆ ਗਿਆ ਹੈ ਕਿ ਅੱਗੇ ਤੋਂ ਕੇਸਾਂ ਵਿੱਚ ਧਿਰਾਂ ਦੇ ਜਾਤ-ਧਰਮ ਦਾ ਵੇਰਵਾ ਦੇਣਾ ਤੁਰੰਤ ਬੰਦ ਕਰ ਦਿੱਤਾ ਜਾਵੇ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਮੌਜੂਦਾ ਦੌਰ ਵਿੱਚ ਚੱਲ ਰਹੇ ਮੁਕੱਦਮਿਆਂ ਵਿੱਚ ਜੇਕਰ ਪਹਿਲਾਂ ਤੋਂ ਹੀ ਧਿਰਾਂ ਦੇ ਜਾਤ-ਧਰਮ ਦਰਜ ਵੀ ਕੀਤੇ ਹੋਏ ਹੋਣ ਤਾਂ ਅਗਲੀਆਂ ਸਾਰੀਆਂ ਕਾਰਵਾਈਆਂ ਵਿੱਚ ਬੰਦ ਕਰ ਦਿੱਤੇ ਜਾਣ। ਸੁਪਰੀਮ ਕੋਰਟ ਵੱਲੋਂ ਆਪਣੇ ਇਸ ਹੁਕਮ ਦੀ ਪਾਲਣਾ ਵਾਸਤੇ ਬਹੁਤ ਹੀ ਸਖ਼ਤ ਹਦਾਇਤ ਜਾਰੀ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਵੀ ਅਜਿਹਾ ਹੀ ਇੱਕ ਫ਼ੈਸਲਾ ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਪੰਕਜ ਮਿੱਤਲ ਦੇ ਆਧਾਰ 'ਤੇ ਬਣਾਏ ਹੋਏ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਵੀ ਕੀਤਾ ਗਿਆ ਹੈ। ਰਾਜਸਥਾਨ ਹਾਈਕੋਰਟ ਦੀ ਇੱਕ ਜੱਜਮੈਂਟ ਵਿੱਚ ਧਿਰਾਂ ਦੇ ਦਰਜ ਕੀਤੇ ਹੋਏ ਜਾਤ-ਧਰਮਾਂ ਨੂੰ ਅਪ੍ਰਵਾਨ ਕੀਤਾ ਗਿਆ ਹੈ। ਉਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਅਦਾਲਤ ਵੱਲੋਂ ਕਿਸੇ ਦਾ ਫ਼ੈਸਲਾ ਕੀਤਾ ਜਾਣਾ ਹੁੰਦਾ ਹੈ ਤਾਂ ਸਬੰਧਤ ਧਿਰਾਂ ਜਾਂ ਦੋਸ਼ੀ ਦੇ ਜਾਤ-ਧਰਮ ਦਾ ਕੋਈ ਸੰਬੰਧ ਹੀ ਨਹੀਂ ਹੁੰਦਾ। ਫ਼ੈਸਲਾ ਤਾਂ ਗਵਾਹੀਆਂ ਅਤੇ ਤੱਥਾਂ ਦੇ ਆਧਾਰ 'ਤੇ ਹੀ ਕਰਨਾ ਹੁੰਦਾ ਹੈ। ਉਕਤ ਜੱਜਮੈਂਟਸ ਦੀ ਕਾਪੀ ਇੰਟਰਨੈੱਟ ਦੀ ਵਰਤੋਂ ਕਰਕੇ ਗੂਗਲ ਸਰਚ ਇੰਜਣ ਰਾਹੀਂ ਲੱਭ ਕੇ ਪੜ੍ਹੀ ਅਤੇ ਡਾਊਨਲੋਡ ਕੀਤੀ ਜਾ ਸਕਦੀ ਹੈ। ਸੋ ਅੱਗੇ ਤੋਂ ਕਿਸੇ ਨੂੰ ਵੀ ਥਾਣੇ-ਕਚਹਿਰੀਆਂ ਆਦਿ ਵਿੱਚ ਉਸ ਦਾ ਜਾਤ ਜਾਂ ਧਰਮ ਦੱਸਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। **97792-11000**

ਦੁੱਖ, ਧਰਮ ਤੇ ਕਾਰੋਬਾਰ



ਅਵਤਾਰ ਤਰਕਸ਼ੀਲ (ਨਿਊਜ਼ੀਲੈਂਡ)

ਤਰਕਸ਼ੀਲ ਸੋਚ ਹੋਣ ਕਾਰਣ ਮੈਨੂੰ ਚੜ੍ਹਦੀ ਜਵਾਨੀ ਵਿੱਚ ਹੀ ਘਟਨਾਵਾਂ ਨੂੰ ਬਰੀਕੀ ਨਾਲ ਪਰਖਣ ਦੀ ਆਦਤ ਪੈ ਗਈ ਸੀ ਜਿਹੜੀ ਅਜੇ ਵੀ ਜਾਰੀ ਹੈ। ਨਿਊਜ਼ੀਲੈਂਡ ਆਇਆ ਤਾਂ ਜਿਆਦਾ ਗੋਰੇ ਵੀ ਤਰਕਸ਼ੀਲ ਹੀ ਸਨ। ਮੈਨੂੰ ਲੱਗਾ ਕਿ ਇਹ ਮੁਲਕ ਤਾਂ ਤਰਕਸ਼ੀਲਾਂ ਦਾ ਹੀ ਹੈ। ਗੋਰੇ ਵੀ ਹਰ ਗੱਲ ਬਾਰੇ ਪ੍ਰਸ਼ਨ ਜ਼ਰੂਰ ਕਰਦੇ ਸਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜਿਹੜਾ ਵਿਅਕਤੀ ਸਵਾਲ ਕਰੇਗਾ ਜਵਾਬ ਵੀ ਉਸ ਨੂੰ ਹੀ ਮਿਲਣਗੇ ਕਿਉਂਕਿ ਸਵਾਲ ਕਰਨ ਤੋਂ ਬਿਨ੍ਹਾਂ ਦਿਮਾਗ ਸੋਚਦਾ ਹੀ ਨਹੀਂ। ਨਿਊਜ਼ੀਲੈਂਡ ਵਿੱਚ ਜਿਆਦਾ ਸਮਾਗਮ ਵੱਖ ਵੱਖ ਧਾਰਮਿਕ ਸਥਾਨਾਂ ਵਿੱਚ ਹੀ ਹੁੰਦੇ ਹਨ, ਜਿਵੇਂ ਵਿਆਹ, ਜਨਮ ਦਿਨ ਅਤੇ ਹੋਰ ਖੁਸ਼ੀ ਗਮੀ ਦੇ ਸਮਾਗਮ ਇਨ੍ਹਾਂ ਸਮਾਗਮਾਂ ’ਤੇ ਮੈਨੂੰ ਵੀ ਅਕਸਰ ਬੁਲਾਇਆ ਜਾਂਦਾ ਹੈ ਅਤੇ ਬਹੁਤ ਵੱਡੀ ਗਿਣਤੀ ਵਿੱਚ ਲੋਕ ਮੈਨੂੰ ਜਾਣਦੇ ਹੋਣ ਕਾਰਣ ਉਨ੍ਹਾਂ ਦੇ ਕਰਵਾਏ ਸਮਾਗਮਾਂ ਵਿੱਚ ਜਾਣਾ ਵੀ ਪੈਂਦਾ ਹੈ। ਇਸ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ ਕਿ ਉਹ ਸਮਾਗਮ ਕਿੱਥੇ ਕਰਵਾਇਆ ਜਾ ਰਿਹਾ ਹੈ।

ਲੋਕਾਂ ਨਾਲ ਗੱਲ ਕਰਕੇ ਪਤਾ ਲਗਦਾ ਹੈ ਕਿ ਉਹ ਬਹੁਤ ਪੱਖਾਂ ਤੋਂ ਦੁਖੀ ਹਨ ਅਤੇ ਆਪਣੇ ਦੁੱਖਾਂ ਵਾਸਤੇ ਜਾਂ ਆਪਣੀਆਂ ਕਮੀਆਂ ਪੂਰੀਆਂ ਕਰਨ ਲਈ ਹੀ ਉਹ ਧਾਰਮਿਕ ਸਥਾਨ ’ਤੇ ਆਉਂਦੇ ਹਨ। ਕੁਝ ਲੋਕ ਕਹਿੰਦੇ ਹਨ ਕਿ ਉਹ ਆਪਣਾ ਅੱਗਾ (ਮਰਨ ਤੋਂ ਬਾਅਦ ਦਾ ਸਮਾਂ) ਸੁਆਰਨ ਆਏ ਹਨ, ਕੁਝ ਕਹਿੰਦੇ ਹਨ ਕਿ ਉਨ੍ਹਾਂ ਨੂੰ ਇੱਥੇ ਆ ਕੇ ਸ਼ਾਂਤੀ ਮਿਲਦੀ ਹੈ ਪਰ ਜਦੋਂ ਮੈਂ ਉਨ੍ਹਾਂ ਨਾਲ ਗੱਲ ਕਰਦਾ ਹਾਂ ਤਾਂ ਉਹ ਮਿਲੀ ਹੋਈ ਸ਼ਾਂਤੀ ਦਿਖਾਈ ਨਹੀਂ ਦਿੰਦੀ। ਸਿਰਫ ਭਟਕਣਾ ਹੀ ਦਿਖਾਈ ਦਿੰਦੀ ਹੈ। ਇਥੋਂ ਤੱਕ ਕਿ ਪੈਸੇ ਦੀ ਭਟਕਣਾ ਧਰਮ ਦਾ ਪ੍ਰਚਾਰ ਕਰਨ ਵਾਲਿਆਂ ਵਿੱਚ ਵੀ ਉਵੇਂ ਹੀ ਦਿਖਾਈ ਦਿੰਦੀ ਹੈ।

ਮੇਰਾ ਕੰਮ ਕਿਸੇ ਨੂੰ ਜੱਜ ਕਰਨਾ ਨਹੀਂ ਹੈ ਪਰ ਸੱਚ ਦੀ ਭਾਲ ਕਰਨਾ ਹੈ। ਧਾਰਮਿਕ ਸਥਾਨਾਂ ਦੇ ਮੁਕਾਬਲੇ ਜਦੋਂ ਹੋਟਲਾਂ, ਰੈਸਟੋਰੈਂਟਾਂ, ਸੈਮੀਨਾਰਾਂ ਜਾਂ ਬਿਜ਼ਨਸ ਪ੍ਰੋਗਰਾਮਾਂ ਵਿੱਚ ਜਾਂਦਾ ਹਾਂ ਤਾਂ ਉੱਥੇ ਲੋਕ ਵੱਧ ਖੁਸ਼ ਮਿਲਦੇ ਹਨ। ਕੁਝ ਅਮੀਰ ਹੋਏ ਮਿਲਦੇ ਹਨ ਅਤੇ ਕੁਝ ਅਮੀਰ ਹੋਣਾ ਸਿੱਖਣ ਦੀ ਕੋਸ਼ਿਸ਼ ਵਿੱਚ ਮਿਲਦੇ ਹਨ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਬਿਜਨਸ ਸੈਮੀਨਾਰਾਂ ਵਿੱਚ ਮਿਲੇ ਸਾਰੇ ਲੋਕ ਆਪਣੇ ਮਸਲਿਆਂ ਦੇ ਹੱਲ ਲਈ ਕੋਈ ਸੁੱਖਣਾ ਨਹੀਂ ਸੁੱਖਦੇ ਅਤੇ ਨਾ ਹੀ ਕਿਸਮਤ ਨੂੰ ਦੋਸ਼ ਦਿੰਦੇ ਹਨ। ਉਹ ਆਪਣੇ ਅਗਲੇ ਜਨਮ ਨੂੰ ਵੀ ਸੁਆਰਨ ਨਹੀਂ ਆਏ ਹੁੰਦੇ। ਸਗੋਂ ਆਪਣੇ ਇਸੇ ਜਨਮ ਨੂੰ ਵਧੀਆ ਬਣਾਉਣ ਲਈ ਆਏ ਹੁੰਦੇ ਹਨ। ਉਨ੍ਹਾਂ ਦੇ ਚਿਹਰਿਆਂ ’ਤੇ ਖੁਸ਼ੀ ਆਮ ਹੀ ਦੇਖੀ ਜਾ ਸਕਦੀ ਹੈ। ਜਦੋਂ ਧਾਰਮਿਕ ਸਥਾਨਾਂ ’ਤੇ ਆਏ ਲੋਕਾਂ ਅਤੇ ਬਿਜ਼ਨਸ ਸੈਮੀਨਾਰਾਂ ’ਤੇ ਆਏ ਲੋਕਾਂ ਨੂੰ ਦੇਖਦਾ ਹਾਂ ਤਾਂ ਲਗਦਾ ਹੈ ਕਿ ਤਕਰੀਬਨ ਸਾਰੇ ਦੁਖੀ ਲੋਕ ਧਾਰਮਿਕ ਸਥਾਨਾਂ ’ਤੇ ਹੀ ਹਨ।

ਹੋਰ ਬਰੀਕੀ ਨਾਲ ਦੇਖਦਾ ਹਾਂ ਤਾਂ ਧਰਮ ਦਾ ਧੰਦਾ ਵੀ ਦੁਖੀ ਲੋਕਾਂ ਨਾਲ ਹੀ ਚਲਦਾ ਹੈ। ਜੇ ਲੋਕ ਸੁਖੀ ਹੋ ਜਾਣਗੇ ਤਾਂ ਉਹ ਸੁੱਖਣਾ ਕਿਸ ਚੀਜ਼ ਦੀ ਸੁੱਖਣਗੇ? ਇਸ ਕਰਕੇ ਧਾਰਮਿਕ ਕਾਰੋਬਾਰ ਚਲਾਉਣ ਲਈ ਲੋਕਾਂ ਦਾ ਦੁਖੀ ਹੋਣਾ ਬਹੁਤ ਜ਼ਰੂਰੀ ਹੈ। ਜੇ ਲੋਕ ਸੁਖੀ ਹੋ ਜਾਣਗੇ ਤਾਂ ਧਾਰਮਿਕ ਕਾਰੋਬਾਰ ਘਾਟੇ ਵਿੱਚ ਚਲੇ ਜਾਵੇਗਾ।

ਬਿਜ਼ਨਸ ਸੈਮੀਨਾਰਾਂ ’ਤੇ ਮਿਲਦੇ ਲੋਕ ਇਸ ਜਨਮ ਵਿੱਚ ‘ਸਵਰਗ’ ਭੋਗ ਜਾਂਦੇ ਹਨ ਪਰ ਧਾਰਮਿਕ ਸਥਾਨਾਂ ’ਤੇ ਮਿਲਦੇ ਜਿਆਦਾ ਲੋਕ ਇਸ ਜਨਮ ਵਿੱਚ ‘ਨਰਕ’ ਭੋਗਦੇ ਹਨ ਕਿਉਂਕਿ ਉਨ੍ਹਾਂ ਦੀ ਲੁੱਟ ਧਰਮ ਦੇ ਨਾਮ ’ਤੇ ਇਸ ਜਨਮ ਵਿੱਚ ਵੱਧ ਹੁੰਦੀ ਹੈ ਅਤੇ ਮੌਤ ਤੋਂ ਬਾਅਦ ਸਵਰਗ ਤਾਂ ਕਿਸੇ ਨੇ ਦੇਖਿਆ ਹੀ ਨਹੀਂ।

ਲੋੜ ਹੈ, ਫੈਸਲਾ ਕਰਨ ਦੀ ਕਿ ਸਵਰਗ ਜਿਉਂਦਿਆਂ ਦੇਖਣਾ ਹੈ ਜਾਂ ਮਰਨ ਤੋਂ ਬਾਅਦ (ਜੋ ਕਿਸੇ ਨੂੰ ਦਿਸਿਆ ਹੀ ਨਹੀਂ)? ਦੁੱਖਾਂ ਦੇ ਹੱਲ ਆਪਣੀ ਸਿੱਖਿਆ, ਹਿੰਮਤ, ਹੌਂਸਲੇ ਅਤੇ ਦਲੇਰੀ ਨਾਲ ਲੱਭਣੇ ਹਨ ਜਾਂ ਸੁੱਖਣਾ ਸੁੱਖ ਕੇ? ਆਓ ਸੋਚੀਏ, ਵਿਚਾਰੀਏ ਅਤੇ ਜਿਨ੍ਹਾਂ ਮੁਲਕਾਂ ਵਿੱਚ ਰਹਿੰਦੇ ਹਾਂ ਉਨ੍ਹਾਂ ਦੇ ਮੇਚ ਦੇ ਹੋਈਏ

ਜੱਦੀ ਪਿੰਡ ਖੁਰਦਪੁਰ (ਜਲੰਧਰ) : 06421392147

ਪ੍ਰੇਰਨਾ ਤੇ ਸਬਕ

‘ਤਰਕਸ਼ੀਲ’ ਚੇਤਨਾ ਦਾ ਹਰਕਾਰਾ ਹੈ, ਅਜੀਤ ਪ੍ਰਦੇਸੀ। ਸਾਢੇ ਤਿੰਨ ਦਹਾਕਿਆਂ ਤੋਂ ਵਿਗਿਆਨਕ ਚੇਤਨਾ ਦਾ ਚਾਨਣ ਬਿਖੇਰਦਾ। ਉੱਦਮੀ ਤੇ ਨਵੇਂ ਰਾਹ ਬਣਾਉਣ ਵਾਲਾ। ਸਾਵੀਂ ਸੁਖਾਵੀਂ ਜ਼ਿੰਦਗੀ ਭਰਮ ਮੁਕਤ ਤੇ ਬਰਾਬਰੀ ਦਾ ਸਮਾਜ ਉਸਦਾ ਆਦਰਸ਼ ਹੈ। ਇਸ ਉਚੇਰੇ ਕਾਜ ਦੀ ਪੂਰਤੀ ਲਈ ਉਹ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਆਮ ਜੀਵਨ ਵਿੱਚ ਵਿਚਰਦਿਆਂ, ਪਾਰਕ, ਸਕੂਲ਼ ਤੇ ਸਮਾਜਿਕ ਇਕੱਠਾਂ ਵਿੱਚ ਜਾਂਦਿਆਂ ਗਿਆਨ, ਚੇਤਨਾ ਦਾ ਪੱਲਾ ਫੜੀ ਰਖਦਾ ਹੈ। ਆਪਣੇ ਪੱਲੇ ਤਰਕਸ਼ੀਲ ਵਿਚਾਰਾਂ ਦਾ ਚਾਨਣ ਬੰਨ੍ਹ ਲੋਕ ਮਨਾਂ ’ਤੇ ਦਸਤਕ ਦਿੰਦਾ ਹੈ। ‘ਤਰਕਸ਼ੀਲ’ ਮੈਗਜ਼ੀਨ ਨੂੰ ਵਧੇਰੇ ਹੱਥਾਂ ਤੱਕ ਪੁਜਦਾ ਕਰਨਾ ਉਸਦਾ ਅਹਿਦ ਹੈ। ਇਸ ਸਾਲ 500 ਮੈਗਜ਼ੀਨਾਂ ਦੇ ਸਲਾਨਾ ਚੰਦੇ ਕੱਟ ਕੇ ਆਪਣਾ ਮਿਥਿਆ ਨਿਸ਼ਾਨਾ ਪੂਰਾ ਕਰ ਚੁੱਕਾ ਹੈ। ਉਹ ਸਾਡਾ ਮਾਣ ਮੱਤਾ ਸਾਥੀ ਹੈ, ਪ੍ਰੇਰਨਾ ਤੇ ਸਬਕ ਦਾ ਲਖਾਇਕ ਹੈ।

ਕਹਾਣੀ

ਕਰਾਮਾਤ



ਸੁਖਵਿੰਦਰ ਸਿੰਘ ਖਾਰੇ ਵਾਲੇ

ਮੇਜਰ ਸਿੰਘ ਖੇਤੀਬਾੜੀ ਦਾ ਵਧੀਆ ਕਾਰੋਬਾਰ ਕਰਦਾ ਸੀ । ਲੰਮੇ ਸਮੇਂ ਤੋਂ ਉਹ 'ਤਰਕਸ਼ੀਲਾਂ' ਨਾਲ ਜੁੜਿਆ ਹੋਇਆ ਸੀ । ਬਹੁਤੇ ਲੋਕ ਉਸ ਨੂੰ 'ਕਾਮਰੇਡ' ਕਹਿ ਕੇ ਬੁਲਾਉਂਦੇ ਸਨ। ਉਸ ਦਾ ਲੜਕਾ ਗੁਰਮੀਤ ਸ਼ੁਰੂ ਤੋਂ ਹੀ ਆਪਣੇ ਨਾਨਕੇ ਪਿੰਡ ਪੜ੍ਹਨੇ ਪੈ ਗਿਆ ਸੀ ਕਿਉਂਕਿ ਨਾਨਕੇ ਪਿੰਡ ਸ਼ਹਿਰ ਦੇ ਨੇੜੇ ਹੋਣ ਕਰਕੇ ਵਧੀਆ ਸਕੂਲ/ਕਾਲਜ ਦਾ ਪ੍ਰਬੰਧ ਹੋ ਗਿਆ ਸੀ । ਉਸ ਦਾ ਨਾਨਕਾ ਪਰਿਵਾਰ ਧਾਰਮਿਕ ਕੱਟੜ ਖਿਆਲਾਂ ਦਾ ਸੀ । ਦੂਜੀ ਗੱਲ ਉਸ ਦੀ ਪੜ੍ਹਾਈ ਵੀ ਧਾਰਮਿਕ ਸਕੂਲ/ਕਾਲਜ ਵਿੱਚ ਹੋਈ ਸੀ । ਗੁਰਮੀਤ ਨੇ ਡਾਕਟਰ ਬਣਨ ਲਈ ਵਿਗਿਆਨ ਦੀ ਪੜ੍ਹਾਈ ਵਿੱਚ ਜੀਵ ਵਿਗਿਆਨ ਵੀ ਪੜ੍ਹ ਲਿਆ ਸੀ । ਕਾਲਜ ਦੀ ਪੜ੍ਹਾਈ ਵਿੱਚ ਉਸ ਦਾ ਆਖਰੀ ਸਮੈਸਟਰ ਸੀ ।

ਪਰ ਕਰੋਨਾ ਕਰਕੇ ਉਹ ਦੋ ਮਹੀਨਿਆਂ ਤੋਂ ਆਪਣੇ ਪਿੰਡ ਆਇਆ ਹੋਇਆ ਸੀ । ਪਿਉ ਪੁੱਤਰ ਦੇ ਵਿਚਾਰ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ ਸਨ। ਉਹਨਾਂ ਦੀ ਅਕਸਰ ਹੀ ਵਕੀਲਾਂ ਵਾਂਗ ਬਹਿਸ ਛਿੜ ਜਾਂਦੀ ਸੀ ।

ਗੁਰਮੀਤ ਕਰਾਮਾਤਾਂ, ਵਹਿਮਾਂ ਭਰਮਾਂ, ਭੂਤਾਂ, ਪ੍ਰੇਤਾਂ, ਅੰਧਵਿਸ਼ਵਾਸਾਂ ਵਿੱਚ ਯਕੀਨ ਰੱਖਦਾ ਸੀ । ਪਿਤਾ ਉਸ ਦਾ ਵਿਗਿਆਨਕ ਵਿਚਾਰਾਂ ਦਾ ਸੀ । ਉਹਨਾਂ ਦੀ ਬਹਿਸ ਹਮੇਸ਼ਾ ਕਰਾਮਾਤਾਂ ਵਿੱਚ ਫਸ ਜਾਂਦੀ। ਗੁਰਮੀਤ ਸਵਾਲ 'ਤੇ ਸਵਾਲ ਕਰਾਮਾਤਾਂ ਬਾਰੇ ਕਰੀ ਜਾਂਦਾ। ਕਈ ਵਾਰ ਉਹਨਾਂ ਦੀ ਬਹਿਸ ਉਸ ਸਮੇ ਤੱਕ ਨਾ ਮੁੱਕਦੀ, ਜਦੋਂ ਤੱਕ ਗੁਰਮੀਤ ਦੀ ਮਾਤਾ ਜਗੀਰੋ ਜੱਜ ਵਾਂਗ ਅਗਲੀ ਤਰੀਕ ਨਾ ਪਾ ਦਿੰਦੀ।

ਕਈ ਵਾਰ ਮੇਜਰ ਸਿੰਘ ਨੂੰ ਨੀਂਦ ਨਾ ਆਉਂਦੀ ਤੇ ਸੋਚਦਾ ਕਿ ਪੜ੍ਹਾਈ ਤਾਂ ਹੁੰਦੀ ਹੈ ਅੰਧਵਿਸ਼ਵਾਸਾਂ ਵਿੱਚੋਂ ਬਾਹਰ ਕੱਢਣ ਲਈ, ਇਹ ਤਾਂ ਉਲਟਾ ਹੋਰ ਫਸ ਗਿਆ ਹੈ। ਕਈ ਵਾਰ ਉਸ ਨੂੰ ਲੱਗਦਾ ਕਿ ਉਹ ਪੂਰੀ ਇਕ ਸਦੀ ਹੋਰ ਪਿੱਛੇ ਚਲਾ ਗਿਆ ਹੈ। ਕਈ ਵਾਰ ਜਗੀਰੋ ਆ ਕੇ ਮੇਜਰ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ, ਕਹਿੰਦੀ ਤੁਸੀਂ ਹੀ ਆਪਣੀ ਸੋਚ ਬਦਲ ਕੇ ਹਾਰ ਮੰਨ ਜਾਇਆ ਕਰੋ । ਮੁੰਡੇ ਨਾਲ ਬਹਿਸ ਨਾ ਕਰਿਆ ਕਰੋ । ਕਦੇ ਵੀ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਪੈਂਦੀਆਂ । ਪਰ ਮੇਜਰ ਸਿੰਘ ਕਹਿੰਦਾ ਕਿ ਮੈਂ ਤਾਂ ਬਿਲਕੁਲ ਸਚਾਈ 'ਤੇ ਲੜ੍ਹਦਾ ਹਾਂ । ਕੀ ਮੈਂ ਆਪਣੇ ਅੰਧਵਿਸ਼ਵਾਸੀ ਮੁੰਡੇ ਅੱਗੇ ਹਥਿਆਰ ਸੁੱਟ ਕੇ ਹਾਰ ਮੰਨ ਜਾਂਵਾ ?

ਕਾਮਰੇਡ ਮੇਜਰ ਸਿੰਘ ਬਹੁਤ ਦਲੀਲਾਂ ਨਾਲ ਆਪਣੇ ਮੁੰਡੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ । ਜੇ ਕਰ ਅਸੀਂ ਆਪਣੇ ਮਹਾਨ ਲੋਕਾਂ ਨੂੰ 'ਕਰਾਮਾਤੀ' ਸਮਝਦੇ ਰਹਾਂਗੇ, ਫਿਰ ਅਸੀਂ ਉਹਨਾਂ ਦੀ ਸਖਤ ਮਿਹਨਤ, ਜ਼ਿੰਦਗੀ ਦੇ ਕਸ਼ਟ, ਸੱਚ ਨੂੰ ਸੱਚ ਕਹਿਣ ਦੀ ਦਲੇਰੀ, ਜਬਰ ਜ਼ੁਲਮ ਨਾਲ ਲਈ ਟੱਕਰ, ਵਧੀਆ ਜੀਵਨ ਜਾਚ ਤੇ ਸਭ ਕੁਝ ਨੂੰ ਮਿੱਟੀ ਵਿੱਚ ਮਿਲਾਉਣ ਵਾਲੀ ਗੱਲ ਹੋਵੇਗੀ । ਕਈ ਦਿਨਾਂ ਤੋ ਪਿਉ ਪੁੱਤ ਇਕ ਦੂਜੇ ਨਾਲ ਬੋਲੇ ਨਹੀਂ ਸਨ ਕਿਉਂਕਿ ਮੁੰਡੇ ਦੀ ਗਰਾਰੀ ਕਰਾਮਾਤਾਂ ਵਿੱਚ ਆ ਕੇ ਫਸ ਜਾਂਦੀ ਸੀ।

ਲਾਕਡਾਉਨ ਦੂਜੇ ਮਹੀਨੇ ਵਿੱਚ ਦਾਖਲ ਹੋ ਚੁੱਕਾ ਸੀ। ਹੁਣ ਮੁੰਡਾ ਟੀ. ਵੀ 'ਤੇ ਮਜ਼ਦੂਰਾਂ ਦੇ ਹਜ਼ਾਰਾਂ ਮੀਲ ਪੈਦਲ ਚੱਲਣ ਦੀਆਂ ਖਬਰਾਂ ਤੇ ਤਸਵੀਰਾਂ ਵੇਖਦਾ ਰਹਿੰਦਾ ਸੀ । ਕਿਵੇਂ ਮਜ਼ਦੂਰ ਭੁੱਖੇ ਪਿਆਸੇ ਸਿਰ 'ਤੇ ਗਠੜੀਆਂ ਅਤੇ ਕੁੱਛੜ ਨਿਆਣੇ ਚੁੱਕ ਕੇ ਪੁਲੀਸ ਦੀ ਕੁੱਟ ਖਾਂਦੇ ਆਪਣੇ ਰਾਜਾਂ ਨੂੰ ਤੁਰੇ ਜਾ ਰਹੇ ਸਨ। ਇਸ ਨੇ ਉਸ ਨੂੰ ਬਹੁਤ ਕੁਝ ਸੋਚਣ ਲਈ ਮਜ਼ਬੂਰ ਕਰ ਦਿੱਤਾ। ਕਈ ਦਿਨਾਂ ਬਾਅਦ ਮੁੰਡਾ ਅੱਜ ਆਪਣੇ ਪਿਤਾ ਦੀ ਬੈਠਕ ਵਿੱਚ ਆਇਆ। ਉਸ ਦੇ ਪਿਤਾ ਨੂੰ ਘਬਰਾਹਟ ਜਿਹੀ ਹੋਈ, ਲੈ ਹੁਣ ਫੇਰ ਕੋਈ ਨਵਾਂ ਪੰਗਾ ਖੜ੍ਹਾ ਕਰੇਗਾ। ਪ੍ਰੰਤੂ ਉਸ ਦੀ ਸੋਚ ਦੇ ਸਭ ਕੁਝ ਉਲਟ ਹੋ ਗਿਆ, ਜਦੋ ਗੁਰਮੀਤ ਨੇ ਆਪਣੇ ਪਿਤਾ ਦੇ ਪੈਰੀ ਹੱਥ ਲਾ ਕੇ ਗਲਤੀ ਤੇ ਮੁਆਫ਼ੀ ਮੰਗ ਲਈ । ਕਹਿੰਦਾ ਪਿਤਾ ਜੀ ਪੁਜਾਰੀਆਂ ਤੇ ਬਾਬਿਆਂ ਨੇ ਮੇਰੇ ਦਿਮਾਗ ਵਿੱਚ ਗੋਬਰ ਭਰ ਦਿੱਤਾ ਸੀ ।

"ਪੁੱਤਰਾ! ਅੱਜ ਚੰਦ ਨਾਲੋਂ ਇੱਕ ਦਮ ਗ੍ਰਹਿਣ ਕਿਵੇਂ ਲੱਥ ਗਿਆ ?" ਮੇਜਰ ਸਿੰਘ ਦੁੱਧ ਵਾਲਾ ਖਾਲੀ ਗਲਾਸ ਮੇਜ 'ਤੇ ਰੱਖਦਿਆ ਬੋਲਿਆ । "ਪਿਤਾ ਜੀ ਗਰੀਬ, ਮਜ਼ਦੂਰ ਆਪਣੇ ਸਿਰ 'ਤੇ ਗਠੜੀਆਂ, ਕੁੱਛੜ ਨਿਆਣੇ, ਬੁੱਢੇ, ਬਿਮਾਰਾਂ ਨੂੰ ਚੁੱਕ ਕੇ ਭੁੱਖਣ ਭਾਣੇ ਹਜ਼ਾਰਾਂ ਮੀਲ ਪੈਦਲ ਤੁਰ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ, ਉਹ ਵੀ ਅੱਜ ਦੇ ਵਿਗਿਆਨਕ ਯੁੱਗ ਵਿੱਚ ਜਦੋਂ ਮਨੁੱਖ ਚੰਦ, ਮੰਗਲ 'ਤੇ ਪਹੁੰਚ ਗਿਆ ਹੋਵੇ। ਪਿਤਾ ਜੀ! ਮਜ਼ਦੂਰਾਂ ਦੇ ਸਿਰੜ, ਹੌਂਸਲੇ, ਬਹਾਦਰੀ, ਦਲੇਰੀ ਨੂੰ ਆਪਣੇ ਅੱਖੀ ਵੇਖ ਕੇ 'ਕਰਾਮਾਤਾਂ' ਵਾਲਾ ਭੂਤ ਮੇਰੇ ਦਿਮਾਗ ਵਿੱਚੋਂ ਨਿਕਲ ਗਿਆ ਹੈ।"

"ਦੇਰ ਆਏ, ਦਰੁਸਤ ਆਏ। ਸਬਾਸ਼!" ਬਾਪੂ ਨੇ ਮੁੰਡੇ

ਬਾਕੀ ਪੰਨਾ 44 'ਤੇ

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ

ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 22 ਵੀਂ ਬਰਸੀ ਨੂੰ ਸਮਰਪਿਤ 'ਭਾਰਤੀ ਦਰਸ਼ਨ ਅਤੇ ਚਾਰਵਾਕ ਦਾ ਫਲਸਫਾ' ਵਿਸ਼ੇ ਸਬੰਧੀ ਇੱਕ ਸੂਬਾਈ ਸੈਮੀਨਾਰ ਅਤੇ ਸਨਮਾਨ ਸਮਾਗਮ ਤਰਕਸ਼ੀਲ ਭਵਨ, ਬਰਨਾਲਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਵਿਦਵਾਨ ਅਤੇ ਜਮਹੂਰੀ ਅਧਿਕਾਰ ਸਭਾ ਹਰਿਆਣਾ ਦੇ ਪ੍ਰਧਾਨ ਡਾ. ਸੁਖਦੇਵ, ਪ੍ਰਸਿੱਧ ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਸਾਹਿਤ ਵਿਭਾਗ ਦੇ ਸੂਬਾਈ ਮੁਖੀ ਹੇਮ ਰਾਜ ਸਟੈਨੋਂ, ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਅਤੇ ਤਰਕਸ਼ੀਲ ਆਗੂ ਕੁਲਵੰਤ ਕੌਰ ਨੇ ਕੀਤੀ। ਇਸ ਸਮਾਗਮ ਵਿੱਚ ਪੰਜਾਬ ਦੇ ਸਾਰੇ ਜ਼ੋਨਾਂ ਅਤੇ ਇਕਾਈਆਂ ਦੇ ਵੱਡੀ ਗਿਣਤੀ ਤਰਕਸ਼ੀਲ ਆਗੂਆਂ ਅਤੇ ਕਾਰਕੁਨਾਂ ਤੋਂ ਇਲਾਵਾ ਕ੍ਰਿਸ਼ਨ ਬਰਗਾੜੀ ਦਾ ਪਰਿਵਾਰ ਤੇ ਨਜਦੀਕੀ ਰਿਸ਼ਤੇਦਾਰ, ਤਰਕਸ਼ੀਲ ਕਾਫਲੇ 'ਚੋਂ ਵਿਛੜ ਚੁੱਕੇ ਹੋਰ ਤਰਕਸ਼ੀਲ ਸਾਥੀਆਂ ਦੇ ਪਰਿਵਾਰਕ ਮੈਂਬਰ ਅਤੇ ਵੱਖ ਵੱਖ ਜਮਹੂਰੀ ਅਤੇ ਸਾਹਿਤਕ ਸੰਸਥਾਵਾਂ ਦੇ ਮੈਂਬਰ ਅਤੇ ਲੇਖਕ ਵੀ ਸ਼ਾਮਲ ਸਨ। ਸਮਾਗਮ ਦੀ ਸ਼ੁਰੂਆਤ ਤਰਕਸ਼ੀਲ ਕਾਰਕੁਨਾਂ ਨਰਿੰਦਰ ਪਾਲ ਪਟਿਆਲਾ ਅਤੇ ਨਰਿੰਦਰ ਪਾਲ ਬਰਨਾਲਾ ਦੇ ਇਨਕਲਾਬੀ ਗੀਤਾਂ ਨਾਲ ਹੋਈ।ਸਮਾਗਮ ਦੇ ਸ਼ੁਰੂ ਵਿੱਚ ਆਏ ਹੋਏ ਸਤਿਕਾਰਤ ਮਹਿਮਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਸੁਸਾਇਟੀ ਦੇ ਪ੍ਰਿੰਟਿੰਗ ਵਿਭਾਗ ਦੇ ਮੁਖੀ ਰਾਜਪਾਲ ਸਿੰਘ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਬਾਰੇ ਵਿਸਥਾਰ ਵਿੱਚ ਚਾਨਣ ਪਾਇਆ। ਕੈਂਸਰ ਦੀ ਬਿਮਾਰੀ ਨਾਲ ਜੂਝਦਿਆਂ ਮੌਤ ਉਪਰੰਤ ਸਰੀਰ ਪ੍ਰਦਾਨ ਕਰਕੇ ਤਰਕਸ਼ੀਲ ਸਾਥੀਆਂ ਅਤੇ ਸਮਾਜ ਲਈ ਪ੍ਰੇਰਨਾ ਸ੍ਰੋਤ ਬਣਿਆ। ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੇ ਕਾਫਲੇ ਦੌਰਾਨ ਵਿਛੜ ਚੁੱਕੇ ਵੀਹ ਤੋਂ ਵੱਧ ਤਰਕਸ਼ੀਲ ਸਾਥੀਆਂ ਨੂੰ ਵੀ ਯਾਦ ਕਰਦਿਆਂ ਉਨ੍ਹਾਂ ਵੱਲੋਂ ਤਰਕਸ਼ੀਲ ਲਹਿਰ ਦੇ ਵਿਕਾਸ ਅਤੇ ਲੋਕ ਪੱਖੀ ਸਮਾਜਕ ਤਬਦੀਲੀ ਵਿੱਚ ਪਾਏ ਅਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਸੰਬੰਧਿਤ ਪਰਿਵਾਰਾਂ ਨੂੰ ਤਰਕਸੀਲ ਸੁਸਾਇਟੀ ਨਾਲ ਲਗਾਤਾਰ ਜੋੜਨ ਦੀ ਲੋੜ ਉੱਤੇ ਜੋਰ ਦਿੱਤਾ।

ਸਮਾਗਮ ਦੇ ਪਹਿਲੇ ਪੜਾਅ ਵਿੱਚ ਮੁੱਖ ਬੁਲਾਰੇ ਉੱਘੇ ਵਿਦਵਾਨ ਡਾ. ਸੁਖਦੇਵ ਸਿਰਸਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਦਿ ਯੁੱਗ ਤੋਂ ਫਲਸਫੇ ਦਾ ਮਨੁੱਖ ਦੀ ਜ਼ਿੰਦਗੀ ਨਾਲ ਸਿੱਧਾ ਸਬੰਧ ਰਿਹਾ ਹੈ ਅਤੇ ਭਾਰਤ ਵਿੱਚ ਪ੍ਰਸਿੱਧ ਦਾਰਸ਼ਨਿਕ ਚਾਰਵਾਕ ਦੇ ਪਦਾਰਥਵਾਦੀ ਦਰਸ਼ਨ ਦੀ ਵਿਗਿਆਨਕ ਵਿਚਾਰਧਾਰਾ, ਪੁਜਾਰੀਵਾਦ ਦੇ ਵਿਚਾਰਵਾਦੀ ਦਰਸ਼ਨ ਦੇ ਮੁਕਾਬਲੇ ਕਿਤੇ ਵੱਧ ਲੋਕ ਪੱਖੀ ਅਤੇ ਪ੍ਰਭਾਵਸ਼ਾਲੀ ਰਹੀ ਹੈ। ਉਨ੍ਹਾਂ ਕਿਹਾ ਕਿ ਚਾਰਵਾਕ ਦੇ ਪਦਾਰਥਵਾਦੀ ਦਰਸ਼ਨ ਨੇ ਅਖੌਤੀ ਆਤਮਾ - ਪ੍ਰਮਾਤਮਾ, ਸਵਰਗ -ਨਰਕ, ਪੁਨਰ ਜਨਮ, ਕਾਲਪਨਿਕ ਦੇਵੀ ਦੇਵਤਿਆਂ, ਕਰਮਕਾਂਡਾਂ, ਅੰਧ ਵਿਸ਼ਵਾਸਾਂ ਅਤੇ ਮਿਥਿਹਾਸ ਦਾ ਵਿਗਿਆਨਕ ਨਜਰੀਏ ਤੋਂ ਵਿਰੋਧ ਕੀਤਾ ਅਤੇ ਭਾਰਤੀ ਸਮਾਜ ਵਿਚ ਵਿਗਿਆਨਕ ਚੇਤਨਾ ਦੇ ਸੰਕਲਪ ਨੂੰ ਪੂਰੀ ਮਜਬੂਤੀ ਨਾਲ ਸਥਾਪਿਤ ਕੀਤਾ। ਉਨ੍ਹਾਂ ਨੇ ਚੇਤਨਾ ਨੂੰ ਪਦਾਰਥ ਅਤੇ ਕਿਰਤ ਦੀ ਪੈਦਾਵਾਰ ਦੱਸਦਿਆਂ ਕਿਹਾ ਕਿ ਜੀਵ ਦੀ ਉਤਪਤੀ ਤੋਂ ਮਨੁੱਖੀ ਵਿਕਾਸ ਦਾ ਸਫਰ ਕਰੋੜਾਂ ਸਾਲ ਦੇ ਵਿਕਾਸ ਦੀ ਪ੍ਰਕਿਰਿਆ ਹੈ ਅਤੇ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨੇ ਆਪਣੇ ਜੀਵ ਵਿਕਾਸ ਦੇ ਸਿਧਾਂਤ ਵਿਚ ਇਸਨੂੰ ਵਿਗਿਆਨਕ ਤੱਥਾਂ ਸਹਿਤ ਸਿੱਧ ਕੀਤਾ ਹੈ। ਉਨ੍ਹਾਂ ਨੇ ਅਫਸੋਸ ਪ੍ਰਗਟ ਕੀਤਾ ਕਿ ਮੌਜੂਦਾ ਫਿਰਕੂ ਹਾਕਮ ਜਮਾਤਾਂ ਵੱਲੋਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਸਿੱਖਿਆ ਦਾ ਭਗਵਾਂਕਰਨ ਅਤੇ ਵਪਾਰੀਕਰਨ ਕਰਕੇ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਸੰਵਿਧਾਨਕ ਅਧਿਕਾਰ ਨੂੰ ਖਤਮ ਕੀਤਾ ਜਾ ਰਿਹਾ ਹੈ।

ਇਸ ਸਮਾਗਮ ਦਾ ਮੁੱਖ ਹਾਸਿਲ ਇਹ ਰਿਹਾ ਕਿ ਮੁੱਖ ਬੁਲਾਰੇ ਦੇ ਸਵਾ ਘੰਟੇ ਦੇ ਸੰਬੋਧਨ ਨੂੰ ਸਮੂਹ ਸਰੋਤਿਆਂ ਨੇ ਨਿੱਠ ਕੇ ਪੂਰੀ ਦਿਲਚਸਪੀ ਨਾਲ ਸੁਣਿਆ। ਸਮਾਗਮ ਦੇ ਦੂਜੇ ਅਤੇ ਆਖਰੀ ਪੜਾਅ ਮੌਕੇ ਸਮੁੱਚੀ ਸੂਬਾ ਕਮੇਟੀ ਵੱਲੋਂ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਨਾਮਵਰ ਸਮਾਜਿਕ ਕਾਰਕੁਨ ਹਿਮਾਂਸੂ ਕੁਮਾਰ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਮੁੱਖ ਬੁਲਾਰੇ ਡਾ. ਸੁਖਦੇਵ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਮਾਜਿਕ ਕਾਰਕੁਨ ਹਿਮਾਂਸੂ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਦਹਿਸ਼ਤੀ ਅਤੇ ਫਾਸ਼ੀਵਾਦੀ ਨਿਜਾਮ ਵਿੱਚ ਅਸੀਂ ਜੀ ਰਹੇ ਹਾਂ, ਉਸਦੀਆਂ ਚੁਣੌਤੀਆਂ ਅਤੇ ਖਤਰਿਆਂ ਦਾ ਵਿਗਿਆਨਕ ਚੇਤਨਾ ਅਤੇ ਨਿਡਰਤਾ ਨਾਲ ਮੁਕਾਬਲਾ ਕਰਨਾ ਹੀ ਸਹੀ ਮਾਅਨਿਆਂ ਵਿੱਚ

ਤਰਕਸ਼ੀਲਤਾ ਹੈ। ਉਨ੍ਹਾਂ ਕਿਹਾ ਕਿ ਸਾਮਰਾਜ ਪੱਖੀ ਹਕੂਮਤਾਂ ਜਲ, ਜੰਗਲ, ਜਮੀਨ ਅਤੇ ਹੋਰਨਾਂ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਗਰੀਬ ਆਦਿਵਾਸੀਆਂ ਨੂੰ ਜਾਨੋਂ ਮਾਰਨ ਅਤੇ ਉਜਾੜਨ ਉੱਤੇ ਤੁਲੀਆਂ ਹੋਈਆਂ ਹਨ ਅਤੇ ਇਸ ਹਕੂਮਤੀ ਜਬਰ ਦਾ ਵਿਰੋਧ ਕਰਨ ਵਾਲਿਆਂ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਵਿਰੁੱਧ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ ਜਿਸਦੇ ਖਿਲਾਫ ਸਾਨੂੰ ਅਤੇ ਸਮੂਹ ਲੋਕ ਪੱਖੀ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਜੱਥੇਬੰਦਕ ਪੱਧਰ ਤੇ ਆਪਣੀ ਆਵਾਜ ਹੋਰ ਬੁਲੰਦ ਕਰਨ ਦੀ ਲੋੜ ਹੈ।

ਸ਼ੋਸ਼ਲ ਮੀਡੀਆ ਵਿਭਾਗ ਦੇ ਸੂਬਾਈ ਮੁਖੀ ਸੰਦੀਪ ਧਾਰੀਵਾਲ ਭੋਜਾਂ ਨੇ ਹਿਮਾਂਸ਼ੂ ਕੁਮਾਰ ਵੱਲੋਂ ਹਕੂਮਤੀ ਜਬਰ ਦੇ ਖਿਲਾਫ ਅਤੇ ਆਦਿਵਾਸੀਆਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਪਿਛਲੇ ਕਈ ਦਹਾਕਿਆਂ ਤੋਂ ਨਿਭਾਈ ਜਾ ਰਹੀ ਜਿਕਰਯੋਗ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਕਾਨੂੰਨ ਵਿਭਾਗ ਦੇ ਸੂਬਾਈ ਮੁਖੀ ਜਸਵਿੰਦਰ ਫਗਵਾੜਾ ਨੇ ਧਾਰਾ 295 ਏ ਦੇ ਤਹਿਤ ਵਿਗਿਆਨਕ ਵਿਚਾਰਧਾਰਾ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਕੀਤੇ ਜਾ ਰਹੇ ਹਕੂਮਤੀ ਅਤੇ ਫ਼ਿਰਕੂ ਹਮਲਿਆਂ ਖਿਲਾਫ਼ ਵਿਸ਼ਾਲ ਜਨਤਕ ਮੁਹਿੰਮ ਸ਼ੁਰੂ ਕਰਨ ਦਾ ਸੱਦਾ ਦਿੱਤਾ। ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਮੁੱਖ ਬੁਲਾਰੇ ਅਤੇ ਸਨਮਾਨਿਤ ਸਖਸ਼ੀਅਤ ਸਮੇਤ ਤਰਕਸ਼ੀਲ ਪਰਿਵਾਰਾਂ, ਤਰਕਸ਼ੀਲ ਕਾਰਕੁਨਾਂ ਅਤੇ ਸਾਰੇ ਸਰੋਤਿਆਂ ਦਾ ਸਮਾਗਮ ਵਿਚ ਸ਼ਮੂਲੀਅਤ ਅਤੇ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

ਸਨਮਾਨ ਪੱਤਰ ਪੜ੍ਹਨ ਅਤੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਵਿੱਦਿਆਰਥੀ ਚੇਤਨਾ ਪ੍ਰੀਖਿਆ ਵਿਭਾਗ ਦੇ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ। ਸਮਾਗਮ ਦੇ ਸਮੁੱਚੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੂਬਾਈ ਵਿੱਤ ਮੁਖੀ ਰਾਜੇਸ਼ ਅਕਲੀਆ, ਤਰਕਸ਼ੀਲ ਆਗੂ ਅਵਤਾਰ ਬਰਨਾਲਾ, ਕੁਲਦੀਪ ਨੈਣੇਵਾਲ ਅਤੇ ਬਿੰਦਰ ਧਨੌਲਾ ਵੱਲੋਂ ਪੂਰੀ ਤਨਦੇਹੀ ਨਾਲ ਨਿਭਾਈ ਗਈ। ਇਸ ਮੌਕੇ ਤਰਕਸ਼ੀਲ ਸਾਹਿਤ ਵੈਨ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਪਾਸ ਕੀਤੇ ਮਤਿਆਂ ਵਿੱਚ ਪੰਜਾਬ ਸਰਕਾਰ ਤੋਂ ਧਾਰਾ 295 ਏ ਤਹਿਤ ਤਰਕਸ਼ੀਲ ਅਤੇ ਸਮਾਜਿਕ ਕਾਰਕੁਨਾਂ ਉੱਤੇ ਨਜਾਇਜ ਕੇਸ ਦਰਜ ਕਰਨ ਦਾ ਸਖਤ ਵਿਰੋਧ ਕਰਦਿਆਂ ਇਨ੍ਹਾਂ ਕੇਸਾਂ ਨੂੰ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਜਸਵੰਤ ਮੋਹਾਲੀ, ਸੁਮੀਤ ਅੰਮ੍ਰਿਤਸਰ, ਅਜੀਤ ਪ੍ਰਦੇਸੀ, ਗੁਰਪ੍ਰੀਤ ਸਹਿਣਾ , ਜੋਨ ਆਗੂ ਮਾਸਟਰ ਪਰਮਵੇਦ ਸੰਗਰੂਰ, ਸੁਰਜੀਤ ਟਿੱਬਾ ਜਲੰਧਰ, ਗੁਰਮੀਤ ਖਰੜ ਚੰਡੀਗੜ੍ਹ, ਸਤਪਾਲ ਸਲੋਹ ਨਵਾਂ ਸਹਿਰ,ਰਾਜਵੰਤ ਬਾਗੜੀਆ ਅੰਮ੍ਰਿਤਸਰ, ਅਕਸੈ ਕੁਮਾਰ ਪਟਿਆਲਾ, ਪ੍ਰਵੀਨ ਜੰਡਵਾਲਾ ਮੁਕਤਸਰ, ਕੁਲਵਿੰਦਰ ਨਗਾਰੀ, ਲੇਖਕ ਹਰਚਰਨ ਚਹਿਲ, ਇਕੱਤਰ ਸੋਢੀ ਯੂ ਐਸ ਏ, ਮੁਖਤਿਆਰ ਗੋਪਾਲਪੁਰ, ਸੰਦੀਪ ਦਰਦੀ, ਸੋਹਣ ਸਿੰਘ ਮਾਝੀ, ਭੁਪਿੰਦਰ ਫੌਜੀ, ਮਾਸਟਰ ਜਗਦੀਸ ਰਾਏਪੁਰ ਡੱਬਾ, ਮਾਸਟਰ ਰਾਮ ਕੁਮਾਰ ਭਦੌੜ , ਵਿਕਰਮ ਬਠਿੰਡਾ, ਰਵਿੰਦਰ ਕੁਮਾਰ, ਕੁਲਜੀਤ ਡੰਗਰਖੇੜਾ, ਲੇਖਕ ਕੁਲਦੀਪ ਮਾਣੂਕੇ, ਮੇਲਾ ਰਾਮ ਬੀ ਈ ਓ, ਅਨਮੋਲ ਸਿੰਘ, ਕੈਪਟਨ ਮਾਨਾਂਵਾਲਾ, ਜਸਵੰਤ ਬੋਪਾਰਾਏ, ਜਸਵੰਤ ਜੱਸ, ਭੂਰਾ ਸਿੰਘ ਮਹਿਮਾ ਸਰਜਾ, ਚੰਨਣ ਵਾਂਦਰ, ਜੁਝਾਰ ਲੌਂਗੋਵਾਲ, ਗਿਆਨ ਸਿੰਘ ਬਠਿੰਡਾ, ਰਮੇਸ਼ ਕੁਮਾਰ, ਹਰਜਿੰਦਰ ਜਲਾਲਪੁਰ, ਪ੍ਰਿਤਪਾਲ ਬਠਿੰਡਾ, ਸਮਸੇਰ ਨੂਰਪੁਰੀ, ਨਸੀਬ ਚੰਦ ਬੱਬੀ, ਪਰਮਜੀਤ ਸਿੰਘ, ਚਰਨਜੀਤ ਪਟਵਾਰੀ, ਸੁਖਵਿੰਦਰ ਖਾਰਾ, ਨਿਰਮਲ ਪਟਵਾਰੀ, ਪ੍ਰੋ ਅਵਤਾਰ ਦੀਪ, ਵਿਸ਼ਵਕਾਂਤ ਸੁਨਾਮ, ਰਾਮ ਕੁਮਾਰ ਪਟਿਆਲਾ, ਸੁਰਿੰਦਰ ਪਾਲ ਪਿੱਦੀ, ਮਨਜੀਤ ਘਣਗਸ, ਪਰਮਜੀਤ ਕੌਰ, ਬਲਵਿੰਦਰ ਕੁਮਾਰ, ਅੰਮ੍ਰਿਤ ਰਿਸ਼ੀ ਆਦਿ ਸ਼ਾਮਿਲ ਸਨ।

ਸੁਮੀਤ ਅੰਮ੍ਰਿਤਸਰ (ਸੂਬਾਈ ਮੀਡੀਆ ਮੁਖੀ)
7696030173

ਪੰਨਾ 42 ਦਾ ਬਾਕੀ

ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਆਖਿਆ। "ਪੁੱਤਰਾ! ਤੇਰਾ ਕੋਈ ਕਸੂਰ ਨਹੀਂ ਹੈ । ਤੇਰੇ ਵਰਗੇ ਲੱਖਾਂ ਬੱਚਿਆਂ ਦੇ ਦਿਮਾਗ ਵਿੱਚ ਸਾਡੀ ਵਿਦਿਆ, ਸਰਕਾਰਾਂ, ਸਾਡੇ ਧਰਮ ਪ੍ਰਚਾਰਕ ਆਗੂ, ਅੰਧਵਿਸ਼ਵਾਸ ਭਰਕੇ ਆਪ ਬਾਦਸ਼ਾਹਾਂ ਵਾਂਗ ਐਸ਼ੋ-ਆਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਜਦੋ ਮਨੁੱਖ ਦੇ ਦਿਮਾਗ ਵਿੱਚੋ ਕਰਾਮਾਤਾਂ, ਭੂਤਾਂ, ਪ੍ਰੇਤਾਂ, ਵਰ, ਸਰਾਪ, ਜੋਤਿਸ਼, ਮਨੋਕਲਪਿਤ ਰੱਬ, ਪੁਜਾਰੀਆਂ ਦਾ ਡਰ ਨਿਕਲ ਗਿਆ ਤਾਂ ਉਦੋਂ ਮਨੁੱਖ ਜ਼ਿੰਦਗੀ ਦੀ ਸਭ ਤੋ ਵੱਡੀ ਅਤੇ ਪਹਿਲੀ ਲੜਾਈ ਜਿੱਤ ਲਵੇਗਾ।" 9530579175

'ਭਗਤ ਸਿੰਘ' ਤੇ 'ਦੁੱਲਾ', 'ਜਬਰੂ' ਮੇਰਾ ਲਹੂ,
ਕਿੰਝ ਖਲੋਵਾਂ 'ਗ਼ਜਨੀ' ਤੇ 'ਤੈਮੂਰੀ' ਨਾਲ।
ਮੇਰਾ ਕਲਮ-ਕਬੀਲਾ ਉਹਨਾਂ ਵਿੱਚੋਂ ਨਈਂ,
ਅੱਖਰ ਜਿਹੜੇ ਲਿਖਦੇ ਨੇ ਮਨਜ਼ੂਰੀ ਨਾਲ।

ਬਾਬਾ ਨਜ਼ਮੀ

ਪ੍ਰਾਪਤ ਆਰਥਿਕ ਸਹਾਇਤਾ

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ ਸਮੇਂ 'ਤੇ

1. ਰਾਜਿੰਦਰ ਕੌਰ ਬਰਗਾੜੀ 15000
2. ਪ੍ਰੇਮ ਸਮਾਲਸਰ (USA) 7500
3. ਇਕੱਤਰ ਸਿੰਘ ਸਮਾਲਸਰ (USA) 7500
4. ਸਾਧੂ ਸਿੰਘ ਝੋਰੜਾ ਕਨੇਡਾ 5000
5. ਭਜਨ ਸਿੰਘ ਕਨੇਡਾ 5000
6. ਗੁਰਪ੍ਰੀਤ ਸਿੰਘ ਭਦੌੜ ਕਨੇਡਾ 5000
7. ਸੁਖਦੇਵ ਬਰਗਾੜੀ 500
8. ਸੁਰਿੰਦਰ ਸਿੰਘ (ਮਾਨਸਾ ਇਕਾਈ) 1000
9. ਰਾਜਿੰਦਰ ਭਦੌੜ 1000
10. ਬਿਕਰਮਜੀਤ ਬਠਿੰਡਾ 500

ਤਰਕਸ਼ੀਲ ਭਵਨ ਲਈ ਸਹਾਇਤਾ

1. ਮਲਕੀਤ ਸਿੰਘ ਕਾਮਰੇਡ ਭਾਈ ਰੂਪਾ (ਬੇਟੇ ਦੀ ਸ਼ਾਦੀ ਦੀ ਖੁਸ਼ੀ ਵਿੱਚ) 1100
2. ਮਾਸਟਰ ਜਗਦੀਸ਼ ਰਾਏਪੁਰ ਡੱਬਾ (ਨਵਾਂਸ਼ਹਿਰ) (ਪਤਨੀ ਜਸਵੀਰ ਕੌਰ ਦੀ ਯਾਦ ਵਿੱਚ) 1000

ਸੂਬਾ ਕਮੇਟੀ ਨੂੰ ਸਹਾਇਤਾ

1. ਇਕਾਈ ਖਰੜ ਦੇ ਮੀਡੀਆ ਮੁਖੀ ਕਰਮਜੀਤ ਸਕਰੁੱਲਾਂਪੁਰੀ ਦੇ ਕਹਾਣੀ ਸੰਗ੍ਰਹਿ "ਦੋ ਗਿੱਠ ਜ਼ਮੀਨ" ਦੀ ਪਹਿਲੇ ਹਫ਼ਤੇ ਦੀ 11000/- ਤੋਂ ਵੱਧ ਦੀ ਕਮਾਈ ਵਿੱਚੋਂ 1100
2. ਸਰੀਰ ਪ੍ਰਦਾਨੀ ਵੀਰ ਸਿੰਘ ਜੀ ਦੀ ਯਾਦ ਵਿੱਚ ਤਰਕਸ਼ੀਲ ਆਗੂ ਦਲਜੀਤ ਸਿੰਘ ਦਾਰਾਪੁਰ ਅਤੇ ਸਮੁੱਚੇ ਪਰਿਵਾਰ ਵਲੋਂ 1000

ਮੈਗਜ਼ੀਨ ਸਹਾਇਤਾ

1. ਮੂਲ ਰਾਜ (ਸੀਨੀਅਰ ਮੈਂਬਰ ਇਕਾਈ ਬਠਿੰਡਾ) 500
2. ਬਲਦੇਵ ਸਿੰਘ ਬਠਿੰਡਾ (ਹੁਣ ਦਿੱਲੀ) ਵੱਲੋਂ ਆਪਣੀ ਤਰੱਕੀ ਸਮੇਂ 5000
3. ਸੁਰਜੀਤ ਅਰਮਾਨੀ ਜੀ ਦੇ ਸ਼ੋਕ ਸਮਾਗਮ ਸਮੇਂ ਪਰਿਵਾਰ ਵੱਲੋਂ 1100
4. ਡਾ. ਜਗਤਾਰ ਸਿੰਘ, ਫੂਲ ਟਾਊਨ 1000

ਸਹਾਇਤਾ ਇਕਾਈ ਬਠਿੰਡਾ

1. ਸੋਖਲ ਪਰਿਵਾਰ ਭੁੰਬਾ ਦੇ ਬੱਚਿਆਂ ਰਾਜਵੀਰ ਕੌਰ, ਸੰਦੀਪ ਸਿੰਘ ਅਤੇ ਹਰਜੀਤ ਸਿੰਘ ਵੱਲੋਂ 500
2. ਕੁਲਦੀਪ ਸਿੰਘ, ਰਿਟਾਇਰਡ ਜੇ.ਈ., ਬਾਗਬਾਨੀ ਵਿਭਾਗ ਬਠਿੰਡਾ 500
3. ਗੁਰਦੇਵ ਸਿੰਘ ਗਿੱਲ, ਰਿਟਾਇਰਡ ਡਿਪਟੀ ਡੀ.ਪੀ.ਆਈ. ਪੰਜਾਬ 1000
4. ਬਲਵੰਤ ਜੀਦਾ, ਮੈਂਬਰ ਇਕਾਈ ਬਠਿੰਡਾ 2400
5. ਬਲਦੇਵ ਸਿੰਘ ਇਕਾਈ ਬਠਿੰਡਾ ਵੱਲੋਂ ਆਪਣੀ ਤਰੱਕੀ ਮੌਕੇ 2500
6. ਹਰਬੰਸ ਸਿੰਘ (ਆਦਰਸ਼ ਨਗਰ ਬਠਿੰਡਾ) ਬੇਟੇ ਹਰਮਨਪ੍ਰੀਤ ਦੇ ਵਿਆਹ ਦੀ ਖੁਸ਼ੀ ਵਿੱਚ 500
7. ਗੁਰਦੀਪ ਸਿੰਘ ਮਾਨ (ਪੰਚ ਕੋਟ ਭਾਈ) ਬੇਟੇ ਅਰਸ਼ਦੀਪ ਦੇ ਵਿਆਹ ਦੀ ਖੁਸ਼ੀ ਵਿੱਚ 500

ਸਹਾਇਤਾ ਜ਼ੋਨ ਦਫ਼ਤਰ ਬਠਿੰਡਾ

1. ਬਲਦੇਵ ਸਿੰਘ ਬਠਿੰਡਾ (ਹੁਣ ਦਿੱਲੀ) ਨੇ ਆਪਣੀ ਤਰੱਕੀ ਸਮੇਂ 2500
2. ਸੁਰਜੀਤ ਅਰਮਾਨੀ ਜੀ ਦੇ ਸ਼ੋਕ ਸਮਾਗਮ ਸਮੇਂ ਪਰਿਵਾਰ ਵੱਲੋਂ 1100

ਇਕਾਈ ਖਰੜ

1. ਗੁਰਦੀਪ ਕੌਰ (ਸੀਨੀਅਰ ਮੀਤ ਪ੍ਰਧਾਨ, ਨਗਰ ਕੌਂਸਲ, ਖਰੜ) 900

ਮੋਹਾਲੀ ਇਕਾਈ

1. ਮਨੋਜ ਮਲਿਕ (ਹਿਊਮਨਿਸਟ) ਚੰਡੀਗੜ੍ਹ 1000

ਲੁਧਿਆਣਾ ਇਕਾਈ ਲਈ ਸਹਾਇਤਾ

1. ਪ੍ਰਿੰਸੀਪਲ ਗੁਰਚਰਨ ਸਿੰਘ, ਰਾਜਗੁਰੂ ਨਗਰ ਲੁਧਿਆਣਾ 1000
2. ਕਸਤੂਰੀ ਲਾਲ (ਵਿੱਤ ਸਕੱਤਰ ਪਲਸ ਮੰਚ) ਵੱਲੋਂ ਆਪਣੀ ਮਾਤਾ ਸੰਤ ਕੌਰ ਜੀ ਦੇ ਸਰਧਾਂਜਲੀ ਸਮਾਗਮ ਮੌਕੇ 1000

ਦੇਸ਼-ਧ੍ਰੋਹੀ ਕੌਣ ?

ਜਿਸ ਧਰਤੀ ਉੱਤੇ ਹਰ ਮਿੰਟ ਇੱਕ ਬੱਚਾ ਭੁੱਖ ਜਾਂ ਬਿਮਾਰੀ ਨਾਲ ਮਰਦਾ ਹੋਵੇ, ਜਿੱਥੇ ਚੀਜ਼ਾਂ ਨੂੰ ਹਾਕਮ ਜਮਾਤ ਦੇ ਨਜ਼ਰੀਏ ਤੋਂ ਸਮਝਣ ਦੀ ਆਦਤ ਪਾਈ ਜਾਂਦੀ ਹੈ, ਜਿੱਥੇ ਬਦਤਰ ਹਾਲਾਤ ਨੂੰ ਸੁਖਾਵੇਂ ਹਾਲਾਤ ਸਮਝਣ ਦੀ ਸਿਖਲਾਈ ਆਵਾਮ ਨੂੰ ਦਿੱਤੀ ਜਾਂਦੀ ਹੈ, ਉੱਥੇ ਢਾਂਚੇ ਜਾਂ ਨਿਜ਼ਾਮ ਨੂੰ ਦੇਸ਼ ਭਗਤੀ ਨਾਲ ਜੋੜ ਦਿੱਤਾ ਜਾਂਦਾ ਹੈ। ਨਿਜ਼ਾਮ ਦੀ ਢਾਂਚਾਗਤ ਹਿੰਸਾ ਉੱਤੇ ਸਵਾਲ ਕਰਨ ਵਾਲਾ ਦ੍ਰੇਸ਼-ਧ੍ਰੋਹੀ ਜਾਂ ਵਿਦੇਸ਼ੀ ਏਜੰਟ ਗਰਦਾਨਿਆ ਜਾਂਦਾ ਹੈ। ਜੰਗਲ ਦੇ ਕਾਨੂੰਨ ਨੂੰ ਪਵਿੱਤਰ ਰੂਪ ਦਿੱਤਾ ਜਾਂਦਾ ਹੈ ਤਾਂ ਕਿ ਹੰਭੀ ਹੋਈ ਆਵਾਮ ਆਪਣੇ ਬਦਤਰ ਹਾਲਾਤ ਨੂੰ ਅੰਤਿਮ ਅਤੇ ਰੱਬੀ ਸੱਚ ਮੰਨ ਲਵੇ। **ਏਦੀਆਰਦੋ ਗਾਲੀਆਨੋ**

ਸਰੀਰ ਪ੍ਰਦਾਨੀਆਂ ਦੇ ਸਤਿਕਾਰ ਸਮਾਗਮ

ਸਰੀਰ ਪ੍ਰਦਾਨੀ ਅਤੇ ਤਰਕਸ਼ੀਲ ਆਗੂ-ਮਾਸਟਰ ਬਲਵੰਤ ਸਿੰਘ ਜੀ ਦਾ ਸਤਿਕਾਰ ਸਮਾਗਮ



ਮਾਸਟਰ ਬਲਵੰਤ ਸਿੰਘ ਦਾ ਜਨਮ 3 ਫਰਵਰੀ 1955 ਨੂੰ ਪਿੰਡ ਸੰਧੌਲੀ (ਪਿਹੋਵਾ) ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਹੋਇਆ ਸੀ। ਉਹਨਾਂ ਦਾ ਵਿਆਹ ਤਪਿੰਦਰ ਕੌਰ ਜੀ ਨਾਲ 1979 ਵਿੱਚ ਹੋਇਆ। ਉਹਨਾਂ ਦੇ ਦੋ ਬੇਟੇ ਅਮਨਦੀਪ ਸਿੰਘ, ਫਤਿਹ ਸਿੰਘ ਅਤੇ ਇਕ ਬੇਟੀ ਪਰਮਜੀਤ ਕੌਰ ਹੈ। ਉਹਨਾਂ ਦੇ ਜਵਾਈ ਰਵਿੰਦਰ ਸਿੰਘ, ਨੂੰਹਾਂ ਜਸਵਿੰਦਰ ਕੌਰ, ਸਿਮਰਨਜੀਤ ਕੌਰ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ, ਧੀਆਂ-ਪੁੱਤ, ਦੋਸਤ, ਤਰਕਸ਼ੀਲ ਕਾਫ਼ਲੇ ਦੇ ਸਾਥੀ ਆਦਿ ਉਹਨਾਂ ਦੀ ਮੌਤ 'ਤੇ ਡੂੰਘੇ ਦੁੱਖ ਵਿੱਚ ਹਨ। 1 ਫਰਵਰੀ 2024 ਨੂੰ ਉਹਨਾਂ ਦੀ ਮਨੋ-ਇੱਛਾ ਅਨੁਸਾਰ ਉਹਨਾਂ ਦਾ ਮ੍ਰਿਤਕ ਸਰੀਰ ਮੈਡੀਕਲ ਯੂਨੀਵਰਸਿਟੀ, ਕੁਰੂਕਸ਼ੇਤਰ ਨੂੰ ਸੌਂਪਿਆ ਗਿਆ। ਹਰਿਆਣਾ ਵਿੱਚ ਅਸਥਾਈ ਅਤੇ ਬੇਰੁਜ਼ਗਾਰ ਅਧਿਆਪਕ ਸੰਘ ਨੂੰ ਸਰਗਰਮ ਕਰਨ ਵਿੱਚ ਉਹਨਾਂ ਦਾ ਅਹਿਮ ਯੋਗਦਾਨ ਸੀ। ਉਹ ਇਸ ਸੰਘ ਦੇ ਮੁਖ ਸਕੱਤਰ ਰਹੇ ਅਤੇ ਇਸ ਦੇ ਨਾਤੇ ਹਰਿਆਣਾ ਰਾਜ ਅਧਿਆਪਕ ਸੰਘ ਦੇ ਸੂਬਾ ਕਮੇਟੀ ਮੈਂਬਰ ਵੀ ਬਣਾਏ ਗਏ। ਹਰਿਆਣਾ ਸਿੱਖਿਆ ਵਿਭਾਗ ਵਿੱਚੋਂ ਉਹ 28 ਫਰਵਰੀ 2013 ਨੂੰ ਬਤੌਰ ਲੈਕਚਰਾਰ (ਪੰਜਾਬੀ) ਰਿਟਾਇਰ ਹੋਏ ਹਨ।

ਉਹ ਨੌਜਵਾਨੀ ਤੋਂ ਹੀ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਸਨ। ਤਰਕਸ਼ੀਲ ਲਹਿਰ ਨਾਲ ਜੁੜਦਿਆਂ ਹੀ 1988 ਵਿੱਚ ਉਹਨਾਂ ਨੂੰ ਤਰਕਸ਼ੀਲ ਸੁਸਾਇਟੀ ਹਰਿਆਣਾ ਦਾ ਸੂਬਾ ਕਮੇਟੀ ਮੈਂਬਰ ਲਿਆ ਗਿਆ। 1990 ਵਿੱਚ ਉਹਨਾਂ ਨੂੰ ਸੂਬਾ ਸਕੱਤਰ ਚੁਣਿਆ ਗਿਆ। 1995 ਵਿੱਚ ਉਹ ਸੂਬਾ ਪ੍ਰਧਾਨ ਬਣੇ। ਉਹ ਹਿੰਦੀ ਮੈਗਜ਼ੀਨ "ਤਰਕਸ਼ੀਲ ਪਥ" ਦੇ ਲੰਬੇ ਸਮੇਂ ਤੋਂ ਸੰਪਾਦਕ ਸਨ। ਮਾਨਸਿਕ ਰੋਗੀਆਂ ਨੂੰ ਮਾਨਸਿਕ ਸਿਹਤ ਮਸ਼ਵਰਾ ਦੇਣ ਦੀ ਜ਼ਿੰਮੇਵਾਰੀ ਨੂੰ ਉਹਨਾਂ ਨੇ ਜੀਵਨ ਭਰ ਬਾਖੂਬੀ ਨਿਭਾਇਆ। ਹਜ਼ਾਰਾਂ ਹੀ ਮਾਨਸਿਕ ਰੋਗ ਪੀੜਤਾਂ ਨੂੰ ਸਲਾਹ-ਮਸ਼ਵਰਾਂ ਦੇ ਕੇ ਇਸ ਲੁਟੇਰੇ ਪ੍ਰਬੰਧ ਦੀ ਦਿੱਤੀ ਹੋਈ ਜਿੱਲਣ ਵਿੱਚੋਂ ਕੱਢਿਆ।

ਡੇਰਾ ਸਿਰਸਾ ਮੁਖੀ ਰਾਮ ਰਹੀਮ ਸਿੰਘ 'ਤੇ ਜਦ ਸਾਧਵੀਆਂ ਦੇ ਯੌਨ ਸ਼ੋਸ਼ਣ ਦੇ ਦੋਸ਼ ਲੱਗੇ ਤਾਂ ਆਪ ਖੁੱਲ ਕੇ ਪੀੜਤਾਂ ਦੇ ਮੱਦਦ ਲਈ ਅੱਗੇ ਆਏ। ਜਿੱਥੇ ਡੇਰਾ ਸਮਰਥਕਾਂ ਨੇ ਆਪ ਜੀ ਦੇ ਸਾਥੀ ਰਣਜੀਤ ਸਿੰਘ ਖਾਨਪੁਰ ਕੌਲੀਆਂ 'ਤੇ ਜਾਨਲੇਵਾ ਹਮਲਾ ਕਰਕੇ ਉਹਨਾਂ ਦਾ ਕਤਲ ਕਰ ਦਿੱਤਾ, ਉੱਥੇ ਨਾਲ ਹੀ ਕਾਤਲ ਆਪ ਜੀ ਨੂੰ ਵੀ ਕਤਲ ਕਰਨ ਆਏ ਸਨ, ਪਰ ਮੌਕਾ ਮੇਲ ਆਪ ਘਰੇ ਨਾ ਹੋਣ ਕਰਕੇ ਬਚ ਗਏ। ਖੂਨੀ ਦਰਿੰਦਿਆਂ ਨੇ ਫਿਰ ਵੀ ਆਪ 'ਤੇ ਕਈ ਵਾਰ ਹਮਲਿਆਂ ਦੀ ਕੋਸ਼ਿਸ਼ ਕੀਤੀ, ਪਰ ਆਪ ਆਪਣੀ ਇਹਤਿਆਤ ਨਾਲ ਬਚਦੇ ਰਹੇ। ਆਪ ਡੇਰਾ ਮੁਖੀ ਖਿਲਾਫ਼ ਚਲਦੇ ਕੇਸ ਵਿੱਚ ਪ੍ਰਮੁੱਖ ਗਵਾਹ ਵਜੋਂ ਪੇਸ਼ ਹੁੰਦੇ ਰਹੇ। ਕਰੋੜਾਂ ਦਾ ਲਾਲਚ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਆਪ ਜੀ ਨੂੰ ਡੁਲਾ ਨਾ ਸਕੀਆਂ। ਆਪ ਜੀ ਦੇ ਸਾਥੀ ਪ੍ਰਸਿੱਧ ਪੱਤਰਕਾਰ ਰਾਮ ਚੰਦਰ ਛੱਤਰਪਤੀ, ਜਿਹਨਾਂ ਨੇ ਡੇਰੇ ਦੇ ਮੁੱਖੀ ਦੇ ਸਾਰੇ ਕੁਕਰਮਾਂ ਨੂੰ ਮੀਡੀਆ ਵਿੱਚ ਲਿਆਂਦਾ, ਇੱਕ ਹਮਲੇ ਦੌਰਾਨ ਸ਼ਹੀਦ ਹੋ ਗਏ। ਹੋਰ ਵੀ ਕਈ ਸਮਾਜਿਕ ਹਿੱਤਾਂ ਲਈ ਵਿਗਿਆਨਕ ਸੋਚ 'ਤੇ ਪਹਿਰਾ ਦਿੰਦਿਆਂ ਆਪ ਖ਼ਿਲਾਫ ਝੂਠੇ ਕੇਸ ਦਰਜ ਹੋਏ। ਅਦਾਲਤਾਂ ਦੇ ਚੱਕਰ ਆਪ ਦਾ ਰਾਹ ਨਾ ਬਦਲਾ ਸਕੇ।

ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਉੱਠੇ ਸੰਘਰਸ਼ਾਂ ਵਿੱਚ ਆਪ ਜੀ ਨੇ ਚੱਲਦੇ ਘੋਲਾਂ ਵਿੱਚ ਦਿਨ ਰਾਤ ਨਿੱਠਕੇ ਕੰਮ ਕੀਤਾ। ਆਪ ਸਾਖਰਤਾ ਅੰਦੋਲਨ ਨਾਲ ਵੀ ਜੁੜੇ ਰਹੇ। ਇਹ ਸੰਘਰਸ਼ਸ਼ੀਲ ਯੋਧਾ, ਤਰਕਸ਼ੀਲ ਆਗੂ, ਲੇਖਕ ਆਖ਼ਰ ਕਈ ਸੰਘਰਸ਼ਾਂ ਦੀ ਅਗਵਾਈ ਕਰਦਾ ਹੋਇਆ 31 ਜਨਵਰੀ 2024 ਨੂੰ ਸਾਡੇ ਤੋਂ ਵਿਛੜ ਗਿਆ। ਉਹਨਾਂ ਦੀ ਯਾਦ ਹਮੇਸ਼ਾ ਲੋਕ ਮਨਾਂ ਵਿੱਚ ਬਣੀ ਰਹੇਗੀ।

11 ਫਰਵਰੀ 2024 ਨੂੰ ਤਰਕਸ਼ੀਲ ਸੁਸਾਇਟੀ ਹਰਿਆਣਾ ਅਤੇ ਉਹਨਾਂ ਦੇ ਪਰਿਵਾਰ ਨੇ ਮਿਲ ਕੇ ਉਹਨਾਂ ਦੇ ਇੱਕ ਵਿਸ਼ਾਲ ਸਤਿਕਾਰ ਸਮਾਗਮ ਦਾ ਆਯੋਜਨ ਕੀਤਾ। ਇਹ ਸਮਾਗਮ ਕੁਰੂਕਸ਼ੇਤਰ ਵਿਖੇ ਅੰਬੇਦਕਰ ਭਵਨ ਵਿੱਚ ਕੀਤਾ ਗਿਆ। ਨਮ ਅੱਖਾਂ ਨਾਲ ਕਿੰਨੀਆਂ ਹੀ ਜਥੇਬੰਦੀਆਂ, ਆਗੂਆਂ, ਸਨੇਹੀਆਂ, ਰਿਸ਼ਤੇਦਾਰਾਂ ਆਦਿ ਨੇ ਉਹਨਾਂ ਨੂੰ ਯਾਦ ਕੀਤਾ। ਵੱਡੇ ਪੱਧਰ 'ਤੇ ਹਰਿਆਣਾ ਅਤੇ ਪੰਜਾਬ ਤੋਂ ਸ਼ਿਰਕਤ ਹੋਈ। ਬੁਲਾਰਿਆਂ ਨੇ ਉਹਨਾਂ ਦੀ ਸੋਚ ਅਤੇ ਜੀਵਨ ਯਾਦਾਂ 'ਤੇ ਗੱਲ ਸਾਂਝੀ ਕੀਤੀ। ਪ੍ਰਮੁੱਖ ਬੁਲਾਰਿਆਂ ਵਿੱਚ ਸ਼ਾਮਲ ਸਨ— ਫਰਿਆਦ ਸਿੰਘ ਸਨਿਆਣਾ, ਐਡਵੋਕੇਟ ਬਲਵੀਰ ਸੈਨੀ, ਬਲਜੀਤ ਭਾਰਤੀ, ਕਰਮਜੀਤ ਸਿੰਘ ਠਸਕਾ, ਜੈ ਪ੍ਰਕਾਸ਼ ਸ਼ਾਸਤਰੀ, ਮਾਸਟਰ ਰਾਕੇਸ਼ ਟ੍ਰੀਮੈਨ, ਬਲਦੇਵ ਮਹਿਰੋਕ, ਰਾਜੇਸ਼ ਪੇਗਾ, ਰਾਮੇਸ਼ਵਰ ਦਾਸ, ਐਡਵੋਕੇਟ ਸੁਦੇਸ਼

ਰਾਣੀ, ਪਲਵਿੰਦਰ ਸਿੰਘ, ਬਲਬੀਰ ਲੌਂਗੋਵਾਲ, ਸੁਮੀਤ ਸਿੰਘ, ਹਰਚੰਦ ਭਿੰਡਰ ਆਦਿ। ਉਹਨਾਂ ਦੀ ਮੌਤ ਤੋਂ ਬਾਅਦ ਪਰਿਵਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਰਸਮ ਨਾ ਕਰਕੇ ਸਾਥੀ ਬਲਵੰਤ ਦੀ ਸੋਚ 'ਤੇ ਪਹਿਰਾ ਦਿੱਤਾ ਗਿਆ। ਉਹਨਾਂ ਦੇ ਚਲੇ ਜਾਣ ਨਾਲ ਜਿੱਥੇ ਹਰਿਆਣਾ ਦੇ ਤਰਕਸ਼ੀਲ ਅੰਦੋਲਨ, ਮੈਗਜ਼ੀਨ "ਤਰਕਸ਼ੀਲ ਪਥ" ਦੀ ਸੰਪਾਦਕੀ ਟੀਮ, ਉਹਨਾਂ ਦੇ ਸੰਗੀ-ਸਾਥੀਆਂ, ਕਿਰਤੀ ਲੋਕਾਂ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਤਰਕਸ਼ੀਲ ਸੁਸਾਇਟੀ ਪੰਜਾਬ ਵੀ ਉਹਨਾਂ ਦੀ ਬੇਹੱਦ ਘਾਟ ਮਹਿਸੂਸ ਕਰਦੀ ਹੈ। **- ਬਲਦੇਵ ਮਹਿਰੋਕ**

***

ਤਰਕਸ਼ੀਲ ਆਗੂ ਆਤਮਾ ਸਿੰਘ ਜੀ ਦੀ ਯਾਦ ਵਿੱਚ ਹੋਇਆ ਸ਼ਰਧਾਂਜਲੀ ਸਮਾਗਮ



ਲੁਧਿਆਣਾ ਵਿਖੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਯਾਦਗਾਰੀ ਭਵਨ ਵਿੱਚ ਤਰਕਸ਼ੀਲ ਆਗੂ ਆਤਮਾ ਸਿੰਘ ਦੀ ਯਾਦ ਵਿੱਚ ਹੋਏ ਸ਼ਰਧਾਂਜਲੀ ਸਮਾਗਮ ਨੇ ਸਰੋਤਿਆਂ ਨੂੰ ਮਨੁੱਖ ਦੇ ਮਰਨ ਪਿੱਛੋਂ ਜਨਮ-ਮਰਣ ਤੋਂ 'ਮੁਕਤੀ' ਦੀ ਥਾਂ ਇਸੇ ਜਨਮ ਨੂੰ 'ਸਵਰਗ' ਬਣਾਉਣ ਦਾ ਸੰਦੇਸ਼ ਦਿੱਤਾ। ਸਟੇਜ ਸਕੱਤਰ ਜਸਵੰਤ ਜੀਰਖ਼ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੇ ਵਿਤ ਮੁਖੀ ਸਾਥੀ ਆਤਮਾ ਸਿੰਘ ਦੀ ਅਚਨਚੇਤੀ ਮੌਤ ਹੋਣ ਤੋਂ ਬਾਅਦ ਉਹਨਾਂ ਦਾ ਮ੍ਰਿਤਕ ਸਰੀਰ ਸੀ. ਐਮ. ਸੀ. ਹਸਪਤਾਲ ਲੁਧਿਆਣਾ ਨੂੰ ਮੈਡੀਕਲ ਕਾਰਜਾਂ ਦੇ ਵਾਸਤੇ ਸੌਂਪ ਦਿੱਤਾ ਗਿਆ ਸੀ ਅਤੇ ਉਹਨਾਂ ਦੀਆਂ ਅੱਖਾਂ ਪੁੰਨਰ ਜੋਤ ਅੱਖਾਂ ਦੇ ਹਸਪਤਾਲ ਨੂੰ ਪ੍ਰਦਾਨ ਕੀਤੀਆਂ ਗਈਆਂ ਜਿੱਥੇ ਡਾ. ਰਮੇਸ਼ ਜੀ ਦੁਆਰਾ ਉਹ ਕਿਸੇ ਦੋ ਨਿਗ੍ਹਾ ਵਿਹੂਣੇ ਵਿਅਕਤੀਆਂ ਦੇ ਮੁਫ਼ਤ ਲਾਈਆਂ ਜਾਣਗੀਆਂ। ਅਜਿਹਾ ਕਰਨ ਪਿੱਛੇ ਸੁਸਾਇਟੀ ਦੀ ਵਿਚਾਰਧਾਰਾ ਨੂੰ ਪ੍ਰਫੁਲਤ ਕਰਨਾ ਅਤੇ ਲੋਕਾਂ ਨੂੰ ਵਿਗਿਆਨਕ ਪੱਖ ਤੋਂ ਸਰੀਰ ਦੀ ਸਹੀ ਵਰਤੋਂ ਕਰਨਾ ਅਤੇ ਵਾਤਾਵਰਨ ਸੁਧਾਰਨ ਪੱਖੋਂ ਵੀ ਵਧੀਆ ਸੁਨੇਹਾ ਦੇਣਾ ਸੀ। ਉਹਨਾਂ ਧਰਮਾਂ ਦੀਆਂ ਬੇਲੋੜੀਆਂ ਅਤੇ ਪੈਸੇ ਦੀ ਬਰਬਾਦੀ ਵਾਲੀਆਂ ਰਸਮਾਂ ਵਿੱਚੋਂ ਨਿਕਲਕੇ ਸਹੀ ਅਤੇ ਉਸਾਰੂ ਰਸਤਾ ਅਪਨਾਉਣ 'ਤੇ ਜ਼ੋਰ ਦਿੱਤਾ। ਇਸ ਸਮੇਂ ਸੂਬਾ ਤਰਕਸ਼ੀਲ ਆਗੂ ਜਸਵਿੰਦਰ ਸਿੰਘ ਨੇ ਕਿਹਾ ਕਿ ਸਾਥੀ ਆਤਮਾ ਸਿੰਘ ਦੇ ਸਦੀਵੀ ਵਿਛੋੜੇ ਕਾਰਣ ਤਰਕਸ਼ੀਲ ਸੁਸਾਇਟੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਤੇ ਇਸ ਦੇ ਨਾਲ ਹੀ ਪਰਿਵਾਰ ਨੂੰ ਵੀ। ਉਹਨਾਂ ਦਾ ਵਿਛੋੜਾ ਅਸਹਿ ਹੈ। ਪਰ ਇਸ ਸਮੇਂ ਪਰਿਵਾਰ ਨੇ ਉਹਨਾਂ ਦੀ ਤਰਕਸ਼ੀਲ ਸੋਚ ਤੇ ਪਹਿਰਾ ਦੇ ਕੇ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਹਸਪਤਾਲ ਨੂੰ ਖੋਜ ਕਾਰਜਾਂ ਲਈ ਦੇ ਕੇ ਬਹੁਤ ਸ਼ਲਾਘਾਯੋਗ ਹੌਂਸਲਾ ਵਿਖਾਇਆ ਹੈ। ਕਿਸਾਨ ਆਗੂ ਜਸਦੇਵ ਸਿੰਘ ਲਲਤੋਂ ਨੇ ਕਿਹਾ ਕਿ ਆਤਮਾ ਸਿੰਘ ਤਰਕਸ਼ੀਲ ਆਗੂ ਹੋਣ ਦੇ ਨਾਲ ਹੋਰਨਾਂ ਕਿਸਾਨ ਤੇ ਇਨਕਲਾਬੀ ਜਥੇਬੰਦੀਆਂ ਵਿੱਚ ਵੀ ਵਿਚਰਦਾ ਰਿਹਾ। ਉਸ ਦੀ ਇਹ ਸੋਚ ਸੀ ਕਿ ਉੱਪਰ ਨਰਕ-ਸਵਰਗ ਕੋਈ ਨਹੀਂ ਸਗੋਂ ਧਰਤੀ ਨੂੰ 'ਸਵਰਗ' ਬਣਾਉਂਣ ਲਈ ਅਗਾਂਹਵਧੂ ਜਥੇਬੰਦੀਆਂ ਦੇ ਸਾਥ ਨਾਲ ਹੀ ਅਜਿਹਾ ਕੀਤਾ ਜਾ ਸਕਦਾ ਪਰ ਕਾਰਪੋਰੇਟ ਤੇ ਮੌਜੂਦਾ ਹਾਕਮ ਇਹ ਨਹੀਂ ਚਾਹੁੰਦੇ । ਇਸੇ ਕਾਰਨ ਤਰਕਸ਼ੀਲ ਆਗੂਆਂ ਦੀ 295 ਏ ਲਾ ਕੇ ਜੁਬਾਨਬੰਦੀ ਕਰਨ ਦੀ ਕੋਸਿਸ ਹੋ ਰਹੀ ਹੈ ਤੇ ਹੋਰ ਬੁੱਧੀਜੀਵੀਆਂ 'ਤੇ ਪਰਚੇ ਦਰਜ਼ ਕੀਤੇ ਜਾ ਰਹੇ ਹਨ। ਪਲਸ ਮੰਚ ਦੇ ਆਗੂ ਕਸ਼ਤੂਰੀ ਲਾਲ ਨੇ ਆਤਮਾ ਸਿੰਘ ਤੇ ਇਹਨਾਂ ਦੇ ਪਰਿਵਾਰ ਨਾਲ ਬਹੁਤ ਪੁਰਾਣੀ ਸਾਂਝ ਬਾਰੇ ਜਾਣਕਾਰੀ ਦਿੱਤੀ।

ਅੰਤ ਵਿੱਚ ਸੂਬਾ ਆਗੂ ਰਜਿੰਦਰ ਭਦੌੜ ਨੇ ਕਿਹਾ ਕਿ ਆਤਮਾ ਸਿੰਘ ਅਜਿਹਾ ਸਖ਼ਸ਼ ਸੀ ਕਿ ਜੋ ਪਰਿਵਾਰ 'ਤੇ ਆਈਆਂ ਮੁਸ਼ਕਲਾਂ ਦੇ ਸਮੇਂ ਵੀ ਅਡੋਲ ਰਿਹਾ ਤੇ ਤਰਕਸ਼ੀਲ ਸਰਗਰਮੀਆਂ ਖਾਸ ਕਰਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੇਲੇ ਸਮੇਂ ਬਹੁਤ ਸਰਗਰਮੀ ਨਾਲ ਕੰਮ ਕਰਦਾ ਰਿਹਾ ਤੇ ਲੁਧਿਆਣਾ ਜ਼ੋਨ ਵਿੱਚ ਬਹੁਤ ਸਮੇਂ ਤੋਂ ਸਰਗਰਮ ਆਗੂ ਰਿਹਾ। ਇਸ ਦੇ ਨਾਲ ਹੀ ਪਰਿਵਾਰ ਨੇ ਓਹਨਾਂ ਦੇ ਮ੍ਰਿਤਕ ਸਰੀਰ ਨੂੰ ਹਸਪਤਾਲ ਨੂੰ ਪ੍ਰਦਾਨ ਕਰਕੇ ਆਤਮਾ ਸਿੰਘ ਦੇ ਕੰਮਾਂ ਤੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਹੈ। ਉਹਨਾਂ ਦੇ ਇਸ ਯਤਨ ਨਾਲ ਸਮਾਜ ਵਿੱਚ ਵੀ ਚੰਗੀ ਪਿਰਤ ਨੂੰ ਹੁਲਾਰਾ ਮਿਲੇਗਾ। ਕਨੇਡਾ ਦੀ ਤਰਕਸ਼ੀਲ ਜਥੇਬੰਦੀ ਦੇ ਆਗੂ ਬਲਦੇਵ ਰਹਿਪਾ ਨੇ ਆਤਮਾ ਸਿੰਘ ਨੂੰ ਸਰਧਾਂਜਲੀ ਭੇਂਟ ਕਰਦਿਆ ਆਪਣੇ ਜਜਬਾਤ ਸਾਂਝੇ ਕੀਤੇ। ਇਸ ਸਮੇਂ ਮਨਜੀਤ ਘਣਗਸ ਨੇ ਇੱਕ ਵਧੀਆ ਸਮਾਜਿਕ ਸੁਨੇਹਾ ਦਿੰਦਾ ਗੀਤ 'ਮੇਰੇ ਮਰਨ 'ਤੇ ਪੁੱਤਰ, ਮੇਰੀ ਲਾਸ਼ ਨਾ ਜਲਾਇਓ.... ਪੇਸ਼ ਕੀਤਾ। ਆਤਮਾ ਸਿੰਘ ਦੇ ਬੇਟੇ ਡਾ. ਅਮਨਦੀਪ ਨੇ ਆਤਮਾ ਸਿੰਘ ਦੇ ਪਰਿਵਾਰ ਪ੍ਰਤੀ ਨਿਭਾਏ ਫਰਜ਼ਾਂ 'ਤੇ ਚਾਨਣਾ ਪਾਉਂਦਿਆ ਕਿਹਾ ਕਿ ਮੇਰੇ ਪਾਪਾ ਇਹ ਸਿੱਖਿਆ ਦਿੰਦੇ ਸਨ ਕਿ ਉਹ ਪੜ੍ਹਾਈ ਕਰੋ ਜੋ ਤੁਹਾਡੇ ਜੀਵਨ ਦੀ ਬੇਹਤਰੀ ਦੇ ਨਾਲ ਸਮਾਜ ਵਿੱਚ ਵੀ ਯੋਗਦਾਨ ਪਾ ਸਕੇ। ਉਹਨਾਂ ਨੇ ਹੀ ਸਾਨੂੰ ਕਿਤਾਬਾਂ ਪੜ੍ਹਨ ਦੀ ਆਦਤ ਪਾਈ ਤੇ ਉਹ ਹਮੇਸ਼ਾ ਹੀ ਸਮਾਜ ਦੇ ਕੰਮਾਂ ਵਾਸਤੇ ਯਤਨਸ਼ੀਲ ਰਹਿੰਦੇ ਸਨ। ਇਸ ਦੇ ਨਾਲ ਹੀ ਉਹ ਆਪ ਵੀ ਨਸ਼ਿਆਂ ਤੋਂ ਰਹਿਤ ਰਹੇ ਤੇ ਸਾਨੂੰ ਵੀ ਇਸ ਬਾਰੇ

ਸੁਚੇਤ ਕਰਦੇ ਰਹੇ। ਇਸ ਸਮੇਂ ਪੰਜਾਬ ਦੇ ਕੋਨੇ ਕੋਨੇ ਤੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਸਾਥੀਆਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ ਜਿੰਨਾਂ ਵਿੱਚ ਉਪਰੋਕਤ ਦੇ ਇਲਾਵਾ, ਮਾ. ਭਜਨ ਸਿੰਘ ਕਨੇਡਾ ਤੇ ਉਹਨਾਂ ਦੀ ਪਤਨੀ ਸੁਰਿੰਦਰ , ਸੁਮੀਤ ਸਿੰਘ ਅੰਮ੍ਰਿਤਸਰ, ਜੋਗਿੰਦਰ ਕੁੱਲੇਵਾਲ, ਸੱਤਪਾਲ ਸਲੋਹ, ਸੁਖਦੇਵ ਫਗਵਾੜਾ, ਸੁਖਵਿੰਦਰ ਬਾਗਪੁਰ, ਮਾ. ਰਜਿੰਦਰ ਜੰਡਿਆਲੀ, ਸ਼ਮਸੇਰ ਨੂਰਪੁਰੀ, ਹਰਚੰਦ ਭਿੰਡਰ, ਕਰਤਾਰ ਸਿੰਘ ਵੀਰਾਨ, ਬਲਵਿੰਦਰ ਸਿੰਘ, ਕਮਲਜੀਤ ਸਿੰਘ, ਸੁਖਦੇਵ ਸਿੰਘ, ਮੋਹਨ ਬਡਲਾ ਅਤੇ ਕਰਨੈਲ ਸਿੰਘ ਅਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। -ਜਸਵੰਤ ਜੀਰਖ

***

ਤਰਕਸ਼ੀਲ ਆਗੂ ਅਵਤਾਰ ਬੁਰਜਸੇਮਾ ਦੇ ਨੌਜਵਾਨ ਬੇਟੇ ਅਮਨਦੇਵ ਦਾ ਸਤਿਕਾਰ ਸਮਾਗਮ



22 ਜਨਵਰੀ 2024 ਨੂੰ ਤਰਕਸ਼ੀਲ ਆਗੂ ਅਵਤਾਰ ਸਿੰਘ ਐਡਵੋਕੇਟ ਬੁਰਜ ਸੇਮਾ ਦੇ ਹੋਣਹਾਰ ਬੇਟੇ ਅਮਨਦੇਵ ਸਿੰਘ (ਬੀ. ਏ., ਐਲ. ਐਲ. ਬੀ., ਐਲ. ਐਲ. ਐਮ.) ਦੀ ਅਚਾਨਕ ਨੌਜਵਾਨੀ ਵਿੱਚ ਬੇਵਕਤ ਮੌਤ ਹੋ ਗਈ ਸੀ। ਉਹਨਾਂ ਦੀ ਮ੍ਰਿਤਕ ਦੇਹ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਖੋਜ ਕਾਰਜਾਂ ਲਈ ਪਰਿਵਾਰ ਵੱਲੋਂ ਵੱਡਾ ਤੇ ਲੋਕ ਪੱਖੀ ਫੈਸਲਾ ਲੈਂਦਿਆਂ ਆਦੇਸ਼ ਮੈਡੀਕਲ ਕਾਲਜ ਬਠਿੰਡਾ ਨੂੰ ਪ੍ਰਦਾਨ ਕਰ ਦਿੱਤੀ ਗਈ ਤਾਂ ਜੋ ਉਹਨਾਂ ਦੀ ਮ੍ਰਿਤਕ ਦੇਹ ਉੱਤੇ ਐਮ.ਬੀ.ਬੀ. ਐਸ. ਦੇ ਵਿਦਿਆਰਥੀ ਮੈਡੀਕਲ ਸਿੱਖਿਆ ਤੇ ਖੋਜ ਕਰ ਸਕਣ ਅਤੇ ਉਹ ਮਾਹਿਰ ਡਾਕਟਰ/ਸਰਜਨ ਅਤੇ ਮੈਡੀਕਲ ਦੇ ਹੋਰ ਵਿਸ਼ਿਆਂ ਦੇ ਮਾਹਿਰ ਬਣਕੇ ਕਾਲਜ ਵਿਚੋਂ ਬਾਹਰ ਆ ਕੇ ਹਰ ਤਰ੍ਹਾਂ ਦੀਆਂ ਆਮ ਅਤੇ ਗੰਭੀਰ ਬਿਮਾਰੀਆਂ ਦਾ ਇਲਾਜ ਦਵਾਈਆਂ ਅਤੇ ਸਰਜਰੀ ਰਾਹੀਂ ਕਰ ਸਕਣ ਤੇ ਸਾਡੇ ਦੇਸ਼ ਦੇ ਲੋਕਾਂ ਨੂੰ ਤੰਦਰੁਸਤ ਬਣਾਉਣ। ਪਰਿਵਾਰ ਨੇ ਐਡੇ ਦੁੱਖ ਦੇ ਸਮੇਂ ਵਿੱਚ, ਜਦੋਂ ਉਹਨਾਂ ਦਾ 33/34 ਸਾਲ ਦਾ ਭਰ ਜਵਾਨ ਬੇਟਾ ਹੱਥਾਂ ਵਿੱਚੋਂ ਖੁੱਸ ਗਿਆ, ਇਹ ਲੋਕ ਪੱਖੀ ਫੈਸਲਾ ਕੀਤਾ ਕਿ ਮਰਨ ਉਪਰੰਤ ਵੀ ਸਾਡਾ ਪੁੱਤਰ ਲੋਕਾਂ ਦੇ ਕੰਮ ਆ ਸਕੇ। (7/8 ਸਾਲ ਪਹਿਲਾਂ ਇਸ ਪਰਿਵਾਰ ਵੱਲੋਂ ਆਪਣੇ ਬਾਪੂ ਜੱਗਰ ਸਿੰਘ ਜੀ ਦੀ ਮ੍ਰਿਤਕ ਦੇਹ ਇਸੇ ਤਰ੍ਹਾਂ ਇਸੇ ਮਕਸਦ ਲਈ ਇਸੇ ਮੈਡੀਕਲ ਕਾਲਜ ਨੂੰ ਪ੍ਰਦਾਨ ਕੀਤੀ ਗਈ ਸੀ।) ਅਮਨਦੇਵ ਸਿੰਘ ਦੀ ਯਾਦ ਵਿੱਚ ਸਤਿਕਾਰ ਸਮਾਗਮ ਕੀਤਾ ਗਿਆ ਇਸ ਵਿੱਚ ਪਰਿਵਾਰ ਨਾਲ ਨੇੜਤਾ ਰੱਖਣ ਵਾਲੇ, ਇਲਾਕੇ ਦੇ ਦੂਰੋਂ ਦੂਰੋਂ ਲੋਕ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਣ ਅਤੇ ਦੁੱਖ ਵੰਡਾਉਣ ਲਈ ਅਤੇ ਸਰੀਰ ਪ੍ਰਦਾਨੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਹੁੰਚੇ। ਸੈਂਕੜੇ ਲੋਕਾਂ ਨੇ ਅਮਨਦੇਵ ਸਿੰਘ ਨੂੰ ਨਮਨ ਅੱਖਾਂ ਤੇ ਉਦਾਸ ਚਿਹਰਿਆਂ ਨਾਲ ਸਤਿਕਾਰ ਭੇਂਟ ਕਰਨ ਲਈ ਪਹੁੰਚੇ। ਮੰਚ ਤੋਂ ਬੋਲ ਕੇ ਪਰਿਵਾਰ ਦੇ ਇਸ ਅਹਿਮ ਅਤੇ ਅਸਹਿ ਦੁੱਖ ਵਿੱਚ ਹਮਦਰਦੀ ਦਾ ਇਜ਼ਹਾਰ ਕਰਕੇ ਸਰੀਰ ਪ੍ਰਦਾਨੀ ਬੇਟੇ ਨੂੰ ਬਹੁਤ ਸਾਰੇ ਬੁਲਾਰਿਆਂ ਨੇ ਸ਼ਰਧਾਂਜਲੀ ਭੇਂਟ ਕੀਤੀ ਜਿਨ੍ਹਾਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਇਲਾਵਾ-ਬਾਰ ਐਸੋਸੀਏਸ਼ਨ ਦੇ ਸੈਕਟਰੀ,ਹੈਲਥ ਮਹਿਕਮੇ ਦੀ ਮੁਲਾਜ਼ਮ ਜਥੇਬੰਦੀ, ਕਿਸਾਨ, ਮਜ਼ਦੂਰ ਜਥੇਬੰਦੀਆਂ, ਰਾਜਨੀਤਕ ਸਖਸ਼ੀਅਤਾਂ, ਦੋਸਤ, ਸੱਜਣ-ਸਨੇਹੀ ਅਤੇ ਮੈਡੀਕਲ ਕਾਲਜ ਦੀ ਅਨਾਟਮੀ ਵਿਭਾਗ ਦੀ ਡਾਕਟਰ ਟੀਮ ਹਾਜਰ ਸੀ।

ਤਰਕਸ਼ੀਲ ਬੁਲਾਰਿਆਂ ਵਿੱਚ ਰਾਮ ਸਿੰਘ ਨਿਰਮਾਣ, ਰਾਜਪਾਲ ਸਿੰਘ, ਭੂਰਾ ਸਿੰਘ ਮਹਿਮਾ ਸਰਜਾ ਅਤੇ ਬਲਰਾਜ ਮੌੜ ਸ਼ਾਮਲ ਸਨ। ਇਲਾਕੇ ਦੇ ਸਾਬਕਾ ਅਤੇ ਮੌਜੂਦਾ ਵਿਧਾਇਕ, ਕਿਸਾਨ ਆਗੂ ਜਗਦੇਵ ਸਿੰਘ ਜੋਗੇ ਵਾਲਾ ਬੀ ਕੇ.ਯੂ. (ਉਗਰਾਹਾਂ) ਤੋਂ ਇਲਾਵਾਂ ਡਾਕਟਰ ਜਗਰੂਪ ਸਿੰਘ, ਅਤੇ ਹੋਰ ਸਖਸ਼ੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸਰੀਰ ਪ੍ਰਦਾਨੀ ਬੇਟੇ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਪਰਿਵਾਰ ਦੇ ਇਸ ਲੋਕ ਪੱਖੀ ਤੇ ਮਨੁੱਖਤਾ ਦੀ ਭਲਾਈ ਹਿਤ ਲਏ ਫੈਸਲੇ ਦੀ ਸ਼ਲਾਘਾ ਕਰਦਿਆਂ ਆਵਾਮ ਨੂੰ ਇਸ ਪਰਿਵਾਰ ਤੋਂ ਸੇਧ ਲੈਣ ਦੀ ਅਪੀਲ ਕੀਤੀ।

ਸ਼ਰਧਾਂਜਲੀ ਭੇਂਟ ਕਰਦਿਆਂ ਬੁਲਾਰਿਆਂ ਨੇ ਆਖਿਆ: "ਅੱਜ ਤੱਕ ਅਸੀਂ ਇਹ ਗੱਲ ਸੁਣਦੇ ਆਏ ਸਾਂ ਕਿ ਹੇ ਬੰਦਿਆ!-ਤੇਰਾ ਚੰਮ ਨਹੀਂ ਕਿਸੇ ਕੰਮ ਆਉਣਾ, ਪਸ਼ੂਆਂ ਦੇ ਹੱਡ ਵਿਕਦੇ।" ਪਰ ਅੱਜ ਅਜਿਹੇ ਸੈਂਕੜੇ ਸਰੀਰ ਪ੍ਰਦਾਨੀਆਂ ਨੇ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਖੋਜ ਕਾਰਜਾਂ ਲਈ ਆਪਣੇ ਸਰੀਰ ਪ੍ਰਦਾਨ ਕਰਕੇ ਇਸ ਕਹਾਵਤ ਨੂੰ ਗਲਤ ਸਾਬਿਤ ਕਰ ਦਿੱਤਾ ਹੈ। ਅੱਜ ਕਿਹਾ ਜਾਂਦਾ ਹੈ ਕਿ "ਬੰਦਿਆ! ਤੇਰਾ ਚੰਮ ਵੀ ਜਰੂਰ ਕੰਮ ਆਊ, ਮਨੁੱਖੀ ਅੰਗ ਵੀ।"

"ਪਰਿਵਾਰ ਨੇ ਆਪਣੇ ਪਿਆਰੇ ਪਰਿਵਾਰਕ ਜੀਆਂ ਦੇ ਦੋ ਸਰੀਰ ਪ੍ਰਦਾਨ ਕਰਕੇ ਸਾਡੇ ਲਈ ਇਹ ਸੁਨੇਹਾ ਦਿੱਤਾ ਹੈ ਕਿ-"ਤੇਰਾ ਚੰਮ ਨਹੀਂ ਕਿਸੇ ਕੰਮ ਆਉਣਾ।" ਇਹ ਗੱਲ ਸੱਚ ਨਹੀਂ।"

"ਮਨੁੱਖ ਦਾ ਕੋਈ ਪੁਨਰ (ਦੁਬਾਰਾ) ਜਨਮ ਨਹੀਂ ਹੁੰਦਾ ਜਿਵੇਂ ਆਮ ਪ੍ਰਚਾਰਿਆ ਜਾਂਦਾ ਹੈ। ਬ੍ਰਹਿਮੰਡ ਵਿੱਚ ਕਿਤੇ ਸਵਰਗ/ਨਰਕ/ਚੁਰਾਸੀ ਲੱਖ ਜੂਨੀ ਜਾਂ ਧਰਮਰਾਜ ਨਹੀਂ ਹੈ। ਰੂਹ/ਆਤਮਾ ਨਾਂ ਦੀ ਕੋਈ ਚੀਜ ਨਹੀਂ ਹੁੰਦੀ। ਇਹ ਸਭ

ਕਰਮਕਾਂਡ ਤੇ ਅੰਧਵਿਸ਼ਵਾਸ ਹਨ ਜਿਨਾਂ ਤੋਂ ਸਾਨੂੰ ਮੁਕਤ ਹੋਣਾ ਚਾਹੀਦਾ, ਸਮੇਂ ਦੇ ਹਾਣ ਦਾ ਹੋ ਕੇ ਤੁਰਨਾ ਤੇ ਚੇਤੰਨ ਮਨੁੱਖ ਬਣਕੇ ਜਿਉਣ ਦੀ ਲੋੜ ਹੈ।" ਇਹ ਸੁਨੇਹਾ ਸੀ ਬੁਲਾਰਿਆਂ ਦਾ– "ਇਹ ਜੀਵਨ ਮੋਇਆਂ ਮੁਕਦਾ ਨਹੀਂ ਜੇ ਲੋਕਾਂ ਲੇਖੇ ਲਾ ਛੱਡੀਏ।

ਲੋਕ ਹਿਤਾਂ ਲਈ ਜਿਉਂਦੇ ਜੀਅ ਜੂਝਕੇ, ਮੌਤ ਨੂੰ ਹਰਾ ਛੱਡੀਏ।

ਭਲੇ ਲੋਕਤਾ ਦੇ ਮੈਡੀਕਲ ਖੋਜਾਂ ਲਈ, ਡੈੱਡ ਬਾਡੀ ਦੀ ਵਸੀਅਤ ਕਰਾ ਛੱਡੀਏ।

ਜ਼ਿੰਦਗਾਨੀ ਹੈ ਅਮਾਨਤ ਸਮਾਜ ਦੀ, ਇਹ ਸਮਾਜ ਲੇਖੇ ਲਾ ਛੱਡੀਏ।

ਕੁੱਝ ਲੋਕਾਂ ਕੋਲੋਂ ਵੀ ਸਿੱਖ ਲਈਏ,ਕੁੱਝ ਲੋਕਾਂ ਤਾਈਂ ਸਿਖਾ ਛੱਡੀਏ।"

ਅਖੀਰ ਵਿੱਚ ਆਦੇਸ਼ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਪ੍ਰਮੋਦ ਗੋਇਲ ਜੀ ਨੇ ਪ੍ਰਦਾਨ ਕੀਤੀ ਜਾਂਦੀ ਮਨੁੱਖੀ ਬਾਡੀ ਨੂੰ ਮੈਡੀਕਲ ਦੇ ਉਪਯੋਗ ਵਿੱਚ ਇਸ ਦੇ ਮਹੱਤਵ ਦੀ ਜਾਣਕਾਰੀ ਦਿੰਦਿਆਂ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਪਰਿਵਾਰ ਦੇ ਮੁਖੀ ਨੂੰ ਡੈਡ ਬਾਡੀ ਰਸੀਵ ਕਰਨ ਸਬੰਧੀ ਸਰਟੀਫਿਕੇਟ ਸੌਂਪਿਆ। ਸ਼ਰਧਾਂਜਲੀ ਮੰਚ ਦਾ ਸੰਚਾਲਨ ਤਰਕਸ਼ੀਲ ਆਗੂ, ਪੱਤਰਕਾਰ ਅਤੇ ਲੇਖਕ ਜਗਦੀਪ ਗਿੱਲ ਤਲਵੰਡੀ ਸਾਬੋ ਨੇ ਕੀਤਾ।

***

ਸਰੀਰ ਪ੍ਰਦਾਨੀ ਵੀਰ ਸਿੰਘ ਜੀ ਦਾ ਸਤਿਕਾਰ ਸਮਾਗਮ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਜੀਰਾ ਦੇ ਆਗੂ ਦਲਜੀਤ ਸਿੰਘ ਦਾਰਾਪੁਰ ਜੀ ਦੇ ਪਿਤਾ ਵੀਰ ਸਿੰਘ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਹਿੱਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਪ੍ਰਦਾਨ ਕੀਤੀ ਗਈ। ਮਰਨ ਉਪਰੰਤ ਸਰੀਰ ਪ੍ਰਦਾਨੀ ਵੀਰ ਸਿੰਘ ਜੀ ਦੀ ਇੱਛਾ ਨੂੰ ਉਹਨਾਂ ਦੇ ਪੋਤਰੇ ਕੰਵਰਦੀਪ ਸਿੰਘ ਨੇ ਉਚੇਚੇ ਤੌਰ 'ਤੇ ਕਨੇਡਾ ਤੋਂ ਵਾਪਸ ਆ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਵੀਰ ਸਿੰਘ ਜੀ ਛੇਵੇਂ ਅਤੇ ਸੱਤਵੇਂ ਦਹਾਕੇ ਵਿੱਚ ਉਸ ਸਮੇਂ ਪਿੰਡ ਦੇ ਸਰਪੰਚ ਚੁਣੇ ਗਏ ਸਨ ਜਦੋਂ ਰਾਜਨੀਤੀ ਅਜੇ ਲੋਕ ਸੇਵਾ ਦਾ ਖੇਤਰ ਸੀ। ਉਸ ਉਪਰੰਤ ਵੀ ਆਪ ਪਿੰਡ ਅਤੇ ਇਲਾਕੇ ਦੇ ਹਰਮਨ ਪਿਆਰੇ ਵਿਅਕਤੀ ਸਨ। ਮਰਨ ਉਪਰੰਤ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਹਿੱਤ ਭੇਂਟ ਕਰਨ ਸਮੇਂ ਪਰਿਵਾਰਕ ਮੈਂਬਰ, ਰਿਸ਼ਤੇਦਾਰ ਨਗਰ ਨਿਵਾਸੀ ਅਤੇ ਤਰਕਸ਼ੀਲ ਸੁਸਾਇਟੀ ਇਕਾਈ ਜੀਰਾ ਦੇ ਮੈਂਬਰ ਅਤੇ ਅਹੁਦੇਦਾਰ ਹਾਜਰ ਸਨ। ਵੀਰ ਸਿੰਘ ਜੀ ਨਮਿੱਤ ਸਤਿਕਾਰ ਸਮਾਗਮ 21 ਜਨਵਰੀ 2024 ਨੂੰ ਉਹਨਾਂ ਦੇ ਜੱਦੀ ਪਿੰਡ ਦਾਰਾ ਪੁਰ ਵਿਖੇ ਹੋਇਆ ਜਿਸ ਵਿੱਚ ਜਿੰਦਰ ਬਾਗਪੁਰ ਅਤੇ ਗੁਰਚਰਨ ਨੂਰਪੁਰ ਨੇ ਤਰਕਸ਼ੀਲ ਸੁਸਾਇਟੀ ਦੇ ਕਾਰਜ ਅਤੇ ਮਰਨ ਉਪਰੰਤ ਸਰੀਰ ਪ੍ਰਦਾਨ ਦੀ ਮਹੱਤਤਾ ਬਾਰੇ ਵਿਸੇਸ ਗੱਲਬਾਤ ਕੀਤੀ। ਇਸ ਸਮੇਂ ਪ੍ਰਤਾਪ ਹੀਰਾ, ਪਰਮਜੀਤ ਵਿਦਿਆਰਥੀ, ਵੇਦ ਪ੍ਰਕਾਸ਼ ਸੋਨੀ, ਸੁਰਿੰਦਰ ਜੀਰਾ ਆਦਿ ਹਾਜਰ ਸਨ।



***

'ਕੰਬਲ ਪਿਆਰੇ ਜੇਲ੍ਹ ਦੇ, ਮਾਫ਼ੀ ਮੰਗ ਕੇ ਗਦਾਰ ਨਹੀਂ ਕਹਾਉਣਾ' ਵਰਗੇ ਗੀਤ ਰਚਣ ਵਾਲੇ ਜੁਝਾਰੂ ਕਵੀ ਸੁਰਜੀਤ ਅਰਮਾਨੀ ਦਾ ਸਤਿਕਾਰ ਸਮਾਗਮ



ਲੋਕ ਘੋਲਾਂ ਵਿੱਚ ਸਰਗਰਮ ਰੋਲ ਅਦਾ ਕਰਨ ਵਾਲੇ, ਸਰਕਾਰ ਦੇ ਤਸ਼ੱਦਦ ਨੂੰ ਸਾਬਤਕਦਮੀ ਝੱਲਣ ਵਾਲੇ ਅਤੇ ਕ੍ਰਾਂਤੀਕਾਰੀ ਸਾਹਿਤ ਸਭਾ ਬਨਾਉਣ ਵਿੱਚ ਨਿੱਗਰ ਯੋਗਦਾਨ ਪਾਉਣ ਵਾਲੇ ਮਾਸਟਰ ਸੁਰਜੀਤ ਅਰਮਾਨੀ ਜੀ ਦਾ 21 ਜਨਵਰੀ 2023 ਨੂੰ ਦਿਹਾਂਤ ਹੋ ਗਿਆ। ਉਨ੍ਹਾਂ ਨੇ 2011 ਵਿੱਚ ਹੀ ਆਪਣੀ ਵਸੀਅਤ ਲਿਖ ਦਿੱਤੀ ਸੀ ਕਿ ਮੌਤ ਉਪਰੰਤ ਉਨ੍ਹਾਂ ਦਾ ਸਰੀਰ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਦਿੱਤਾ ਜਾਵੇ ਅਤੇ ਇਸ ਸਬੰਧ ਵਿੱਚ ਕੋਈ ਵੀ ਧਾਰਮਿਕ ਰਸਮ ਨਾ ਕੀਤੀ ਜਾਵੇ। ਇਸ ਵਸੀਅਤ ਉੱਤੇ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਮਿੱਤਰ ਹਰਗਿਆਨ ਸਿੰਘ ਦੇ ਦਸਤਖ਼ਤ ਕਰਵਾਏ ਤਾਂ ਜੋ ਇਸ ਨੂੰ ਲਾਗੂ ਕਰਨ ਵਿੱਚ ਕੋਈ ਕੋਤਾਹੀ ਨਾ ਹੋਵੇ। ਉਨ੍ਹਾਂ ਦੀ ਅੰਤਿਮ ਇੱਛਾ ਦੀ ਪਾਲਣਾ ਕਰਦੇ ਹੋਏ ਉਨ੍ਹਾਂ ਦਾ ਮ੍ਰਿਤਕ ਸਰੀਰ ਆਦੇਸ਼ ਮੈਡੀਕਲ ਕਾਲਜ, ਭੁੱਚੋ ਨੂੰ ਪ੍ਰਦਾਨ ਕੀਤਾ ਗਿਆ ਅਤੇ ਕਿਸੇ ਵੀ ਕਿਸਮ ਦੀਆਂ ਧਾਰਮਿਕ ਰਸਮਾਂ ਤੋਂ ਰਹਿਤ ਸਤਿਕਾਰ ਸਮਾਗਮ ਉਨ੍ਹਾਂ ਦੇ ਪਿੰਡ ਬੁਰਜ ਢਿਲਵਾਂ ਵਿਖੇ ਕੀਤਾ ਗਿਆ। ਸਮਾਗਮ ਵਿੱਚ ਜਿੱਥੇ ਪ੍ਰੋ. ਅਜਾਇਬ ਸਿੰਘ ਟਿਵਾਣਾ, ਡਾ. ਸੁਖਦੇਵ ਹੁੰਦਲ, ਰਾਜਵਿੰਦਰ ਸਿੰਘ ਰਾਣਾ, ਰੁਲਦੂ ਸਿੰਘ ਮਾਨਸਾ, ਭਗਵੰਤ ਸਮਾਉਂ ਅਤੇ ਇਕਬਾਲ ਕੌਰ ਉਦਾਸੀ ਨੇ ਉਨ੍ਹਾਂ ਦੇ ਜੀਵਨ ਅਤੇ ਕਾਰਜਾਂ ਬਾਰੇ ਵਿਚਾਰ ਸਾਂਝੇ ਕੀਤੇ, ਉੱਥੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਉਨ੍ਹਾਂ ਦੀ ਵਸੀਅਤ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੀ ਮਿਸਾਲ ਲੈ ਕੇ

ਸਵਰਗ ਨਰਕ ਦੇ ਫਲਸਫ਼ੇ ਦਾ ਖੰਡਨ ਕਰਦੇ ਹੋਏ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ। ਇਸ ਮੌਕੇ ਪਰਿਵਾਰ ਵੱਲੋਂ ਉਨ੍ਹਾਂ ਦੇ ਦਾਮਾਦ ਜਗਸੀਰ ਜੀਦਾ ਰਾਹੀਂ "ਤਰਕਸ਼ੀਲ" ਮੈਗਜ਼ੀਨ ਅਤੇ ਤਰਕਸ਼ੀਲ ਸੋਸਾਇਟੀ ਜ਼ੋਨ ਬਠਿੰਡਾ ਲਈ ਸਹਾਇਤਾ ਵੀ ਭੇਜੀ ਗਈ। ਪਾਠਕਾਂ ਦੀ ਦਿਲਚਸਪੀ ਲਈ ਉਨ੍ਹਾਂ ਵੱਲੋਂ ਲਿਖੀ ਗਈ ਵਸੀਅਤ ਹੇਠ ਸਾਂਝੀ ਕੀਤੀ ਜਾ ਰਹੀ ਹੈ।

ਵਸੀਅਤ ਸੁਰਜੀਤ ਸਿੰਘ ਅਰਮਾਨੀ

ਅੱਜ ਮਿਤੀ 28 ਦਸੰਬਰ 2011 ਨੂੰ ਮੈਂ ਸੁਰਜੀਤ ਸਿੰਘ ਅਰਮਾਨੀ/ਸ. ਕਾਕਾ ਸਿੰਘ ਵਾਸੀ ਬੁਰਜ ਢਿਲਵਾਂ ਆਪਦੀ ਪੂਰੀ ਹੋਸ਼ ਹਵਾਸ ਨੂੰ ਕਾਇਮ ਰੱਖਦੇ ਹੋਏ ਆਪਣੀ ਅੰਤਮ ਇੱਛਾ ਪ੍ਰਗਟ ਕਰਦੇ ਹੋਇਆਂ ਐਲਾਨ ਕਰਦਾ ਹਾਂ ਕਿ ਮੈਂ ਆਪਣਾ ਸਰੀਰ ਮਰਨ ਉਪਰੰਤ ਖੋਜ ਕਾਰਜਾਂ ਵਾਸਤੇ ਮੈਡੀਕਲ ਕਾਲਜ ਨੂੰ ਦਾਨ ਕਰਨਾ ਚਾਹੁੰਦਾ ਹਾਂ।


ਮੇਰੇ ਮਰਨ ਉਪਰੰਤ ਮੇਰੇ ਪ੍ਰੀਵਾਰ ਨੂੰ ਮੇਰਾ ਸਰੀਰ ਮੈਡੀਕਲ ਕਾਲਜ ਵਾਸਤੇ ਹੀ ਦੇਣ (ਦਾਨ) ਕਰਾਇਆ ਜਾਵੇ। ਮੇਰੀ ਇਹ ਵੀ ਇੱਛਾ ਹੈ ਕਿ ਮਰਨ ਉਪਰੰਤ ਇਸ ਜੀਵਨ ਤੋਂ ਪਿੱਛੋਂ ਕੋਈ ਸਵਰਗ-ਨਰਕ ਨਹੀਂ ਹੈ ਅਤੇ ਮੇਰੇ ਮਰਨ ਉਪਰੰਤ ਕੋਈ ਹੋਰ ਧਾਰਮਿਕ ਰਸਮ ਨਾ ਕੀਤੀ ਜਾਵੇ। ਇਕ ਦਿਨ ਤਹਿ ਕਰਕੇ ਸਿਰਫ਼ ਦੋ ਘੰਟੇ ਮੇਰੇ ਬਾਰੇ ਵਿੱਚ ਬੈਠ ਕੇ ਸਮਾਜਕ ਰਸਮਾਂ ਆਦਿ ਬਾਰੇ ਹੀ ਗੱਲਾਂ ਬਾਤਾਂ ਕੀਤੀਆਂ ਜਾਣ।

ਜੇਕਰ ਕੋਈ ਇਹਨਾਂ ਵਿਚਾਰਾਂ ਦੀ ਮੇਰੇ ਮਰਨ ਉਪਰੰਤ ਉਲੰਘਣਾ ਕਰੇਗਾ, ਮੈਂ ਸਮਝਾਂਗਾ ਕਿ ਇਹ ਮੇਰੀ ਮਾਨਸਿਕਤਾ ਅਤੇ ਸੋਚ ਦੇ ਅਨੁਸਾਰ ਨਹੀਂ ਹੋ ਰਿਹਾ। ਜੋ ਮੇਰੀਆਂ ਦਿਲੀ ਭਾਵਨਾਵਾਂ/ਇੱਛਾ ਨੂੰ ਠੇਸ ਪਹੁੰਚਾਵੇਗਾ।

ਦਸਤਖ਼ਤ ਸੁਰਜੀਤ ਅਰਮਾਨੀ (ਖ਼ੁਦ), ਹਰਕੀਰਤ ਸਿੰਘ (ਪੁੱਤਰ), ਜਸਵੀਰ ਕੌਰ (ਨੂੰਹ), ਸੁਰਿੰਦਰ ਪਾਲ ਕੌਰ (ਪੁਤਰੀ) ਅਤੇ ਹਰਗਿਆਨ ਸਿੰਘ। ਅੰਗੂਠਾ ਰਣਜੀਤ ਕੌਰ (ਪਤਨੀ)

***

ਨਰੰਜਣ ਸਿੰਘ ਜੀ ਦਾ ਸਰੀਰ ਖੋਜ ਕਾਰਜਾਂ ਲਈ ਪ੍ਰਦਾਨ




ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਮਾਨਸਾ ਦੇ ਮੁਖੀ ਮਾਸਟਰ ਲੱਖਾ ਸਿੰਘ ਦੇ ਪਿਤਾ ਦੀ ਮੌਤ ਹੋਣ ਉਪਰੰਤ ਮ੍ਰਿਤਕ ਦੇਹ ਨੂੰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ ਗਿਆ। ਇਸ ਮੌਕੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਨੇ ਕਿਹਾ ਅਜਿਹਾ ਕਾਰਜ ਅਗਾਂਹ ਵਧੂ ਸੋਚ ਦੇ ਮਾਲਕ ਲੋਕ ਹੀ ਕਰ ਸਕਦੇ ਹਨ ਜਿਸ ਨਾਲ ਮੈਡੀਕਲ ਸਾਇੰਸ ਦੇ ਵਿਦਿਆਰਥੀ ਉਚੇਰੀ ਸਿੱਖਿਆ ਪ੍ਰਾਪਤ ਕਰਨਗੇ ਅਤੇ ਉਹ ਭਵਿੱਖ ਦੇ ਚੰਗੇ ਡਾਕਟਰ ਹੋਣਗੇ। ਉਹਨਾਂ ਕਿਹਾ ਤਰਕਸ਼ੀਲ ਸੁਸਾਇਟੀ ਇਸ ਕੰਮ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਹੈ। ਸਮੇਂ ਸਮੇਂ ਤੇ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਆਪਣੇ ਪਰਿਵਾਰਾਂ ਦੀ ਦੇਹ ਨੂੰ ਮੈਡੀਕਲ ਖੋਜ ਕਾਰਜਾਂ ਦੇ ਲਈ ਪ੍ਰਦਾਨ ਕਰਦੇ ਰਹਿੰਦੇ ਹਨ ਅਤੇ ਹੋਰ ਅੰਧ ਵਿਸ਼ਵਾਸੀ ਰਸਮਾਂ ਨੂੰ ਤਿਆਗ ਕੇ ਮਾਨਵਤਾ ਦੇ ਹੱਕ ਦੀ ਗੱਲ ਕਰਦੇ ਹਨ। ਇਸ ਗੱਲ ਦੀ ਚਰਚਾ ਪੂਰੇ ਪਿੰਡ ਸਹਾਰਨਾ ਵਿਖੇ ਹੋ ਰਹੀ ਹੈ। ਲੋਕਾਂ ਨੇ ਇਸ ਨਵੇਕਲੀ ਪਹਿਲ ਦੀ ਸ਼ਲਾਘਾ ਕੀਤੀ।

- ਭੁਪਿੰਦਰ ਫੌਜੀ

***

ਸਰੀਰ ਪ੍ਰਦਾਨੀ: ਗੁਲਜ਼ਾਰ ਸਿੰਘ ਨਰੂਲਾ



ਤਰਕਸ਼ੀਲ ਵਿਚਾਰਾਂ ਦੇ ਧਨੀ ਸੇਵਾ ਮੁਕਤ ਅਧਿਆਪਕ ਗੁਲਜ਼ਾਰ ਸਿੰਘ ਨਰੂਲਾ ਦਾ ਮ੍ਰਿਤਕ ਸਰੀਰ ਵੀ ਉਹਨਾਂ ਦੇ ਪਰਿਵਾਰ ਵੱਲੋਂ ਉਹਨਾਂ ਦੀ ਇੱਛਾ ਅਨੁਸਾਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਨੂੰ ਖ਼ੋਜ ਕਾਰਜਾਂ ਲਈ ਪ੍ਰਦਾਨ ਕੀਤਾ ਗਿਆ ਹੈ ਇਸ ਫੈਸਲੇ ਨੂੰ ਸਲਾਮ।

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਮੁੱਖ ਆਗੂ ਅਤੇ ਹਿੰਦੀ ਮੈਗਜ਼ੀਨ 'ਤਰਕਸ਼ੀਲ ਪਥ' ਦੇ ਸੰਪਾਦਕ ਸਰੀਰ ਪ੍ਰਦਾਨੀ ਲੈਕਚਰਾਰ ਬਲਵੰਤ ਸਿੰਘ ਜੀ, ਜ਼ੋਨ ਲੁਧਿਆਣਾ ਦੇ ਵਿਤ ਮੁਖੀ ਸਰੀਰ ਪ੍ਰਦਾਨੀ ਆਤਮਾ ਸਿੰਘ ਜੀ, ਤਰਕਸ਼ੀਲ ਆਗੂ ਐਡਵੋਕੇਟ ਅਵਤਾਰ ਸਿੰਘ ਬੁਰਜ ਸੇਮਾ ਦੇ ਹੋਣਹਾਰ ਨੌਜਵਾਨ ਬੇਟੇ ਸਰੀਰ ਪ੍ਰਦਾਨੀ ਅਮਨਦੇਵ ਸਿੰਘ ਜੀ, ਜ਼ੋਨ ਮਾਨਸਾ ਦੇ ਜਥੇਬੰਦਕ ਮੁਖੀ ਮਾਸਟਰ ਲੱਖਾ ਸਿੰਘ ਸਹਾਰਨਾ ਦੇ ਸਤਿਕਾਰਤ ਪਿਤਾ ਸਰੀਰ ਪ੍ਰਦਾਨੀ ਨਿਰੰਜਣ ਸਿੰਘ, ਤਰਕਸ਼ੀਲ ਵਿਚਾਰਾਂ ਦੇ ਧਨੀ ਸਰੀਰ ਪ੍ਰਦਾਨੀ ਗੁਲਜ਼ਾਰ ਸਿੰਘ ਨਰੂਲਾ ਅਤੇ ਅੰਮ੍ਰਿਤਸਰ ਇਕਾਈ ਦੇ ਸਾਥੀ ਸ਼ਕਤੀ ਦੇ ਪਿਤਾ ਪ੍ਰੇਮ ਨਾਥ ਜੀ ਦੀ ਅਚਾਨਕ ਬੇਵਕਤੀ ਮੌਤ 'ਤੇ ਦੁੱਖ ਪ੍ਰਗਟਾਉਂਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨਜ (FIRA) ਦੀ ਮੀਟਿੰਗ

ਅਗਜੈਕਟਿਵ ਦੀ ਇਹ ਮੀਟਿੰਗ ਲੋਹੀਆ ਅਕੈਡਮੀ, ਭੁਬਨੇਸ਼ਵਰ (ਉੜੀਸਾ) ਵਿਖੇ ਕੌਮੀ ਪ੍ਰਧਾਨ ਡਾ. ਨਰਿੰਦਰ ਨਾਇਕ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਸ਼ੁਰੂਆਤ ਸਮੇਂ ਸਾਰੇ ਹਾਜ਼ਰ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਹਿਊਮਨਿਸਟ ਰੈਸ਼ਨੇਲਿਸਟ ਆਰਗੇਨਾਈਜੇਸ਼ਨ (H R O) ਦੇ ਮੁੱਖ ਸਲਾਹਕਾਰ ਡਾ. ਧਨੇਸ਼ਵਰ ਸਾਹੂ ਨੇ ਜਾਣ-ਪਹਿਚਾਣ ਕਰਵਾਈ ਤੇ ਨਾਲ ਹੀ ਉਹਨਾਂ ਦੀ ਤਰਫੋਂ ਐਨ ਈ ਸੀ ਮੈਂਬਰਾਂ ਨੂੰ ਸਨਮਾਨ ਭੇਂਟ ਕਰਕੇ ਉਹਨਾਂ ਦਾ ਸਵਾਗਤ ਕੀਤਾ। H R O ਦੇ ਪ੍ਰਧਾਨ ਗੰਗਾਧਰ ਸਾਹੂ ਨੇ ਵੀ ਹਾਜ਼ਰੀਨ ਦਾ ਸਵਾਗਤ ਕੀਤਾ ਤੇ ਜਥੇਬੰਦੀ ਦੇ ਕੰਮ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਵਿਛੜੇ ਕਾਰਕੁੰਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ F.I.R.A. ਦੇ ਨੈਸ਼ਨਲ ਸੈਕਟਰੀ ਡਾ. ਸੁਦੇਸ਼ ਘੋੜੇਰਾਓ ਨੇ ਕੀਤੀ। ਇਸ ਸਮੇਂ ਬੋਲਦਿਆਂ ਡਾ. ਨਰਿੰਦਰ ਨਾਇਕ ਨੇ ਕਿਹਾ ਕਿ ਹੁਣ ਤਰਕਸ਼ੀਲਤਾ ਦੇ ਪ੍ਰਚਾਰ ਪਾਸਾਰ ਲਈ ਬਹੁਤ ਚੁਣੌਤੀਆਂ ਹਨ। ਉੜੀਸਾ ਵਿੱਚ ਸੂਰਜ ਗ੍ਰਹਿਣ ਸਮੇਂ ਐਚ ਆਰ ਓ ਵੱਲੋਂ ਜਾਗਰੂਕਤਾ ਪ੍ਰੋਗਰਾਮ ਸਮੇਂ ਧਾਰਮਿਕ ਕੱਟੜਪੰਥੀਆਂ ਨੇ ਰਾਜਨੀਤਕ ਆਸਰਾ ਲੈ ਕੇ ਉਹਨਾਂ ਨੂੰ ਪ੍ਰੇਸ਼ਾਨ ਕੀਤਾ ਪਰ ਫਿਰ ਵੀ ਉਹਨਾਂ ਨੇ ਆਪਣੀ ਮੁਹਿੰਮ ਜਾਰੀ ਰੱਖੀ ਤੇ ਇਸ ਨੂੰ ਅੱਗੇ ਵਧਾਇਆ। ਮੌਜੂਦਾ ਕੇਂਦਰ ਸਰਕਾਰ ਨੇ ਬਹੁਗਿਣਤੀ ਦੇ ਧਰਮ ਦਾ ਆਸਰਾ ਲੈ ਕੇ ਮੈਡੀਕਲ ਕੌਂਸਲ ਆਫ਼ ਇੰਡੀਆ ਦਾ ਲੋਗੋ ਹੀ ਬਦਲ ਕੇ ਧਨਵੰਤਰੀ ਦੇ ਚਿੱਤਰ ਨਾਲ ਸਬੰਧਤ ਕਰ ਦਿੱਤਾ ਹੈ। ਇਹ ਆਪਣੇ ਤੌਰ ’ਤੇ ਵਿਗਿਆਨ ਦੇ ਅਰਥ ਵੀ ਬਦਲ ਰਹੇ ਹਨ। ਹੁਣ ਨੌਜਵਾਨ ਪੀੜ੍ਹੀ ਨੂੰ ਅੱਗੇ ਆਉਂਣ ਦੀ ਲੋੜ ਹੈ ਤੇ ਸਾਨੂੰ ਉਹਨਾਂ ਨੂੰ ਤਿਆਰ ਕਰਨਾ ਚਾਹੀਦਾ ਹੈ। ਇਸ ਸਮੇਂ F.I.R.A. ਦੀ ਰਜਿਸਟ੍ਰੇਸਨ ਦੀ ਸਥਿਤੀ ’ਤੇ ਚਰਚਾ ਕੀਤੀ ਗਈ ਤੇ ਇਸ ਦੇ ਨਵੇਂ ਨਾਮ “ਏਕੀਕ੍ਰਿਤ ਤਰਕਸ਼ੀਲ ਐਸੋਸੀਏਸ਼ਨਜ਼ ਦਾ ਫੋਰਮ” ਨੂੰ ਵੀ ਪਰਵਾਨਿਤ ਕੀਤਾ ਗਿਆ। ਕੇਰਲਾ ਦੇ ਇਰਿੰਗਲ ਕ੍ਰਿਸ਼ਨਨ ਅਤੇ ਐਮ.ਵੀ.ਵੀ. ਤੇਲੰਗਾਨਾ ਦੇ ਬੀ ਸਾਂਬਾ ਸਿਵਾ ਰਾਓ ਨੇ ਵੀ ਗੱਲਬਾਤ ਰੱਖੀ। ਕੈਸ਼ੀਅਰ ਹਰਚੰਦ ਭਿੰਡਰ ਨੇ ਫੰਡ ਦੀ ਜਾਣਕਾਰੀ ਦਿੱਤੀ।

ਏ.ਟੀ. ਕਾਵੂਰ ਟਰਸਟ ਕੇਰਲਾ ਦੇ ਆਗੂ ਸ਼ੁਕਮਾਰਨ ਨੇ ਸੁਝਾਅ ਦਿੱਤਾ ਕਿ F.I.R.A. ਦੀ ਰਾਸ਼ਟਰੀ ਕਾਨਫਰੰਸ ਵਿੱਚ ‘ਬੀ ਪਰੇਮਾਨੰਦ ਪੁਰਸ਼ਕਾਰ’ ਦਿੱਤਾ ਜਾਵੇ ਜਿਸ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਅਗਲੀ F.I.R.A. ਦੀ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਤਾਮਿਲਨਾਡੂ ਰੈਸ਼ਨੇਲਿਸਟ ਫੋਰਮ ਨੇ ਸਹਿਮਤੀ ਦਿੱਤੀ। ਇਸ ਉਪਰੰਤ ਮੈਂਬਰਾਂ ਨੇ ਸਬੰਧਤ ਜਥੇਬੰਦੀਆਂ ਦੀਆਂ ਸਰਗਰਮੀ ਦੀਆਂ ਰਿਪੋਰਟਾਂ ਪੇਸ਼ ਕੀਤੀਆਂ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਰਿਪੋਰਟ ਹਰਚੰਦ ਭਿੰਡਰ ਨੇ ਪੇਸ਼ ਕੀਤੀ। ਇਸ ਮੀਟਿੰਗ ਵਿੱਚ ਸਾਂਬਾ ਸਿਵਾ ਰਾਓ ਹਿਊਮਨਿਸਟ (ਐਮ ਵੀ ਵੀ ਤੇਲੰਗਾਨਾ), ਮੈਡਮ ਬਸੰਤੀ ਅਚਾਰੀਆ (ਹਿਊਮਨਿਸਟ ਰੈਸ਼ਨੇਲਿਸਟ ਔਰਗੇਨਾਇਜੇਸ਼ਨ ਉੜੀਸਾ)- ਇਰਿੰਗਲ ਕ੍ਰਿਸ਼ਨਨ (ਕੇ ਵਾਈ ਐਸ ਕੇਰਲਾ)- ਮੋਹਨ (ਰੈਸ਼ਨੇਲਿਸਟ ਫੋਰਮ ਤਾਮਿਲਨਾਡੂ)- ਹਰਚੰਦ ਭਿੰਡਰ (ਤਰਕਸ਼ੀਲ ਸੁਸਾਇਟੀ ਪੰਜਾਬ)- ਐਮ ਐਨ ਬੁੱਧਾ (ਨਾਸਤਿਕ ਸੁਸਾਇਟੀ ਆਂਧਰਾ ਪ੍ਰਦੇਸ)- ਸ਼ੁਕਮਾਰਨ ਧਨੁਵਾਚਪੁਰਨ (ਏ.ਟੀ. ਕੋਵੂਰ ਟਰੱਸਟ ਕੇਰਲਾ)- ਵੈਂਕਟਸੁਬਈਆ (ਆਂਧਰਾ ਪ੍ਰਦੇਸ ਤਰਕਸ਼ੀਲ ਸੰਘ)- ਐਚ ਆਰ ਸਵਾਮੀ- ਡਾ. ਸੁਦੇਸ਼ ਘੋੜੇਰਾਓ (ਮਹਾਂਰਾਸ਼ਟਰ ਅੰਧ ਸਰਧਾ ਨਿਰਮੂਲਨ ਸੰਮਤੀ, ਮਹਾਂਰਾਸ਼ਟਰ) ਅਤੇ ਡਾ. ਨਰਿੰਦਰ ਨਾਇਕ ਆਦਿ ਮੁੱਖ ਤੌਰ ’ਤੇ ਹਾਜ਼ਰ ਸਨ। ਮੀਟਿੰਗ ਦੇ ਅੰਤ ਵਿੱਚ ਹੇਠ ਲਿਖੇ ਮਤੇ ਪਾਸ ਕੀਤੇ ਗਏ;

1. ਸਰਕਾਰ ਦੁਆਰਾ ਬਹੁਤ ਸਾਰੀਆਂ ਸੰਸਥਾਵਾਂ ਵਿੱਚ ਸਕਾਲਰਸਿੱਪ ਦੇ ਫੰਡ ਰੋਕੇ ਗਏ ਹਨ। F.I.R.A. ਇਸ ਦਾ ਵਿਰੋਧ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਹ ਫੰਡ ਬਿਨ੍ਹਾਂ ਦੇਰੀ ਦੇ ਸ਼ੁਰੂ ਕੀਤੇ ਜਾਣ। 2. ਸਰਕਾਰ ਧਾਰਮਿਕ ਸਥਾਨਾਂ ਨੂੰ ਵਿੱਤੀ ਮਦਦ ਦੇਣ ਦੀ ਦੁਰਵਰਤੋਂ ਬੰਦ ਕਰੇ। 3. ਸਰਕਾਰ ਨੂੰ ਉਹਨਾਂ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਜਿਹੜੇ ਸੰਵਿਧਾਨ ਦੇ ਆਰਟੀਕਲ 51 ਏ (ਐਚ) ਦੇ ਤਹਿਤ ਵਿਗਿਆਨ ਦਾ ਪ੍ਰਸਾਰ ਤੇ ਪ੍ਰਚਾਰ ਕਰਦੇ ਹਨ।

ਹਰਚੰਦ ਭਿੰਡਰ

ਇਕਾਈ ਰੂਪ ਨਗਰ (ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ) :

1. **16.12.23** : ਬਲਵੀਰ ਸਿੰਘ ਖੈਰਾਬਾਦ, ਇਕਾਈ ਮੁਖੀ ਅਸ਼ੋਕ ਕੁਮਾਰ, ਹਰਨੇਕ ਚੱਕ ਕਰਮਾਂ, ਹਰਵਿੰਦਰ ਸੁਖਰਾਮਪੁਰੀ

ਸਥਾਨ:- ਸਰਕਾਰੀ ਸੀ. ਸੈ. ਸਕੂਲ, ਭਗਵੰਤ ਪੁਰ

ਸਹਿਯੋਗ: ਪ੍ਰਿੰਸੀਪਲ ਕਿਰਨਦੀਪ ਕੌਰ ਅਤੇ ਮੈਡਮ ਅਮਰਦੀਪ

ਸਮਾਗਮ : ਤਕਰੀਬਨ ਇਕ ਘੰਟਾ ਚੱਲੇ ਪ੍ਰੋਗਰਾਮ ਦੌਰਾਨ 66 ਵਿਦਿਆਰਥੀਆਂ ਨੂੰ ਇਨਾਮ, ਸਨਮਾਨ ਤੇ ਪਾਰਟੀਸਪੇਸ਼ਨ ਸਰਟੀਫਿਕੇਟ ਵੰਡੇ ਅਤੇ ਪਾਖੰਡਵਾਦ, ਵਹਿਮਾਂ ਭਰਮਾਂ ਤੋਂ

ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ । ਸਰਕਾਰੀ ਹਾਈ ਸਕੂਲ ਬਲਮਗੜ੍ਹ ਮਦਵਾੜਾ ਵਿਖੇ ਵੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪਾਰਟੀਸਪੇਸ਼ਨ ਸਰਟੀਫਿਕੇਟ ਵੰਡੇ ਗਏ।

ਸਾਹਿਤ ਵੈਨ ਨੂੰ ਇਕਾਈ ਮੈਂਬਰ ਅਸ਼ੋਕ ਕੁਮਾਰ ਪੁਰਖਾਲੀ ਦੀ ਦੁਕਾਨ ਅਤੇ ਪੁਰਖਾਲੀ ਬੱਸ ਅੱਡੇ ਵਿੱਚ ਖੜ੍ਹਾ ਕੀਤਾ ਜਿਸ ਨੂੰ ਲੋਕਾਂ ਨੇ ਭਰਵਾਂ ਸਹਿਯੋਗ ਕੀਤਾ।

2. **17.12.23** : ਸ਼ਹੀਦੀ ਜੋੜ ਦਿਵਸ ’ਤੇ ਸਾਹਿਤ ਵੈਨ ਦੀ ਪ੍ਰਦਰਸ਼ਨੀ। ਸਾਹਿਤ ਵੈਨ ਨੂੰ ਵੇਰਕਾ ਹੈਡ ਵਰਕਸ ’ਤੇ ਵੀ ਖੜ੍ਹਾ ਕੀਤਾ।

ਹਾਜਰ ਮੈਂਬਰ : ਇਕਾਈ ਮੁਖੀ ਅਸ਼ੋਕ ਕੁਮਾਰ, ਹਰਨੇਕ ਚੱਕ ਕਰਮਾ, ਅਮਰਨਾਥ, ਮਾਸਟਰ ਪਰਵਿੰਦਰ, ਕਰਮਜੀਤ, ਬਲਵੀਰ ਖੈਰਾਬਾਦ, ਹਰਵਿੰਦਰ ਸੁਖਰਾਮਪੁਰੀ

3. **18.12.23** : ਇਕਾਈ ਰੂਪਨਗਰ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਵਿਖੇ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਅਤੇ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਸਨਮਾਨ ਅਤੇ ਪਾਰਟੀਸਪੇਸਨ ਸਰਟੀਫਿਕੇਟ ਵੰਡੇ ਗਏ। ਪ੍ਰਿੰਸੀਪਲ ਜਤਿੰਦਰ ਕੌਰ ਅਤੇ ਮਾਸਟਰ ਪਰਵਿੰਦਰ ਜੀ ਨੇ ਟੀਮ ਮੈਂਬਰਾਂ ਦਾ ਭਰਵਾਂ ਸਵਾਗਤ ਕੀਤਾ। ਸਰਕਾਰੀ ਹਾਈ ਸਕੂਲ ਬੜਵਾ ਅਤੇ ਸੀਨੀਅਰ ਸੈਕੰਡਰੀ ਸਕੂਲ ਧਮਾਣਾ ਵਿਖੇ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਅਤੇ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਮਾਸਟਰ ਅਰਪਣ ਕੁਮਾਰ ਜੀ ਨੇ ਟੀਮ ਦਾ ਭਰਵਾਂ ਸਵਾਗਤ ਕੀਤਾ।

4. **23.12.23** : ਸੀਨੀਅਰ ਸੈਕੰਡਰੀ ਸਕੂਲ ਭਰਤਗੜ੍ਹ ਵਿਖੇ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਸਨਮਾਨ ਅਤੇ ਪਾਰਟੀਸਪੇਸ਼ਨ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ। ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਭਰੋਸਾ ਦਿੱਤਾ ਕਿ ਅਗਲੇ ਸੈਸ਼ਨ ਵਿੱਚ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਐਂਟਰੀ ਕਰਵਾਈ ਜਾਵੇਗੀ।

5. **25.12.23** : ਸੀਨੀਅਰ ਸੈਕੰਡਰੀ ਸਕੂਲ ਟਿੱਬਾ ਟੱਪਰੀਆਂ ਵਿਖੇ ਸੱਤ ਰੋਜਾ ਸਪੈਸਲ ਕੈਂਪ ਵਿੱਚ ਵਿਦਿਆਰਥੀਆਂ ਨਾਲ “ਤਰਕਸ਼ੀਲ ਨਜਰੀਆ ਕੀ ਹੈ ਅਤੇ ਵਿਗਿਆਨ” ਵਿਸ਼ੇ ’ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਆਗੂ ਅਜੀਤ ਪ੍ਰਦੇਸੀ ਨੇ ਮੈਜਿਕ ਟ੍ਰਿਕਸ ਪੇਸ਼ ਕੀਤੇ। ਪ੍ਰੋਫੈਸਰ ਰਾਜ ਕੁਮਾਰ ਨੇ ਟੀਮ ਦਾ ਸਵਾਗਤ ਕੀਤਾ। **ਟੀਮ** :- ਇਕਾਈ ਮੁਖੀ ਅਸ਼ੋਕ ਕੁਮਾਰ, ਅਜੀਤ ਪ੍ਰਦੇਸੀ, ਹਰਨੇਕ ਚੱਕ ਕਰਮਾਂ, ਮਾਸਟਰ ਪਰਵਿੰਦਰ ਜੀ, ਦਵਿੰਦਰ ਸਰਥਲੀ।

6. **7.2.24** : ਇਕਾਈ ਮੁਖੀ ਅਸ਼ੋਕ ਕੁਮਾਰ, ਸੂਬਾ ਆਗੂ ਅਜੀਤ ਪ੍ਰਦੇਸੀ ਦੀ ਅਗਵਾਈ ਹੇਠ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਹੀਦ ਭਗਤ ਸਿੰਘ ਚੌਂਕ (ਬੇਲਾ ਚੌਂਕ) ਰੂਪਨਗਰ ਵਿਖੇ ਤਰਕਸ਼ੀਲ, ਬੁੱਧੀ ਜੀਵੀਆਂ, ਪੱਤਰਕਾਰਾਂ, ਲੇਖਕ ਉੱਤੇ ਧਾਰਾ 295 ਅਤੇ ਧਾਰਾ 295 ਏ ਅਧੀਨ ਦਰਜ ਕੀਤੇ ਝੂਠੇ ਕੇਸਾਂ ਨੂੰ ਰੱਦ ਕਰਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਵਿੱਚ ਹਾਜਰ ਸਾਥੀ : ਹਰਨੇਕ ਚੱਕ ਕਰਮਾਂ, ਅਮਰਨਾਥ, ਮਾ: ਪਰਵਿੰਦਰ, ਗੁਰਜੀਤ, ਗੁਰਦੇਵ ਬਾਗੀ, ਪ੍ਰਤਾਪ ਰਾਣਾ, ਇਕਬਾਲ ਬੇਲਾ।

7. **08/02/2024** : ਸਰਕਾਰੀ ਹਾਈ ਸਕੂਲ ਕੋਟਲਾ ਨਿਹੰਗ ਵਿਖੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

8. **09/02/2024** : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੋਧੀ ਮਾਜਰਾ ਰੋਪੜ ਵਿਖੇ ਵਿਦਿਆਰਥੀਆਂ ਨੂੰ ਇਨਾਮ ਸਨਮਾਨ ਅਤੇ ਪਾਰਟੀਸਪੇਸ਼ਨ ਸਰਟੀਫਿਕੇਟ ਵੰਡੇ ਗਏ। ਤਰਕਸ਼ੀਲ ਟੀਮ –ਅਜੀਤ ਪ੍ਰਦੇਸੀ, ਅਸ਼ੋਕ ਕੁਮਾਰ, ਗੁਰਜੀਤ ਫਾਰਮਰ

ਇਕਾਈ ਫਗਵਾੜਾ

ਜ਼ੋਨ ਜਲੰਧਰ ਦੇ ਫੈਸਲੇ ਅਨੁਸਾਰ ਫਗਵਾੜਾ ਇਕਾਈ ਦੇ ਮੈਂਬਰਾਂ ਨੇ ਜ਼ੋਨ ਵਲੋਂ ਛਪਵਾਇਆ ਲੀਫਲੈਟ, ਜਿਸ ਵਿੱਚ ਪੰਜਾਬ ਦੇ ਲੋਕਾਂ ਦੇ ਮਸਲੇ ਅਤੇ ਦੇਸ਼ ਦੇ ਹਾਕਮਾਂ ਦੇ ਕੋਝੇ ਮਨਸੂਬਿਆਂ ਦਾ ਜਿਕਰ ਕੀਤਾ ਗਿਆ ਸੀ, ਅਜਿਹੇ ਹਾਲਾਤ ਵਿੱਚ ਸਾਡੇ ਕਰਨ ਵਾਲੇ ਕਾਰਜਾਂ ਦਾ ਵੀ ਜਿਕਰ ਕੀਤਾ ਹੈ। 1000 ਦੀ ਗਿਣਤੀ ਵਿੱਚ ਇਲਾਕੇ ਦੇ ਪਿੰਡਾਂ ਅਤੇ ਸ਼ਹਿਰ ਦੇ ਮਹੱਲਿਆਂ ਵਿੱਚ ਘਰ ਘਰ ਜਾ ਕੇ ਵੰਡਿਆ ਗਿਆ ।ਇਹ ਲੀਫਲੈਟ ਪਿੰਡ ਪੱਦੀ ਜਗੀਰ, ਇੰਦਣਾ, ਦੁਸਾਂਝ ਕਲਾਂ, ਕੋਟ ਗਰੇਵਾਲ, ਚੱਕ ਦੇਸ਼ ਰਾਜ, ਕਾਂਸ਼ੀ ਨਗਰ, ਹਰਦਾਸਪੁਰ ਅਤੇ ਫਗਵਾੜਾ ਸ਼ਹਿਰ ਦੇ ਗੁਰੂ ਤੇਗ ਬਹਾਦਰ ਨਗਰ, ਚਾਹਲ ਨਗਰ, ਸ਼ਹੀਦ ਭਗਤ ਸਿੰਘ ਨਗਰ ਤੇ ਉਂਕਾਰ ਨਗਰ ਮੁਹੱਲਿਆਂ ਵਿੱਚ ਟੋਲੀਆਂ ਬਣਾ ਕੇ ਵੰਡਿਆ ਗਿਆ! ਇਸ ਮੁਹਿੰਮ ਵਿੱਚ ਸਾਥੀ ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਬਲਵਿੰਦਰ ਪਰੀਤ, ਸੁਰਿੰਦਰਪਾਲ ਪੱਦੀ, ਸੁਰਿੰਦਰ ਪਾਲ ਦੁਸਾਂਝ, ਮਹਿੰਦਰਪਾਲ ਇੰਦਣਾ, ਅਸ਼ੋਕ ਕੁਮਾਰ ਕੋਟ ਗਰੇਵਾਲ, ਅਵਿਨਾਸ਼ , ਗਿਆਨ ਚੰਦ ਹੈਡਮਾਸਟਰ ਅਤੇ ਕੁਲਵੰਤ ਸਿੰਘ ਜੀ ਆਦਿ ਮੈਂਬਰਾਂ ਨੇ ਜਿੰਮੇਵਾਰੀ ਨਿਭਾਈ!

ਭਾਰਤ ਬੰਦ ਵਿੱਚ ਸ਼ਮੂਲੀਅਤ

ਭਾਰਤ ਬੰਦ ਦੇ ਸੱਦੇ ’ਤੇ ਫਗਵਾੜਾ ਇਕਾਈ ਦੀ ਪਹਿਲ ਕਦਮੀ ਨਾਲ ਇੱਥੇ ਟਾਊਨ ਹਾਲ ਵਿਖੇ ਜਨਤਕ ਤੇ ਜਮਹੂਰੀ

ਜਥੇਬੰਦੀਆਂ ਨੇ ਰੈਲੀ ਕੀਤੀ! ਜਿਸ ਵਿਚ ਬੁਲਾਰਿਆਂ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਉਨਾਂ ਦੇ ਸ਼ੰਘਰਸ ਨੂੰ ਨਾਦਰਸ਼ਾਹੀ ਢੰਗ ਨਾਲ ਕੁਚਲਣ ਲਈ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਅਤੇ ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਕਾਨੂੰਨ ਰੱਦ ਕਰਕੇ ਉਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਮੰਗ ਵੀ ਕੀਤੀ। ਇਸ ਰੈਲੀ ਨੂੰ ਸੁਸਾਇਟੀ ਆਗੂ ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਸੁਰਿੰਦਰਪਾਲ ਪੱਦੀ, ਆਧਿਆਪਕ ਆਗੂ ਗੁਰਮੁੱਖ ਸਿੰਘ, ਭੈਣ ਕੁਲਵਿੰਦਰ ਕੌਰ, ਕਰਨੈਲ ਸਿੰਘ ਸੰਧੂ, ਹੰਸ ਰਾਜ ਬੰਗੜ, ਬਲਬੀਰ ਸਿੰਘ ਦੁਸਾਂਝ, ਕਾ. ਪਰਵੀਨ ਕੁਮਾਰ, ਸੁਰਿੰਦਰਪਾਲ ਟੀ .ਐਸ . ਜੂ ਅਤੇ ਕੁਲਦੀਪ ਕੌੜਾ ਜੀ ਨੇ ਸੰਬੋਧਨ ਕੀਤਾ। ਬਾਆਦ ਵਿੱਚ ਸ਼ਹਿਰ ਵਿਚ ਵਿਸ਼ਾਲ ਮਾਰਚ ਕੀਤਾ। ਇਸ ਮਾਰਚ ਵਿੱਚ ਕੁਲਵੰਤ ਸਿੰਘ ਬਾਸੀ, ਅਵਿਨਾਸ਼, ਬਲਵਿੰਦਰ ਪਰੀਤ, ਗਿਆਨ ਚੰਦ, ਡਾ.ਜਸਕਰਨ ਸਿੰਘ, ਤਰਸੇਮ ਲਾਲ ਅਤੇ ਮਹਿੰਦਰਪਾਲ ਇੰਦਣਾ ਸੁਸਾਇਟੀ ਮੈਂਬਰ ਸ਼ਾਮਲ ਸਨ।

- ਸੁਖਦੇਵ ਫਗਵਾੜਾ

ਮਾਘੀ ਮੇਲੇ 'ਤੇ ਤਿੰਨ ਰੋਜ਼ਾ ਤਰਕਸ਼ੀਲ ਨਾਟ ਉਤਸਵ

ਮੁਕਤਸਰ ਫਾਜਲਿਕਾ ਜ਼ੋਨ ਅਧੀਨ ਆਉਂਦੀਆਂ ਇਕਾਈਆਂ ਫਾਜਲਿਕਾ, ਅਬੋਹਰ, ਗੁਰੂਹਰਸਹਾਏ ਤੇ ਮੁਕਤਸਰ ਲੱਖੇਵਾਲੀ ਦੀ ਪਹਿਲਕਦਮੀ ਤੇ 25 ਵਾਂ ਨਾਟ ਮੇਲਾ 14, 15, 16 ਜਨਵਰੀ 2024 ਨੂੰ ਸ਼੍ਰੀ ਮੁਕਤਸਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿੱਚ ਤਿੰਨ ਦਿਨ ਮਾਨਵਤਾ ਕਲਾ ਮੰਚ ਨਗਰ, ਮੰਚ ਰੰਗ ਮੰਚ ਅੰਮ੍ਰਿਤਸਰ ਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਦੀਆਂ ਨਾਟਕ ਟੀਮਾਂ ਨੇ ਵੱਖ ਵੱਖ ਨਾਟਕਾਂ ਦਾ ਮੰਚਨ ਕੀਤਾ। ਨਗਰ ਦੀ ਨਾਟਕ ਟੀਮ ਨੇ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਕੋਰਿਓਗ੍ਰਾਫੀਆਂ ਤੇ ਚਿੜੀਆਂ ਦਾ ਚੰਬਾ ਨਾਟਕ ਨਾਲ ਸਮਾਂ ਬੰਨ੍ਹਿਆ। ਗੁਰਸ਼ਰਨ ਸਿੰਘ ਦਾ ਲਿਖਿਆ ਨਾਟਕ ਧਮਕ ਨਗਾਰੇ ਦੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਉੱਤਮ ਅਦਾਕਾਰੀ ਤੇ ਨਿਰਦੇਸ਼ਨਾ ਦੇ ਸੁਮੇਲ ਵਾਲਾ ਇਹ ਨਾਟਕ ਦੁੱਲੇ ਭੱਟੀ ਦੀ ਵਿਰਾਸਤ ਨੂੰ ਜਿਉਂਦਿਆਂ ਰੱਖਣ ਦਾ ਹੋਕਾ ਦੇ ਗਿਆ। ਮੰਚ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੇਲੀਆਂ ਨੂੰ ਸੰਬੋਧਨ ਕੀਤਾ। ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਦੇ ਜਨਰਲ ਸਕੱਤਰ ਬਲਦੇਵ ਰਹਿਪਾ ਵੀ ਪੰਡਾਲ ਵਿੱਚ ਜੁੜੇ ਦਰਸ਼ਕਾਂ ਨੂੰ ਸੰਬੋਧਨ ਹੋਏ। ਉਨ੍ਹਾਂ ਦੇਸ਼ ਵਿਦੇਸ਼ ਵਿੱਚ ਵਿਗਿਆਨਕ ਚੇਤਨਾ ਦੇ ਪਸਾਰ ਨੂੰ ਚੰਗੇਰੇ ਭਵਿੱਖ ਦੀ ਲੋੜ ਆਖਿਆ। ਮੇਲੇ ਵਿੱਚ ਤਿੰਨੇ ਦਿਨ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਦੀ ਅਗਵਾਈ ਵਿਚ ਲੋਕ ਪੱਖੀ ਗੀਤਾਂ ਤੇ ਬੋਲੀਆਂ ਦਾ ਰੰਗ ਬਿਖੇਰਿਆ। ਨਾਲ਼ ਹੀ ਸੁਖਦੇਵ ਮਲੂਕਪੁਰੀ ਨੇ ਜਾਦੂ ਕਲਾ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦਿਆਂ ਜਾਦੂ ਮੰਤਰ ਬਾਰੇ ਫੈਲਾਏ ਗਏ ਭਰਮ ਭੁਲੇਖੇ ਵੀ ਦੂਰ ਕੀਤੇ। ਮੇਲੇ ਦੀ ਸਫ਼ਲਤਾ ਲਈ ਪ੍ਰਵੀਨ ਜੰਡਵਾਲਾ, ਕੁਲਜੀਤ ਡੰਗਰ ਖੇੜਾ, ਬਲਦੇਵ ਸਿੰਘ ਲੱਧੂ ਵਾਲਾ, ਵਿਨੋਦ ਬਾਰੇਕਾ, ਗੁਰਮੀਤ ਭਲਵਾਨ ਖੋਖਰ, ਬੂਟਾ ਸਿੰਘ ਵਾਕਫ਼, ਪਰਮਿੰਦਰ ਖੋਖਰ, ਭੁਪਿੰਦਰ ਵੜਿੰਗ, ਤਜਿੰਦਰ ਸਿੰਘ, ਕੇ.ਸੀ. ਰੁਪਾਣਾ ਤੋਂ ਇਲਾਵਾ ਡੈਮੋਕ੍ਰੈਟਿਕ ਟੀਚਰਜ਼ ਫਰੰਟ ਤੇ ਬੀ.ਕੇ.ਯੂ (ਏਕਤਾ ਉਗਰਾਹਾਂ) ਨੇ ਵੀ ਭਰਵਾਂ ਸਹਿਯੋਗ ਦਿੱਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਤੇ ਕੁਲਜੀਤ ਡੰਗਰ ਖੇੜਾ ਨੇ ਨਿਭਾਈ। **ਮਾਸਟਰ ਕੁਲਜੀਤ, ਡੰਗਰ ਖੇੜਾ**

ਪੰਨਾ 33 ਦਾ ਬਾਕੀ

ਤੁਸੀਂ ਇਹਨਾਂ ਹੀ ਕਹਿੰਦੇ ਹੋ ਤਾਂ ਅਸੀਂ ਲਾਜਮੀ ਡਾਕਟਰ ਨੂੰ ਦਿਖਾ ਲੈਂਦੇ ਹਾਂ। ਤਾਂ ਮੈਂ ਉਹਨਾਂ ਨੂੰ ਪੀਜੀਆਈ ਘਾਬਦਾ ਜਾ ਕੇ ਦਿਖਾਉਣ ਲਈ ਮਨਾ ਲਿਆ। ਬੱਚੀ ਚਾਰ ਕੁ ਦਿਨ ਬਾਅਦ ਸਕੂਲ ਆਈ ਤਾਂ ਪਤਾ ਲੱਗਿਆ ਕਿ ਉਸ ਦਾ ਸ਼ੂਗਰ ਲੈਵਲ ਘੱਟ ਜਾਂਦਾ ਸੀ। ਘਰ ਵਿੱਚ ਜਾ ਕੇ ਬੱਚੀ ਜਿਆਦਾ ਸਮਾਂ ਲੰਬੀ ਪਈ ਰਹਿੰਦੀ ਸੀ ਜਿਸ ਕਾਰਨ ਉਸ ਦੇ ਦਿਮਾਗ ਨੂੰ ਖ਼ੂਨ ਦੀ ਸਪਲਾਈ ਸਹੀ ਮਿਲਦੀ ਰਹਿੰਦੀ ਸੀ ਪਰ ਜਦੋਂ ਉਹ ਸਕੂਲ ਵਿੱਚ ਆ ਕੇ ਬੈਂਚ 'ਤੇ ਬਹਿੰਦੀ ਸੀ ਤਾਂ ਸਮਾਂ ਬੀਤਣ ਬਾਅਦ ਦਿਮਾਗ ਨੂੰ ਖ਼ੂਨ ਦੀ ਸਪਲਾਈ ਦਾ ਪੱਧਰ ਘੱਟਦਾ ਸੀ। ਜਿਸ ਦੇ ਸਿੱਟੇ ਵਜੋਂ ਉਹ ਚੱਕਰ ਆ ਕੇ ਨੀਚੇ ਗਿਰ ਜਾਂਦੀ ਸੀ । ਜਦੋਂ ਦੁਬਾਰਾ ਖ਼ੂਨ ਦਾ ਵਹਾਅ ਦਿਮਾਗ ਵੱਲ ਹੁੰਦਾ ਤਾਂ ਉਹ ਤ੍ਰਭਕ ਕੇ ਉੱਠ ਜਾਂਦੀ ਅਤੇ ਡਰੇ ਹੋਏ ਹੋਣ ਵਾਂਗ ਵਰਤਾਓ ਕਰਦੀ ਸੀ। ਸਮੇਂ ਸਿਰ ਬੱਚੀ ਦੀ ਸਮੱਸਿਆ ਦਾ ਹੱਲ ਮਿਲਣ ਕਾਰਨ ਉਸ ਦੇ ਮਾਪਿਆਂ ਦੇ ਦਿਮਾਗ ਦਾ ਬੋਝ ਵੀ ਹਲਕਾ ਹੋ ਗਿਆ ਸੀ। ਡਾਕਟਰ ਨੇ ਬੱਚੀ ਨੂੰ ਖਾਣ-ਪੀਣ ਸਬੰਧੀ ਕੁੱਝ ਸਲਾਹਾਂ ਦਿੱਤੀਆਂ ਕਿ ਅਜਿਹਾ ਕਰਨ ਨਾਲ ਉਸ ਦਾ ਸ਼ੂਗਰ ਲੈਵਲ ਨੀਚੇ ਨਹੀਂ ਜਾਵੇਗਾ ਅਤੇ ਉਸਨੂੰ ਚੱਕਰ ਨਹੀਂ ਆਉਣਗੇ। ਇਹ ਵੀ ਕਿਹਾ ਕਿ ਦਵਾਈ ਵੀ ਕੁੱਝ ਮਹੀਨੇ ਖਾਣੀ ਪਵੇਗੀ। ਸਾਰੀ ਗੱਲ ਸਾਹਮਣੇ ਆਉਣ 'ਤੇ ਸਾਰਾ ਸਟਾਫ ਇਕ ਜੇਤੂ ਮੁਸਕਾਨ ਚਿਹਰੇ 'ਤੇ ਸਜਾਈ ਖੜਾ ਸੀ । ਮੈਂ ਅਫਵਾਹਾਂ ਫੈਲਾਉਣ ਵਾਲੀਆਂ ਬੀਬੀਆਂ ਨੂੰ ਸਮਝਾ ਰਿਹਾ ਸੀ ਕਿ ਤੁਹਾਡੇ ਵੱਲੋਂ ਸੁਣਾਈਆਂ ਗਈਆਂ 'ਦੰਦ ਕਥਾਵਾਂ' ਲੋਕਾਂ ਨੂੰ ਵਹਿਮਾਂ ਵਿੱਚ ਪਾਕੇ ਗਲਤ ਰਸਤੇ 'ਤੇ ਤੋਰ ਦਿੰਦੀਆਂ ਹਨ ਜਿਸ ਕਰਕੇ ਕਈ ਵਾਰੀ ਉਹ ਆਪਣੇ ਪਿਆਰਿਆਂ ਨੂੰ ਸਦਾ ਲਈ ਖੋ ਬਹਿੰਦੇ ਹਨ। **9023290500**

ਜਨਤਕ ਜਮਹੂਰੀ ਜਥੇਬੰਦੀਆਂ ਨੇ 295 ਏ ਅਤੇ ਝੂਠੇ ਕੇਸਾਂ ਨੂੰ ਰੱਦ ਕਰਾਉਣ ਲਈ ਕਨਵੈਨਸ਼ਨ ਕਰਕੇ ਮੁਜ਼ਾਹਰਾ ਕੀਤਾ

'ਆਪ ਕੀ ਸਰਕਾਰ, ਆਪ ਦੇ ਦੁਆਰ' ਦੇ ਰਾਜ ਵਿਚ ਡਿਪਟੀ ਕਮਿਸ਼ਨਰ ਅਤੇ ਐੱਸ. ਡੀ. ਐੱਮ. ਦੀ ਗੈਰਹਾਜਰੀ ਉੱਪਰ ਸਖ਼ਤ ਰੋਸ ਪ੍ਰਗਟਾ ਕੇ ਜਥੇਬੰਦੀਆਂ ਨੇ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਦੇ ਨਾਂ ਦਿੱਤਾ ਮੰਗ ਪੱਤਰ ਅਤੇ ਧਰਮ ਨੂੰ ਸਿਆਸਤ ਤੋਂ ਵੱਖ ਕਰਨ ਦੀ ਕੀਤੀ ਮੰਗ

ਜਲੰਧਰ ਵਿਖੇ 27 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ 295 ਏ ਅਤੇ ਹੋਰ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਮੇਟੀ ਦੇ ਸੱਦੇ 'ਤੇ ਪੰਜਾਬ ਦੀਆਂ ਜਮਹੂਰੀ, ਤਰਕਸ਼ੀਲ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਕਲਾਕਾਰਾਂ, ਲੇਖਕਾਂ ਦੀਆਂ ਤਿੰਨ ਦਰਜਨ ਜਥੇਬੰਦੀਆਂ ਵੱਲੋਂ ਸਾਂਝੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ, ਹੋਰ ਕਿਸਾਨਾਂ, ਅੱਜ ਦੇ ਦਿਨ ਸ਼ਹੀਦ ਹੋਏ ਛੇ ਬੱਬਰ ਅਕਾਲੀਆਂ ਅਤੇ ਚੰਦਰਸ਼ੇਖ਼ਰ ਆਜ਼ਾਦ ਨੂੰ ਦੋ ਮਿੰਟ ਦਾ ਮੋਨ ਰੱਖਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਬੁਲਾਰਿਆਂ ਪ੍ਰੋਫੈਸਰ ਜਗਮੋਹਣ ਸਿੰਘ, ਰਾਜਿੰਦਰ ਭਦੌੜ, ਅਮੋਲਕ ਸਿੰਘ, ਡਾ. ਪਰਮਿੰਦਰ ਸਿੰਘ, ਪ੍ਰਿਤਪਾਲ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਮਾਨਵ, ਅਮਰੀਕ ਸਿੰਘ, ਸੁਰਿੰਦਰ ਸਿੰਘ, ਐਡਵੋਕੇਟ ਦਲਜੀਤ ਸਿੰਘ, ਹਰਮੇਸ਼ ਮਾਲੜੀ, ਅੰਗਰੇਜ਼ ਸਿੰਘ, ਸੁਖਪਾਲ ਸਿੰਘ ਖਿਆਲੀਵਾਲਾ, ਸੁਖਦਰਸ਼ਨ ਨੱਤ, ਅਸ਼ੋਕ ਭਾਰਤੀ, ਬਲਵੀਰ ਲੌਂਗੋਵਾਲ, ਰਾਮ ਸਵਰਨ ਆਜ਼ਾਦ, ਸੁਖਦੇਵ ਭੂੰਦੜੀ, ਸੁਰਿੰਦਰਪ੍ਰੀਤ ਘਣੀਆਂ, ਧੰਨਾਮੱਲ ਗੋਇਲ, ਧਰਮਪਾਲ, ਗੁਰਮੀਤ ਜੱਜ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਰਾਮਮੰਦਰ ਦੇ ਉਦਘਾਟਨ ਦੇ ਸਮੇਂ ਮਹਿਜ਼ ਆਲੋਚਨਾ ਕਰਦੀਆਂ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ 295 ਏ/295 ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਪਰਚੇ ਦਰਜ ਕਰਨੇ ਅਤੇ ਬਿਨਾਂ ਜਾਂਚ ਗ੍ਰਿਫ਼ਤਾਰੀਆਂ ਕਰਨਾ ਨਾ ਸਿਰਫ਼ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਾ ਹੈ ਸਗੋਂ ਇਹ ਫਿਰਕਾਪ੍ਰਸਤ ਤਾਕਤਾਂ ਦੇ ਦਬਾਅ ਹੇਠ ਆ ਕੇ ਅਤੇ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਕੇ ਪੁਲਿਸ ਵੱਲੋਂ ਕੀਤੀ ਕਾਰਵਾਈ ਵੀ ਹੈ। ਬੁਲਾਰਿਆਂ ਨੇ ਕਿਹਾ ਕਿ ਕੱਟੜ ਅਤੇ ਸੌੜੀ ਸੋਚ ਵਾਲੀਆਂ ਤਾਕਤਾਂ ਉਸਾਰੂ ਆਲੋਚਨਾ ਉੱਪਰ ਸੰਵਾਦ ਰਚਾਉਣ ਦੀ ਬਜਾਏ ਮਾਮੂਲੀ ਸਵਾਲਾਂ ਨੂੰ ਆਧਾਰ ਬਣਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਮੁੱਦੇ ਖੜ੍ਹੇ ਕਰ ਰਹੀਆਂ ਹਨ ਅਤੇ ਕੇਸ ਦਰਜ ਕਰਵਾ ਰਹੀਆਂ ਹਨ। ਜਦਕਿ ਤਰਕਸ਼ੀਲ ਅਤੇ ਹੋਰ ਸੂਝਵਾਨ ਵਿਅਕਤੀ ਸੰਵਿਧਾਨ ਦੇ ਆਰਟੀਕਲ 51ਏ(ਐਚ) ਵਿਚ ਦਰਜ ਵਿਗਿਆਨਕ ਟੈਂਪਰ, ਮਾਨਵਤਾਵਾਦ ਅਤੇ ਸਵਾਲ ਕਰਨ ਦਾ ਮਾਹੌਲ ਸਿਰਜਣ ਤੇ ਵਿਕਸਤ ਕਰਨ ਦੇ ਨਾਗਰਿਕਾਂ ਦੇ ਮੂਲ ਫਰਜ਼ ਅਨੁਸਾਰ ਕੰਮ ਕਰ ਰਹੇ ਹਨ ਅਤੇ ਆਮ ਲੋਕਾਂ ਨੂੰ ਧਰਮਨਿਰਲੇਪ ਤੇ ਵਿਗਿਆਨਕ ਸੋਚ ਅਪਨਾਉਣ ਅਤੇ ਧਾਰਮਿਕ ਆਸਥਾ ਦੇ ਨਾਂ 'ਤੇ ਫਿਰਕੇਦਾਰਾਨਾ ਨਫ਼ਰਤ ਫੈਲਾਉਣ ਵਾਲੀਆਂ ਤਾਕਤਾਂ ਤੋਂ ਬਚਣ ਲਈ ਜਾਗਰੂਕ ਕਰ ਰਹੇ ਹਨ। ਪੁਲਿਸ ਸ਼ਿਕਾਇਤ ਕਰਤਾਵਾਂ ਦੇ ਦਾਅਵਿਆਂ ਦੇ ਤੱਥਾਂ ਦੀ ਜਾਂਚ ਕੀਤੇ ਬਿਨਾਂ ਹੀ 295ਏ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਰਹੀ ਹੈ ਜੋ ਨਾਗਰਿਕਾਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕ ਦੇ ਖ਼ਿਲਾਫ਼ ਬੇਹੱਦ ਖ਼ਤਰਨਾਕ ਰੁਝਾਨ ਹੈ। ਉਨ੍ਹਾਂ ਕਿਹਾ ਕਿ ਵਿਗਿਆਨ, ਤਰੱਕੀ ਅਤੇ ਜਮਹੂਰੀ ਮੁੱਲਾਂ ਦੇ ਯੁਗ ਵਿਚ ਅਜਿਹੀਆਂ ਸੌੜੇ ਹਿਤਾਂ ਤੋਂ ਪ੍ਰੇਰਿਤ ਸ਼ਿਕਾਇਤਾਂ ਨੂੰ ਇਕਤਰਫ਼ਾ ਸੱਚ ਮੰਨਕੇ ਬੇਬੁਨਿਆਦ ਕੇਸ ਦਰਜ ਕਰਨ ਦਾ ਇਹ ਗੈਰਜਮਹੂਰੀ ਰੁਝਾਨ ਤੁਰੰਤ ਬੰਦ ਹੋਣਾ ਚਾਹੀਦਾ ਹੈ। ਅਤੇ ਧਾਰਾ 295 ਏ ਉੱਪਰ ਤੁਰੰਤ ਰੋਕ ਲਗਾਈ ਜਾਣੀ ਚਾਹੀਦੀ ਹੈ। ਲੋਕ ਜਥੇਬੰਦੀਆਂ ਇਸ ਜਬਰ ਦਾ ਡੱਟਕੇ ਵਿਰੋਧ ਕਰਨੀਆਂ। ਬੁਲਾਰਿਆਂ ਨੇ ਮੁੱਖ ਮੰਤਰੀ ਵੱਲੋਂ ਸੰਘਰਸ਼ ਕਮੇਟੀ ਨੂੰ ਝੂਠੇ ਕੇਸਾਂ ਬਾਰੇ ਮਿਲਣ ਲਈ ਸਮਾਂ ਨਾ ਦੇਣ ਅਤੇ ਮੌਕੇ ਉੱਪਰ ਡਿਪਟੀ ਕਮਿਸ਼ਨਰ ਅਤੇ ਐੱਸ. ਡੀ. ਐੱਮ. ਪੱਧਰ ਦਾ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਨਾ ਹੋਣ ਦੀ ਸਖ਼ਤ ਨਿਖੇਧੀ ਕੀਤੀ। ਕਨਵੈਨਸ਼ਨ ਉਪਰੰਤ ਸ਼ਹਿਰ ਵਿਚ ਮੁਜ਼ਾਹਰੇ ਕਰਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ-ਪੱਤਰ ਦਿੱਤਾ ਗਿਆ। ਮੰਗ-ਪੱਤਰ ਅਤੇ ਕਨਵੈਨਸ਼ਨ ਵਿਚ ਪਾਸ ਕੀਤੇ ਮਤਿਆਂ ਵਿਚ ਧਰਮ ਦੀ ਸਿਆਸਤ ਲਈ ਵਰਤੋਂ ਬੰਦ ਕਰਨ, ਪੰਜਾਬ ਵਿਚ ਸੁਰਜੀਤ ਦੌਧਰ, ਭੁਪਿੰਦਰ ਫੌਜੀ, ਸ਼ਾਇਨਾ, ਇਕਬਾਲ ਧਨੌਲਾ ਅਤੇ ਦਵਿੰਦਰ ਰਾਣਾ ਵਿਰੁੱਧ ਦਰਜ 295 ਏ ਦੇ ਪਰਚੇ ਰੱਦ ਕਰਨ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਘੱਟਗਿਣਤੀਆਂ ਦੇ ਧਾਰਮਿਕ ਸਥਾਨਾਂ 'ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਫਿਰਕਾਪ੍ਰਸਤ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ, ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾ

ਕਰਨ, ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਨੂੰ ਰਿਹਾ ਕਰਨ, ਧਰਮ ਦੇ ਨਾਂ 'ਤੇ ਝੂਠੇ ਪਰਚੇ ਦਰਜ ਕਰਾਉਣ ਅਤੇ ਫਿਰਕੂ ਮਾਹੌਲ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਜਾਣਕਾਰੀ ਅਤੇ ਆਪਾ ਪ੍ਰਗਟਾਵੇ ਦੇ ਹੱਕ ਦਾ ਘਾਣ ਕਰਨ ਵਾਲੇ ਟੈਲੀਗ੍ਰਾਫ਼ ਐਕਟ 2023 ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਗਈ ਕਿ ਸ਼ੰਭੂ ਅਤੇ ਖ਼ਨੌਰੀ ਬਾਰਡਰਾਂ ਉੱਪਰ ਅੰਦੋਲਨਕਾਰੀ ਕਿਸਾਨਾਂ ਵਿਰੁੱਧ ਘਾਤਕ ਹਥਿਆਰ ਵਰਤਣ, ਬੇਤਹਾਸ਼ਾ ਜਬਰ ਢਾਹੁਣ ਅਤੇ ਇਕ ਨੌਜਵਾਨ ਕਿਸਾਨ ਦੀ ਹੱਤਿਆ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਤਲ ਅਤੇ ਹੋਰ ਢੁੱਕਵੀਂਆਂ ਧਾਰਾਵਾਂ ਲਗਾ ਕੇ ਕੇਸ ਦਰਜ ਕੀਤੇ ਜਾਣ ਅਤੇ ਅੰਦੋਲਨਕਾਰੀ ਕਿਸਾਨਾਂ ਦੇ ਦਿੱਲੀ ਜਾਣ ਉੱਪਰ ਲਾਈਆਂ ਤਾਨਾਸ਼ਾਹ ਰੋਕਾਂ ਤੁਰੰਤ ਹਟਾਈਆਂ ਜਾਣ। ਇਸ ਮੌਕੇ ਸੁਰਿੰਦਰ ਕੁਮਾਰੀ ਕੁਮਾਰੀ ਕੋਛੜ, ਕੇਸਰ, ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਬਲਦੇਵ ਰਹਿਪਾ ਅਤੇ ਹੋਰ ਬਹੁਤ ਸਾਰੀਆਂ ਜਮਹੂਰੀ ਤੇ ਅਗਾਂਹਵਧੂ ਸ਼ਖ਼ਸੀਅਤਾਂ ਹਾਜ਼ਰ ਸਨ। ਕਨਵੈਨਸ਼ਨ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਪਲਸ ਮੰਚ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ, ਬੀ.ਕੇ.ਯੂ. (ਡਕੌਂਦਾ-ਧਨੇਰ), ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕਾਰਖ਼ਾਨਾ ਮਜ਼ਦੂਰ ਯੂਨੀਅਨ, ਟੈਕਸਟਾਈਲ ਹੌਜ਼ਰੀ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ, ਪੀਐਸਯੂ (ਲਲਕਾਰ), ਪੰਜਾਬ ਕਿਸਾਨ ਯੂਨੀਅਨ, ਡੈਮੋਕਰੇਟਿਕ ਟੀਚਰਜ਼ ਫਰੰਟ, ਆਰਸੀਐੱਫ ਇੰਪਲਾਈਜ਼ ਯੂਨੀਅਨ (ਰੇਲਕੋਚ ਫੈਕਟਰੀ ਕਪੂਰਥਲਾ), ਪੰਜਾਬ ਖੇਤ ਮਜ਼ਦੂਰ ਯੂਨੀਅਨ, , ਬੀਕੇਯੂ (ਕ੍ਰਾਂਤੀਕਾਰੀ), ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ,ਇਨਕਲਾਬੀ ਮਜ਼ਦੂਰ ਕੇਂਦਰ,ਤਰਕਸ਼ੀਲ ਸੁਸਾਇਟੀ ਕੈਨੇਡਾ, ਰੈਡੀਕਲ ਪੀਪਲਜ਼ ਫੋਰਮ, ਏਕਟੂ, ਜਮਹੂਰੀ ਅਧਿਕਾਰ ਸਭਾ (ਹਰਿਆਣਾ), ਸ਼ਹੀਦ ਭਗਤ ਸਿੰਘ ਵਿਚਾਰ ਮੰਚ (ਲੁਧਿਆਣਾ), ਲੋਕ ਮੋਰਚਾ ਆਦਿ ਜਥੇਬੰਦੀਆਂ ਨੇ ਹਿੱਸਾ ਲਿਆ।

ਜਾਰੀ ਕਰਤਾ: ਪ੍ਰੋਫੈਸਰ ਜਗਮੋਹਣ ਸਿੰਘ, ਰਾਜਿੰਦਰ ਭਦੌੜ

ਪਦਾਰਥ ਤੋਂ ਬਿਨ੍ਹਾਂ ਚੇਤਨਾ ਦੀ ਕਲਪਨਾ ਕਰਨਾ ਹੀ ਅਸੰਭਵ ਹੈ। ਜੇ ਸੰਵੇਦਨਾ ਦੀ ਹੋਂਦ ਪਦਾਰਥ ਤੋਂ ਬਿਨ੍ਹਾਂ ਹੈ ਤਾਂ ਸੋਚ ਦੀ ਹੋਂਦ ਦਿਮਾਗ ਤੋਂ ਬਿਨ੍ਹਾਂ ਹੈ – ਇਹ ਦਿਮਾਗਹੀਣ ਫ਼ਲਸਫ਼ਾ ਹੈ। **ਲੈਨਿਨ**

ਸਫਾ 37 ਦਾ ਬਾਕੀ

ਮਾਨਤਾਵਾਂ ਦੀ ਰਾਖੀ ਕਰਨ। ਧਰਮ ਨੂੰ ਅੰਧਵਿਸ਼ਵਾਸ਼ ਅਤੇ ਫ਼ਿਰਕੂ ਨਫ਼ਰਤ ਫੈਲਾਉਣ ਲਈ ਵਰਤਕੇ ਆਪਣੇ ਰਾਜ ਦੀ ਉਮਰ ਲੰਮੀ ਕਰਨ ਹਿੱਤ ਦੇਸ਼ ਵਿੱਚ ਮਨੁੱਖਤਾ ਦਾ ਖ਼ੂਨ ਤਾਂ ਵਹਾਇਆ ਜਾ ਸਕਦਾ ਹੈ, ਪਰ ਕਦੀ ਵੀ ਦੇਸ਼ ਨੂੰ ਆਤਮ ਨਿਰਭਰ ਨਹੀਂ ਬਣਾਇਆ ਜਾ ਸਕਦਾ। ਹੁਣ ਦੇਸ਼ ਦੀ ਜਨਤਾ ਨੇ ਵੇਖਣਾ ਹੈ ਕਿ ਅਜਿਹੇ ਹਾਲਾਤਾਂ ਵਿੱਚ ਵਿਗਿਆਨਕ ਵਿਚਾਰਾਂ ਵੱਲ ਮੋੜਾ ਕੱਟਕੇ ਆਤਮ ਨਿਰਭਰਤਾ ਵੱਲ ਵਧਣਾ ਹੈ ਜਾਂ ਅੰਧਵਿਸ਼ਵਾਸ਼ੀ ਅਤੇ ਫ਼ਿਰਕੂ ਨਫਰਤ ਫੈਲਾਉਣ ਵਾਲਿਆਂ ਵਾਲੀ ਨਿਰਭਰਤਾ ਵੱਲ ?

ਵਰਤ

ਮਨਦੀਪ ਔਲਖ

ਮੈਂ ਅਕਸਰ ਦੁਪਹਿਰ ਦੀ ਰੋਟੀ ਖੁੰਝ ਜਾਂਦੀ ਹਾਂ
ਕਦੇ ਕਦੇ ਬ੍ਰੇਕਫਾਸਟ ਵੀ ਨਹੀਂ ਹੁੰਦਾ
ਲੰਚ ਵੀ ਨਹੀਂ
ਡਿਨਰ ਤੋਂ ਕਾਫੀ ਪਹਿਲਾਂ ਖਾਧੀ ਮੈਗੀ
ਭੁੱਖ ਮਾਰ ਦਿੰਦੀ ਹੈ
ਪਰ ਮੈਨੂੰ ਕੋਈ ਰੋਸ ਨਹੀਂ
ਖੁਦ ਚੁਣੀ ਮੈਂ ਇਹ ਜ਼ਿੰਦਗੀ
ਬੇਤਰਤੀਬੀ ਦੀ ਤਰਤੀਬ ਨਾਲ ਪਿਆਰ ਹੈ ਮੈਨੂੰ
ਨਰਾਤਿਆਂ ਦੇ ਵਰਤ ਰੱਖਦੀਆ ਔਰਤਾਂ
ਨਹੀਂ ਖਾਂਦੀਆਂ ਸਾਰਾ ਦਿਨ ਅਨਾਜ
ਬੁਝੇ ਚਿਹਰੇ ਲੈ
ਘਰ ਮੁੜਦੀਆਂ
ਤਰਤੀਬ ਭੰਗ ਹੋਣ ਤੋਂ ਡਰੀਆਂ
ਚਾਰ-ਦੀਵਾਰੀਆਂ ਵਿਚ ਕੈਦੀ ਔਰਤਾਂ
ਕੱਪੜਿਆਂ, ਗਹਿਣਿਆਂ ਦੀਆਂ ਗੁਲਾਮ
ਪਕਵਾਨਾਂ ਵਿਚ ਪਰਚੀਆਂ
ਨਾਖੁਸ਼ ਰਹਿੰਦੀਆਂ
ਕਿਉਂ ਕਿ ਆਪ ਨਹੀਂ ਚੁਣਿਆਂ ਉਨ੍ਹਾਂ
ਇਹ ਵਰਤ
ਪਰੰਪਰਾ ਨੇ ਧਰ ਦਿੱਤਾ
ਉਨ੍ਹਾਂ ਦੇ ਮੋਢੇ
ਖਾਨਦਾਨੀ ਟਰੰਕ ਵਾਂਗ
ਮੈਂ ਮੋਢੇ ਹਿਲਾ ਹਿਲਾ ਕੇ ਤੁਰਦੀ
ਗੀਤ ਗੁਣਗੁਣਾਉਂਦੀ ਹਾਂ
"ਆਜ ਫਿਰ ਜੀਨੇ ਕੀ ਤਮੰਨਾ ਹੈ"

ਖ਼ਤਰਾ ਕਿਸ ਨੂੰ ?

- ਜਸਵੰਤ ਮੋਹਾਲੀ

ਆਮ ਤੌਰ 'ਤੇ ਧਰਮ ਬਾਰੇ ਕਿਹਾ ਜਾਂਦਾ ਹੈ ਕਿ ਇਹ ਇੱਕ ਜੀਵਨ ਜਾਚ ਹੈ। ਇਤਿਹਾਸ ਵਿੱਚ ਧਰਮ ਇੱਕ ਜੀਵਨ ਜਾਚ ਦੇ ਤੌਰ 'ਤੇ ਸਥਾਪਤ ਹੋਇਆ ਹੋਵੇਗਾ। ਜੇ 1947, 84 ਤੇ 2002 ਨੂੰ ਦੇਖੀਏ ਤਾਂ ਧਰਮ ਦੰਗੇ ਕਰਾਉਣ ਵਾਲੀ 'ਜੀਵਨ ਜਾਚ' ਜਾਪਦੀ ਹੈ। ਆਮ ਹਾਲਤਾਂ ਵਿੱਚ ਸਾਰੇ ਧਰਮਾਂ ਦੇ ਲੋਕ ਆਪਸੀ ਸਾਂਝ ਨਾਲ ਰਹਿੰਦੇ ਹਨ, ਪਰ ਰਾਜਨੀਤੀ ਨੂੰ ਇਹ ਸਾਂਝ ਰਾਸ ਨਹੀਂ ਆਉਂਦੀ। ਲਗਦਾ ਹੈ ਕਿ ਇਹ ਬਹੁਤ ਸਧਾਰਨ ਜਿਹੀਆਂ ਗੱਲਾਂ ਹਨ। ਪਰ ਜੇ ਧਰਮ ਦੇ ਨਾਮ 'ਤੇ ਫੈਲੀ ਨਫ਼ਰਤ ਨੂੰ ਦੇਖੀਏ ਤਾਂ ਇਹ ਸਧਾਰਨ ਜਿਹੀਆਂ ਗੱਲਾਂ ਵੀ ਦੇਸ਼ ਦੀ ਵੱਡੀ ਗਿਣਤੀ ਨੂੰ ਸਮਝ ਵਿੱਚ ਨਹੀਂ ਆਉਂਦੀਆਂ। ਗੱਲ ਤਾਂ ਇਹ ਵੀ ਸਿੱਧੀ ਜਿਹੀ ਹੈ ਕਿ ਜਦੋਂ ਧਾਰਮਿਕ ਆਗੂ ਕਹਿੰਦੇ ਹਨ ਕਿ ਧਰਮ ਖ਼ਤਰੇ ਵਿੱਚ ਹੈ ਉਦੋਂ ਅਸਲ ਵਿੱਚ ਮਨੁੱਖਤਾ ਖ਼ਤਰੇ ਵਿੱਚ ਪੈ ਜਾਂਦੀ ਹੈ। ਸਮਝੋ ਉਦੋਂ ਕਿਸੇ ਦੀ ਕੁਰਸੀ ਖ਼ਤਰੇ ਵਿੱਚ ਹੈ। ਨਫ਼ਰਤੀ ਭਾਸ਼ਣਾਂ ਵਾਲੇ ਬੇਫ਼ਿਕਰ ਘੁੰਮਦੇ ਹਨ ਜਦ ਕਿ ਮਾਨਵਤਾ ਦਾ ਸੁਨੇਹਾ ਦੇਣ ਵਾਲਿਆਂ 'ਤੇ 295 ਦਾ ਪਰਚਾ ਹੋ ਜਾਂਦਾ ਹੈ।

ਤਰਕਸ਼ੀਲ ਸੋਚ ਵਾਲੇ ਬੰਦੇ ਨੂੰ ਪਤਾ ਹੈ ਕਿ ਜਨਮ ਸਮੇਂ ਕੋਈ ਬੱਚਾ ਧਰਮ ਦੇ ਠੱਪੇ ਨਾਲ ਪੈਦਾ ਨਹੀਂ ਹੁੰਦਾ। ਇਹ ਠੱਪਾ ਉਸਦੇ ਮਾਂ-ਬਾਪ ਅਤੇ ਸਮਾਜ ਲਾਉਂਦਾ ਹੈ। ਧਾਰਮਿਕ ਆਸਥਾਵਾਨ ਬੰਦੇ ਨਾਲ ਮਤਭੇਦ ਹੁੰਦੇ ਹੋਏ ਵੀ ਉਹ ਧਾਰਮਿਕ ਹੋਣ ਦੇ ਉਸਦੇ ਹੱਕ ਦਾ ਸਤਿਕਾਰ ਕਰਦਾ ਹੈ। ਗਣੇਸ਼ ਦੇ ਦੁੱਧ ਪੀਣ ਦੀ ਘਟਨਾ(1995) ਦੀ ਉਹ ਵਿਗਿਆਨਕ ਪੜਤਾਲ ਕਰਕੇ ਦੱਸ ਦਿੰਦਾ ਹੈ ਕਿ ਗਣੇਸ਼ ਦੀ ਮੂਰਤੀ ਦੁੱਧ ਨਹੀਂ ਪੀ ਰਹੀ ਸਗੋਂ ਇਹ ਦੁੱਧ ਤਾਂ ਨਾਲੀਆਂ ਵਿੱਚ ਜਾ ਰਿਹਾ ਹੈ। ਅਜਿਹਾ ਕਰਨ ਵਾਲੇ ਭਗਤਾਂ ਨੂੰ ਉਹ ਨਫ਼ਰਤ ਨਹੀਂ ਕਰਦਾ। ਪਰ ਉਸਨੂੰ ਅਫ਼ਸੋਸ ਹੁੰਦਾ ਹੈ ਕਿ ਹਜ਼ਾਰਾਂ ਟਨ ਦੁੱਧ ਜੋ ਬੱਚਿਆਂ ਦੇ ਪੀਣ ਦੇ ਕੰਮ ਆਉਣਾ ਸੀ ਨਾਲੀਆਂ ਵਿੱਚ ਡੋਲ੍ਹ ਦਿੱਤਾ ਗਿਆ।

ਸਾਡੇ ਸਮਾਜ ਵਿੱਚ ਉਹ ਵੀ ਹਨ ਜੋ ਧਰਮ ਦੇ ਨਾਮ 'ਤੇ ਦੇਸ਼ ਬਨਾਉਣ ਦੀਆਂ ਗੱਲਾਂ ਕਰਦੇ ਹਨ। ਇਹ ਪ੍ਰਯੋਗ ਪਾਕਿਸਤਾਨ ਕਰ ਚੁੱਕਾ ਹੈ। ਉਸਦੀ ਰੀਸ ਕਰਨ ਦੀ ਨਹੀਂ, ਸਗੋਂ ਉਸਦੀ (ਦੁਰ) ਦਸ਼ਾ ਤੋਂ ਸਬਕ ਲੈਣ ਦੀ ਲੋੜ ਹੈ। ਉੱਥੇ ਹੁਣ ਸੁਨੀ ਤੇ ਸ਼ੀਆ ਮੁਸਲਮਾਨ ਆਪਸ ਵਿੱਚ ਖ਼ੂਨੀ ਲੜਾਈ ਲੜਦੇ ਹਨ। ਸਤ੍ਹਾਰਵੀਂ ਸਦੀ ਵਿੱਚ ਯੂਰਪ ਧਰਮ ਦੇ ਨਾਮ 'ਤੇ ਲੱਖਾਂ ਨਾਗਰਿਕਾਂ ਦਾ ਖ਼ੂਨ ਵਹਾ ਚੁੱਕਾ ਹੈ। ਹੁਣ ਕੋਈ ਜੇਕਰ ਈਸਾ ਜਾਂ ਬਾਈਬਲ ਬਾਰੇ ਕੁੱਝ ਗਲਤ ਵੀ ਲਿਖਦਾ ਹੈ, ਉਹ ਭੜਕਦੇ ਨਹੀਂ ਤੇ "ਬਕਵਾਸ" ਕਹਿਕੇ ਅੱਗੇ ਲੰਘ ਜਾਂਦੇ ਹਨ। ਪਿਛਲੇ ਦੋ ਕੁ ਦਹਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਦੇਸ਼ਾਂ ਨੇ ਈਸ਼-ਨਿੰਦਾ (Blasphemy) ਖਿਲਾਫ਼ ਬਣੇ ਕਨੂੰਨ ਵਾਪਸ ਲੈ ਲਏ ਹਨ। ਕਿਉਂ ? ਕਿਉਂਕਿ ਇੱਕ ਤਾਂ ਲੰਮੇ ਸਮੇਂ ਤੋਂ ਇਨ੍ਹਾਂ ਦੇਸ਼ਾਂ ਵਿੱਚ ਇਸ ਕਨੂੰਨ ਤਹਿਤ ਕੋਈ ਕੇਸ ਦਰਜ ਨਹੀਂ ਹੋਇਆ। ਦੂਜਾ ਇਹ ਕਨੂੰਨ ਉਸ ਬੰਦੇ ਨੂੰ ਬੋਲਣ ਤੋਂ ਰੋਕਦਾ ਹੈ ਜੋ ਧਰਮ ਦੇ ਮੁਕਾਬਲੇ ਮਨੁੱਖਤਾ ਨੂੰ ਪਹਿਲ ਦਿੰਦਾ ਹੈ ਅਤੇ ਧਰਮ ਦੀ ਦਲੀਲ ਨਾਲ ਅਲੋਚਨਾ ਕਰਦਾ ਹੈ।

ਭਗਤ ਸਿੰਘ ਆਪਣੀ ਲਿਖਤ "ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਮੰਗ" ਵਿੱਚ ਧਰਮ ਬਾਰੇ ਬਹੁਤ ਸਟੀਕ ਟਿੱਪਣੀ ਕਰਦੇ ਹਨ। ਉਹ ਰੂਸੀ ਲੇਖਕ ਟਾਲਸਟਾਏ ਦੇ ਹਵਾਲੇ ਨਾਲ ਲਿਖਦੇ ਹਨ- "ਹਰ ਮਜ੍ਹਬ ਦੇ ਤਿੰਨ ਹਿੱਸੇ ਹੁੰਦੇ ਹਨ। ਪਹਿਲਾ ਹੈ ਮਜ੍ਹਬ ਦੀਆਂ ਜਰੂਰੀ ਗੱਲਾਂ ਜਿਵੇਂ ਸੱਚ ਬੋਲੋ, ਪਿਆਰ ਨਾਲ ਰਹੋ ਆਦਿ। ਇਹ ਗੱਲ ਸਭ ਧਰਮਾਂ ਵਿੱਚ ਸਾਂਝੀ ਹੈ । ਦੂਜਾ- ਧਰਮ ਦਾ ਦਰਸ਼ਨ ਯਾਨੀ ਜਨਮ, ਮੌਤ, ਪੁਨਰ ਜਨਮ, ਆਤਮਾ ਹੈ ਜਾਂ ਨਹੀਂ ਆਦਿ। ਇੱਥੇ ਧਰਮਾਂ ਵਿੱਚ ਮਤਭੇਦ ਹਨ।ਤੀਜਾ- ਧਰਮ ਦੇ ਰਸਮੋ-ਰਿਵਾਜ। ਜਿਵੇਂ ਪੂਜਾ ਕਿਵੇਂ ਕਰਨੀ ਹੈ, ਵਿਆਹ, ਜਨਮ ਦੀਆਂ ਰਸਮਾਂ ਆਦਿ। ਇੱਥੇ ਤਾਂ ਪਿੱਪਲ ਦੀ ਟਾਹਣੀ ਵੱਢਦਿਆਂ ਹੀ ਮਜ੍ਹਬ ਵਿੱਚ ਫਰਕ ਆ ਜਾਂਦਾ ਹੈ। ਜੇਕਰ ਧਰਮ, ਇਸਦੀ ਫਿਲਾਸਫ਼ੀ ਦੇ ਅੰਧਵਿਸ਼ਵਾਸ਼ਾਂ 'ਤੇ ਅੜੇ ਰਹਿਣਾ ਅਤੇ ਧਾਰਮਿਕ ਜਲੂਸ ਕੱਢਦਿਆਂ ਹਿੰਸਾ 'ਤੇ ਉੱਤਰ ਆਉਣਾ ਹੈ ਤਾਂ ਮਜ੍ਹਬ ਨੂੰ ਕੱਲ੍ਹ ਨੂੰ ਨਹੀਂ, ਅੱਜ ਹੀ ਉਡਾ ਦੇਣਾ ਚਾਹੀਦਾ ਹੈ। ਜੇਕਰ ਧਰਮ ਇਸਦੀ ਨੈਤਿਕਤਾ, ਇਸਦੀ ਫਿਲਾਸਫ਼ੀ ਦੀ ਗੱਲ ਕਰਦਿਆਂ ਦੂਜੇ ਦੀ ਗੱਲ ਸੁਨਣ ਨੂੰ ਵੀ ਪਹਿਲ ਦੇਣਾ ਅਤੇ ਰਸਮੋ ਰਿਵਾਜ ਕਰਦਿਆਂ ਇੱਕ ਆਮ ਨਾਗਰਿਕ ਦੀ ਅਜ਼ਾਦੀ ਵਿੱਚ ਖਲਲ ਨਾ ਪਾਉਣਾ ਹੈ ਤਾਂ ਮੁਬਾਰਕ ਹੋਵੇ ਮਜ੍ਹਬ। ਸਾਡੀ ਆਜ਼ਾਦੀ ਦਾ ਮਤਲਬ ਕੇਵਲ ਅੰਗਰੇਜ਼ੀ ਚੁੰਗਲ ਤੋਂ ਛੁਟਕਾਰਾ ਪਾਉਣ ਦਾ ਹੀ ਨਾਮ ਨਹੀਂ, ਉਹ ਪੂਰਨ ਆਜ਼ਾਦੀ ਦਾ ਨਾਮ ਹੈ, ਜਦੋਂ ਲੋਕੀ ਆਪਸ ਵਿੱਚ ਘੁਲ ਮਿਲ ਕੇ ਰਹਿਣਗੇ ਅਤੇ ਦਿਮਾਗੀ ਗੁਲਾਮੀ ਤੋਂ ਵੀ ਆਜਾਦ ਹੋ ਜਾਣਗੇ"।

ਭੀੜ ਕੋਲ ਕੋਈ ਸੋਚ ਨਹੀਂ ਹੁੰਦੀ,
ਜਾਂ ਤਾੜੀਆਂ ਹੁੰਦੀਆਂ ਹਨ ਜਾਂ ਪੱਥਰ

ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ 2024



ਮੁੱਖ ਵਕਤਾ ਡਾ. ਸੁਖਦੇਵ ਸਿਰਸਾ ਸੰਬੋਧਨ ਕਰਦੇ ਹੋਏ



ਉੱਘੇ ਸਮਾਜਕ ਕਾਰਕੁੰਨ ਹਿਮਾਂਸ਼ੂ ਕੁਮਾਰ ਮਨੁੱਖੀ ਹੱਕਾਂ ਤੇ ਅਜੋਕੀ ਸਥਿਤੀ ’ਤੇ ਚਰਚਾ ਕਰਦੇ ਹੋਏ



ਹਿਮਾਂਸ਼ੂ ਕੁਮਾਰ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਦੇਣ ਦੀ ਇੱਕ ਝਲਕ



ਫੈਡਰੇਸ਼ਨ ਆਫ਼ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ (ਫੀਰਾ) ਦੀ ਰਾਸ਼ਟਰੀ ਮੀਟਿੰਗ ਦਾ ਦ੍ਰਿਸ਼



ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਸੂਬਾਈ ਆਗੂ ਲੈਕਚਰਾਰ ਬਲਵੰਤ ਸਿੰਘ ਦੇ ਸਤਿਕਾਰ ਸਮਾਗਮ ਸਮੇਂ ‘ਤਰਕਸ਼ੀਲ’ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਆਪਣੇ ਸੰਬੋਧਨ ਦੌਰਾਨ

ਜਿਲਦ ਨੰ. 25 ਰਜਿ. ਨੰ. PUNPUN/2000/05393 ਅੰਕ : 2

ਪਹਿਲ ਕਦਮੀਂ : ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਵਿੱਚ ਅਤੇ ਧਾਰਾ 295 ਏ ਦੇ ਖਿਲਾਫ਼ 27 ਫਰਵਰੀ ਨੂੰ ਹੋਈ ਜਨਤਕ, ਜਮਹੂਰੀ ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ : ਪ੍ਰਮੁੱਖ ਝਲਕਾਂ



ਸੰਬੋਧਨ ਕਰਦੇ ਹੋਏ ਮਾ. ਰਾਜਿੰਦਰ ਭਦੌੜ ਅਤੇ ਪ੍ਰੋ. ਜਗਮੋਹਣ ਸਿੰਘ



ਹਾਜਰ ਵੱਖ-ਵੱਖ ਜਥੇਬੰਦੀਆਂ ਦੇ ਆਗੂ



ਕਨਵੈਨਸ਼ਨ ਵਿੱਚ ਹਾਜ਼ਰ ਇਨਸਾਫ ਪਸੰਦ ਲੋਕਾਂ ਦਾ ਉਮੜਿਆ ਇਕੱਠ



ਕਿਸਾਨ ਸੰਘਰਸ਼ ਵਿੱਚ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ ਅਤੇ ਇਸੇ ਦਿਨ ਸ਼ਹਾਦਤ ਦਾ ਜਾਮ ਪੀਣ ਵਾਲੇ ਸੱਤ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਦਿੰਦੇ ਲੋਕ



ਕਨਵੈਨਸ਼ਨ ਉਪਰੰਤ ਰੋਸ ਮੁਜ਼ਾਹਰੇ ਦੀ ਇੱਕ ਝਲਕ



ਮੰਗ-ਪੱਤਰ ਸੌਂਪਦੇ ਹੋਏ ਜਨਤਕ ਜਥੇਬੰਦੀਆਂ ਦੇ ਆਗੂ

If undelivered please return to :
Tarksheel
Tarksheel Bhawan, Tarksheel Chowk,
Sanghera ByPass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....